# ਡੱਬੂ ਸ਼ਾਸਤਰ

(ਵਿਅੰਗ)

# ਡੱਬੂ ਸ਼ਾਸਤਰ

(ਵਿਅੰਗ)

ਸਮਰਜੀਤ ਸਿੰਘ ਸ਼ਮੀ

*Houmour*

**Dabbu Shaster**
*by*
**Samarjeet Singh Shammi**
1680, L. T 3, Sector 3 Talwara Township
Distt. Hoshiarpur-144216 (Punjab)
Phone: 01883-236878
Fax: 01883-237737
Mob: 9417355724

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ

✶ ਦੋ ਗੱਲਾਂ ਕਰੀਏ 11
✶ ਮੋਟਰ ਮਿੱਤਰਾਂ ਦੀ 17
✶ ਚਾਹ ਪਾਣੀ 22
✶ ਜ਼ਮਾਨਾ ਬਦਲ ਗਿਆ 26
✶ ਮੈਨੂੰ ਵਹਿਮ ਹੈ 29
✶ ਪੁੱਤ ਜੱਟਾਂ ਦੇ 33
✶ ਮੁਲਾਜ਼ਮ ਤਾਂ ਸਾਧ ਹੁੰਦੇ ਨੇ 36
✶ ਬੁਰੀ ਨਜ਼ਰ ਵਾਲੇ 40
✶ ਫ਼ੂਕ ਦਿਆਂਗੇ ਪੁਤਲਾ ਬਣਾ ਕੇ 44
✶ ਸਿਆਣੇ ਬੰਦੇ ਦੀ ਵਿਚਾਰਗੀ 47
✶ ਕੀ ਮੈਂ ਝੂਠ ਬੋਲਿਆ ? 52
✶ ਐਵਾਰਡ 57
✶ ਚਰਚਾ 61
✶ ਡੱਬੂ ਸ਼ਾਸਤਰ 65
✶ ਨਹੀਂ ਰੀਸਾਂ ਡੀ. ਜੇ. ਦੀਆਂ 68
✶ ਕੀ ਹਾਲ ਐ ਭਾਅ ਜੀ ? 70
✶ ਜਦੋਂ ਮੈਂ ਲਾਟਰੀ ਪਾਈ 73
✶ ਪੱਤਰਕਾਰੀ ਦਾ ਕੀੜਾ 76

| | | |
|---|---|---|
| ✶ | ਮਸ਼ੀਨੀ ਗਾਇਕ | 79 |
| ✶ | ਕਿੱਸਾ ਡੱਬੂ ਦੀ ਪੂੰਛ ਦਾ | 82 |
| ✶ | ਵਿਆਹ ਦਾ ਕਾਰਡ | 84 |
| ✶ | ਗਰਮੀ ਦੇ ਰੰਗ | 86 |
| ✶ | ਅਮਲੀਨਾਮਾ | 90 |
| ✶ | ਛੁਣਕਣੇ ਵਾਲੀ ਚਾਬੀ | 93 |
| ✶ | ਜਾਣ-ਪਛਾਣ | 95 |




# ਡੱਬੂ ਸ਼ਾਸ਼ਤਰ : ਮਨਫ਼ੀ ਹੋ ਰਹੇ ਮਨੁੱਖ ਲਈ ਹਾਸਿਆਂ ਦੀ ਸਤਰੰਗੀ ਪੀਂਘ

ਮਨ ਖੁਸ਼ ਹੁੰਦਾ ਹੈ ਤਾਂ ਮਨੁੱਖ ਹੱਸਦਾ ਹੈ। ਰੂਹ ਸ਼ਰਸ਼ਾਰ ਹੁੰਦੀ ਹੈ ਤਾਂ ਮਨੁੱਖ ਅਨੰਦਤ ਹੁੰਦਾ ਹੈ। ਖੁਸ਼ੀ ਜੀਵਨ ਦਾ ਅੰਮ੍ਰਿਤ ਹੇ ਜਿਸਦੀ ਅਣਹੋਂਦ ਮਨੁੱਖ ਦੇ ਅੰਤਰ 'ਚ ਮਾਰੂਥਲ ਪੈਦਾ ਕਰ ਦਿੰਦੀ ਹੈ ਤੇ ਅਜਿਹੇ ਮਨੁੱਖ ਦੇ ਮਨ ਰੂਪੀ ਆਕਾਰ ਅਤੇ ਹਾਸਿਆਂ ਦੀ ਸਤਰੰਗੀ ਪੀਂਘ ਸ਼ਾਇਦ ਕਦੇ ਨਹੀਂ ਚੜ੍ਹਦੀ।

ਅੱਜ ਦਾ ਮਨੁੱਖ ਬਹੁਤ ਜਿਆਦਾ ਪਦਾਰਥਵਾਦੀ ਹੋਣ ਕਰਕੇ ਜੀਵਨ ਦੇ ਜੰਗਲ 'ਚ ਵਿਚਾਰਗੀ ਦੀ ਹਾਲਤ 'ਚ ਵਿਚਰ ਰਿਹਾ ਹੈ। ਪੈਸੇ ਦੀ ਦੌੜ 'ਚ ਸ਼ਾਮਿਲ ਮਨੁੱਖ ਪਾਸ ਸਮਾਂ ਨਹੀਂ ਕਿ ਉਹ ਟਹਿਕਦੇ ਫੁੱਲਾਂ ਨੂੰ ਮਸਤੀ 'ਚ ਸਿਰ ਹਿਲਾਂਦਿਆਂ ਵੇਖ ਸਕੇ। ਕਲ ਕਲ ਕਰਦੇ ਝਰਨਿਆਂ ਅਤੇ ਮਸਤੀ 'ਚ ਵਹਿੰਦੀਆਂ ਨਦੀਆਂ ਦੇ ਗੀਤ ਸੁਣ ਸਕੇ। ਪੰਛੀਆਂ ਦੇ ਬੋਲਾਂ ਦੇ ਅਰਥ ਸਮਝ ਸਕੇ। ਦੇਹੀ ਸੱਭਿਆਚਾਰ ਨੇ ਮਨੁੱਖ ਨੂੰ ਮਨ ਦੀ ਅਸਲੀ ਖੁਸ਼ੀ ਤੋਂ ਵਿਰਵਾ ਕਰ ਦਿੱਤਾ ਹੈ। ਉਹ ਕੁਦਰਤ ਤੋਂ ਦੂਰ ਹੋ ਕੇ ਖੁਸ਼ੀ ਵਿਹੂਣਾ ਫਿਰ ਰਿਹਾ ਹੈ। ਅੱਜ ਦਾ ਮਨੁੱਖ ਗੈਰ ਕੁਦਰਤੀ ਵਰਤਾਰੇ ਕਰਕੇ ਮਨਫ਼ੀ ਹੋ ਰਿਹਾ ਹੈ। ਪੈਸਾ ਜਮ੍ਹਾਂ ਹੋ ਰਿਹਾ ਹੈ ਅਤੇ ਖੁਸ਼ੀ ਖਾਰਜ ਹੋ ਰਹੀ ਹੈ। ਇਹ ਅੱਜ ਦੇ ਮਨੁੱਖ ਦੀ ਤਰਾਸਦੀ ਹੈ ਕਿ ਉਹ ਕੁਦਰਤੀ ਰੂਪ 'ਚ ਹੱਸਣਾ ਭੁੱਲ ਗਿਆ ਹੈ।

ਨੌਜਵਾਨ ਲੇਖਕ ਸਮਰਜੀਤ ਸਿੰਘ ਸ਼ਮੀ ਨੇ ਆਪਣੀ ਕਲਮ ਰਾਹੀਂ ਖੁਸ਼ੀਆਂ ਤੋਂ ਵਿਰਵੇ ਹੋ ਰਹੇ ਅੱਜ ਦੇ ਮਨੁੱਖ ਵਾਸਤੇ ਯਥਾਰਥ ਤੇ ਅਧਾਰਤ ਹਾਸਿਆਂ ਦੀ ਫੁਲਝੜੀ ਤਿਆਰ ਕੀਤੀ ਹੈ ਜਿਸ ਦਾ ਨਾਂ ਉਸਨੇ ਰੱਖਿਆ ਹੈ 'ਡੱਬੂ ਸ਼ਾਸ਼ਤਰ'। ਇਸ 'ਡੱਬੂ ਸ਼ਾਸ਼ਤਰ' ਨਾਮੀ ਪਲੇਠੀ ਪੁਸਤਕ ਦੇ ਲੇਖਾਂ ਨਾਲ ਲੇਖਕ ਪਾਠਕਾਂ ਦੇ ਰੂਬਰੂ

ਇਸ ਆਸ ਨਾਲ ਹੋਇਆ ਜਾਪਦਾ ਹੈ ਕਿ ਇਹ ਕ੍ਰਿਤਾਂ ਪੜ੍ਹਨ ਉਪਰੰਤ ਉਨ੍ਹਾਂ ਦੇ ਮਨ ਰੂਪੀ ਆਕਾਸ਼ ਤੇ ਹਾਸਿਆਂ ਦੀ ਸਤਰੰਗੀ ਪੀਂਘ ਚੜ੍ਹੇ ਅਤੇ ਇਹ ਸਤਰੰਗੀ ਪੀਂਘ ਫ਼ਿਰ ਕਦੇ ਨਾ ਉਤਰੇ।

ਹੱਥਲੀ ਪੁਸਤਕ ਵਿਚਲੀਆਂ ਕ੍ਰਿਤਾਂ ਤੇ ਸਰਸਰੀ ਨਜ਼ਰ ਮਾਰਦਿਆਂ ਜਾਪਦਾ ਹੈ ਕਿ ਲੇਖਕ ਨੇ ਕਟਾਖ਼ਸ਼ ਤੇ ਅਧਾਰਤ ਚਿੰਨ੍ਹਾਤਮਕ ਵਿਧਾ ਰਾਹੀਂ ਮਨੁੱਖ ਦੇ ਮਨ ਦੀ ਅਤੇ ਸਮਾਜ ਦੀਆਂ ਥੋਥੀਆਂ ਕਦਰਾਂ ਕੀਮਤਾਂ ਦੀ ਚੀਰਫ਼ਾੜ ਕਰਦਿਆਂ ਪਾਠਕ ਨੂੰ ਹੱਸਣ ਤੇ ਸੋਚਣ ਲਈ ਸਮੱਗਰੀ ਪੇਸ਼ ਕੀਤੀ ਹੈ। ਜਦੋਂ ਮੈਂ ਕਾਲਜ ਪੜ੍ਹਿਆ ਕਰਦਾ ਸਾਂ ਤਾਂ ਮੈਨੂੰ ਹਾਸਰਸ ਦੇ ਉੱਘੇ ਲੇਖਕ ਡਾ ਗੁਰਨਾਮ ਸਿੰਘ ਤੀਰ ਦੀ ਪੁਸਤਕ 'ਮੈਨੂੰ ਮੈਥੋਂ ਬਚਾਓ' ਪੜ੍ਹਨ ਦਾ ਮੌਕਾ ਮਿਲਿਆ ਸੀ। ਜਦੋਂ ਅਸੀਂ ਚਾਰ ਪੰਜ ਦੋਸਤ ਵਿਹਲੇ ਪਲਾਂ 'ਚ ਇਸ ਪੁਸਤਕ ਵਿਚਲੀਆਂ ਕ੍ਰਿਤਾਂ ਨੂੰ ਵਾਰੋ ਵਾਰੀ ਪੜ੍ਹਦੇ ਤਾਂ ਹੱਸਦਿਆਂ ਹੱਸਦਿਆਂ ਢਿੱਡੀਂ ਪੀੜਾਂ ਪੈ ਜਾਂਦੀਆਂ। ਸ਼ਮੀ ਦੀ ਪੁਸਤਕ 'ਡੱਬੂ ਸ਼ਾਸ਼ਤਰ' ਪੜ੍ਹ ਕੇ ਵੀ ਅਜਿਹਾ ਹੀ ਮਹਿਸੂਸ ਹੁੰਦਾ ਹੈ।

ਲੇਖਕ 'ਦੋ ਗੱਲਾਂ ਕਰੀਏ' ਕ੍ਰਿਤ ਵਿਚ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਅੱਜ ਦਾ ਮਨੁੱਖ ਅੰਤਰਮੁਖੀ ਹੋ ਕੇ ਜੀਵਨ ਦੇ ਖੁੱਲ੍ਹਪਣ ਤੋਂ ਵਿਰਵਾ ਹੋ ਰਿਹਾ ਹੈ ਅਤੇ ਨੀਰਸਤਾ ਵੱਲ ਵਧ ਰਿਹਾ ਹੈ। 'ਚਾਹ ਪਾਣੀ' ਸਮਾਜ 'ਚ ਫ਼ੈਲੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਦਾ ਹੈ ਅਤੇ 'ਜ਼ਮਾਨਾ ਬਦਲ ਗਿਆ' 'ਚ ਬਦਲਦੇ ਸਮਾਜਿਕ ਮਾਪਦੰਡਾਂ ਅਤੇ ਸਰੋਕਾਰਾਂ ਵੱਲ ਇਸ਼ਾਰਾ ਕਰਦਾ ਹੈ। ਸਰਕਾਰ ਤੇ ਮੁਲਾਜ਼ਮਾਂ ਦੇ ਸਬੰਧਾਂ ਨੂੰ ਸਹੀ ਚਿਤਰਦਾ ਹੈ 'ਮੁਲਾਜਮ ਤਾਂ ਸਾਧ ਹੁੰਦੇ ਨੇ'। 'ਬੁਰੀ ਨਜ਼ਰ' ਵਹਿਮਾਂ ਭਰਮਾਂ ਤੇ ਕਟਾਖ਼ਸ਼ ਹੈ ਅਤੇ ਮਨੁੱਖ ਨੂੰ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਦਾ ਹੈ। 'ਫ਼ੂਕ ਦਿਆਂਗੇ ਪੁਤਲਾ ਬਣਾ ਕੇ' ਵਿਚ ਲੇਖਕ ਜਬਰਦਸਤ ਢੰਗ ਨਾਲ ਸੰਦੇਸ਼ ਦਿੰਦਾ ਹੈ ਕਿ ਮਸਲੇ ਖੜ੍ਹੇ ਹੀ ਰਹਿੰਦੇ ਹਨ, ਕੇਵਲ ਪੁਤਲੇ ਸਾੜੇ ਜਾਂਦੇ ਹਨ। ਇਸੇ ਤਰਾਂ 'ਚਰਚਾ' ਗਰੀਬਾਂ ਨਾਲ ਹੋ ਰਹੇ ਮਜ਼ਾਕ ਦੀ ਗਾਥਾ ਪੇਸ਼ ਕਰਦਾ ਹੈ। 'ਕੀ ਮੈਂ ਝੂਠ ਬੋਲਿਆ ?' ਜੋਤਿਸ਼ ਦੇ ਪਾਜ ਨੂੰ ਉਘਾੜਦਾ ਜਾਪਦਾ ਹੈ। ਸਮਾਜਿਕ ਅਤੇ ਰਾਜਨੀਤਿਕ ਥੋਥਪਣ ਤੇ ਹਾਸਰਸ ਨਾਲ ਭਰਪੂਰ ਇਨ੍ਹਾਂ ਸਮੁੱਚੇ ਲੇਖਾਂ ਰਾਹੀਂ ਸ਼ਮੀ ਬੜੀ ਦਲੇਰੀ



ਨਾਲ ਕਹਿੰਦਾ ਹੈ 'ਡੱਬੂ ਸ਼ਾਸ਼ਤਰ ਜਿੰਦਾਬਾਦ!' ਉਹ ਸਮਾਜ ਨੂੰ ਸ਼ੀਸ਼ਾ ਵਿਖਾਉਂਦਾ ਪਾਠਕ ਨੂੰ ਹੱਸਣ ਤੇ ਸੋਚਣ ਲਈ ਮਜਬੂਰ ਕਰਦਾ ਹੈ। ਇਹ ਹੀ ਉਸਦੇ ਚਿੰਤਨ ਤੇ ਸ਼ੈਲੀ ਦਾ ਨਿਵੇਕਲਾਪਣ ਹੈ।

ਮੈਂ ਸਮਰਜੀਤ ਸਿੰਘ ਸ਼ਮੀ ਦੀ ਇਸ ਪਲੇਠੀ ਪੁਸਤਕ ਨੂੰ ਖੁਸ਼ਆਮਦੀਦ ਆਖਦਾ ਹੋਇਆ ਉਸਦੀ ਕਲਮ ਤੋਂ ਭਵਿੱਖ ਵਿਚ ਅਜਿਹੀਆਂ ਹੋਰ ਕ੍ਰਿਤਾਂ ਲਈ ਆਸਵੰਦ ਹਾਂ।

**ਪ੍ਰੋ. ਬੀ. ਐੱਸ. ਬੱਲੀ**

ਜਿਲ੍ਹਾ ਲੋਕ ਸੰਪਰਕ ਅਫ਼ਸਰ

ਸ਼ਹੀਦ ਭਗਤ ਸਿੰਘ ਨਗਰ।

# ਦੋ ਗੱਲਾਂ ਕਰੀਏ

'ਸਾਹਬ ਦੀ ਅਗਾੜੀ ਤੇ ਘੋੜੇ ਦੀ ਪਛਾੜੀ ਕਦੇ ਭੁੱਲ ਕੇ ਨਾ ਖੜ੍ਹੋ।' ਇਹ ਸਿੱਖਿਆ ਦਿੰਦੇ ਹਨ ਬਾਬੂ ਤਬਕੇ ਦੇ ਉਹ ਸਭ ਹੰਢੇ ਹੋਏ ਲੋਕ, ਜਿਹਨਾਂ ਨੇ ਦਫ਼ਤਰੀ ਪ੍ਰਬੰਧਾਂ ਦੀ ਛਕੜਾ ਗੱਡੀ ਦਾ ਭਰਪੂਰ ਸਫ਼ਰ ਕੀਤਾ।'ਛਕੜਾ' ਇਸ ਲਈ ਕਿਉਂਕਿ ਇਸ ਪ੍ਰਬੰਧ 'ਚ ਲੱਦੇ ਫ਼ਾਈਲਾਂ ਦੇ ਲਦਾਣ ਨੂੰ ਅਗਾਂਹ-ਪਿਛਾਂਹ ਤੋਰਨ ਲਈ ਧੱਕਾ ਲਾਉਣਾ ਪੈਂਦਾ ਹੈ, ਕਦੇ ਨੋਟਾਂ ਦਾ ਤੇ ਕਦੇ ਵੋਟਾਂ ਦਾ ... ! ਆਮ ਲੋਕਾਂ ਸਾਹਮਣੇ ਦੁਸ਼ਹਿਰੇ ਦੇ ਪੁਤਲਿਆਂ ਵਾਂਗ ਛਾਤੀ-ਧੌਣ ਫ਼ੁਲਾ ਕੇ ਤੇ ਚੀਨ ਦੀ ਦੀਵਾਰ ਵਾਂਗ ਅੜਨ ਵਾਲੇ ਕੜਕ ਤੋਂ ਕੜਕ 'ਸਾਹਬ' ਵੀ ਆਪਣੇ ਲੀਡਰ ਦੇ 'ਹੁਕਮ' ਰੂਪੀ ਅਗਨ-ਬਾਣ ਸਾਹਮਣੇ ਧੂੰਆਂ-ਰਾਖ ਹੋ ਜਾਂਦੇ ਹਨ। ਦੀਵਾਰਾਂ, ਅੜਚਨਾਂ ਝਟ ਦੂਰ ਹੋ ਜਾਂਦੀਆਂ ਹਨ। ਇਸੇ ਲਈ ਬਾਬੂ ਲੋਕਾਂ ਦੀ ਹਰ ਸਿੱਖਿਆ ਸਮਾਜ ਲਈ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ। ਸੋ, ਅਜਿਹੇ ਫ਼ਲਸਫ਼ੇ ਬਾਰੇ ਦੋ ਗੱਲਾਂ ਕਰ ਲੈਣਾ ਕਈ ਵਾਰੀ ਸਿਹਤ, ਧਨ ਅਤੇ ਸਮੇਂ ਲਈ ਕਾਫ਼ੀ ਲਾਭਦਾਇਕ ਹੋ ਸਕਦਾ ਹੈ।

ਦਫ਼ਤਰੀ ਮਸ਼ੀਨਰੀ ਤੋਂ ਅਨਜਾਣ ਆਮ ਲੋਕ ਕਈ ਵਾਰ ਪੁੱਛ ਲੈਂਦੇ ਹਨ ਕਿ ਯਾਰ ਆਪਣੀ ਕੌਮੀ ਟੀਮ ਵਿਚ ਫ਼ੋਸੜ ਜਿਹੇ ਖਿਡਾਰੀਆਂ ਦੀ ਥਾਂ ਅਸਲੀ ਖਿਡਾਰੀ ਅੱਗੇ ਕਿਉਂ ਨਹੀਂ ਆਉਂਦੇ ? ਅਜਿਹੇ ਭੋਲੇ ਪਾਤਸ਼ਾਹਾਂ ਨੂੰ ਸ਼ਾਇਦ ਨਹੀਂ ਪਤਾ ਕਿ ਜਿਹਨਾਂ ਨੂੰ ਉਹ 'ਫ਼ੋਸੜ' ਤੇ 'ਨਿਕੰਮੇ' ਆਖਦੇ ਹਨ, ਉਹੀ ਤਾਂ ਅਸਲੀ ਖਿਡਾਰੀ ਹਨ। ਉਹਨਾਂ ਕੋਲ ਹੀ ਤਾਂ ਮਨਪਸੰਦ ਟੀਮ ਵਿਚ ਖੇਡਣ ਲਈ ਸਾਰੇ ਦਾਅ ਪੇਚ ਹੁੰਦੇ ਹਨ। ਤੇ ਜਿਹਨਾਂ ਕੋਲ ਇਹ ਅਸ਼ਤਰ-ਸ਼ਸਤਰ ਹੋਣ ਉਹਨਾਂ ਨੂੰ ਖੇਡ ਦੇ ਮੈਦਾਨ ਵਿਚ ਜਾ ਕੇ ਖ਼ੂਨ ਫੂਕਣ ਦੀ ਕੀ ਲੋੜ ਹੈ ? ਉਹ ਤਾਂ ਉਂਝ ਹੀ ਆਪਣਾ ਸ਼ੌਕ ਪੂਰਾ ਕਰਨ ਖਾਤਿਰ ਟੀਮ ਵਿਚ ਜਾਂਦੇ ਹਨ।

ਇਹ ਲੋਕਤੰਤਰ ਹੈ। ਇਥੇ ਵੱਧ ਵੋਟਾਂ ਵਾਲਾ ਡੱਬੂ ਬਾਜ਼ੀ ਲੈ ਜਾਂਦਾ ਹੈ। ਉਹ ਚੰਮ ਦੀਆਂ ਚਲਾ ਜਾਂਦਾ ਹੈ। ਅਰਬੀ ਘੋੜੇ ਵਿਚਾਰੇ ਖੇਤਾਂ ਵਿਚ ਦੁੜੰਗੇ ਲਾਉਣ ਜੋਗੇ ਹੀ ਰਹਿ ਜਾਂਦੇ ਹਨ ਜਾਂ ਫ਼ਿਰ ਉਹ ਕੋਈ ਅਣਚਾਹੇ ਭਾਰ ਨੂੰ ਢੋਂਦਿਆਂ ਜੂਨ ਕੱਟ ਜਾਂਦੇ ਹਨ। ਕਹਾਵਤਾਂ ਬਣਾਉਣ ਵਾਲੇ ਵੀ ਆਖ ਗਏ ਸਨ ਕਿ 'ਜਿਸਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ'। ਹਾਲਾਂਕਿ ਹੁਣ ਹਾਲਤ ਅਲੱਗ ਹੈ, ਭਾਵ

'ਜਿਸਦੀ ਝੋਲੀ ਵੋਟ, ਉਹੀ ਸਾਂਭੇ ਨੋਟ!' ਬੰਦਾ ਕਮਲਾ ਹੈ ਜਾਂ ਸਿਆਣਾ, ਕਿਸਨੂੰ ਪਰਵਾਹ ਹੈ?

ਆਮ ਲੋਕਾਂ ਨੂੰ ਸਮਝਾਉਣ ਖਾਤਿਰ ਬਾਜਾਰ ਵਿੱਚ ਅਕਬਰ ਬੀਰਬਲ ਦੇ ਅਨੇਕਾਂ ਕਿੱਸੇ ਪ੍ਰਚਲਤ ਹਨ। ਇਹ ਕਿੱਸੇ ਸੱਚੇ ਹਨ ਜਾਂ ਝੂਠੇ, ਰੱਬ ਜਾਣੇ। ਇਹਨਾਂ ਕਿੱਸਿਆਂ ਦੀ ਤਰਜ਼ ਤੇ ਆਪਣੇ ਮੁਲਕ ਦੇ ਕਈ ਲੀਡਰਾਂ ਦੇ ਕਿੱਸੇ ਵੀ ਮਸ਼ਹੂਰ ਹਨ। ਇਹਨਾਂ ਚੋਂ ਇੱਕ ਲਾਲੂ ਯਾਦਵ ਵਾਲਾ ਕਿੱਸਾ ਚੇਤੇ ਆਉਂਦਾ ਹੈ। ਇਕ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ ਨੇ ਭਾਰਤ ਯਾਤਰਾ ਕੀਤੀ। ਇਸ ਦੌਰਾਨ ਉਹ ਇਥੇ ਕਈ ਰਾਜਾਂ ਦੇ ਪਿੰਡਾਂ ਵਿਚ ਵੀ ਗਏ। ਬਿਹਾਰ ਦੀ ਹਾਲਤ ਉਹਨਾਂ ਨੂੰ ਬੜੀ ਤਰਸਯੋਗ ਲੱਗੀ। ਇੱਕ ਪ੍ਰੈੱਸ ਕਾਨਫਰੰਸ ਦੌਰਾਨ ਉਹਨਾਂ ਬਿਹਾਰ ਦੀ ਹਾਲਤ ਬਿਆਨ ਕਰਦਿਆਂ ਟਿੱਪਣੀ ਕੀਤੀ ਕਿ ਜੇਕਰ ਕਿਤੇ ਇਸ ਬਿਹਾਰ ਦਾ ਪ੍ਰਬੰਧ ਮੇਰੇ ਕੋਲ ਹੋਵੇ ਤਾਂ ਮੈਂ ਇਸਨੂੰ ਇਕ ਸਾਲ ਵਿਚ ਹੀ ਅਮਰੀਕਾ ਬਣਾ ਸਕਦਾ ਹਾਂ। ਪੱਤਰਕਾਰ ਇਸ ਚਟਪਟੀ ਖ਼ਬਰ ਉਤੇ ਪ੍ਰਤੀਕਰਮ ਲੈਣ ਲਈ ਲਾਲੂ ਹੁਰਾਂ ਕੋਲ ਗਏ, ਤਾਂ ਲਾਲੂ ਝੱਟ ਆਪਣੇ ਅੰਦਾਜ਼ ਵਿਚ ਬੋਲੇ, 'ਇਸਮੇਂ ਕੌਨੋ ਬੜੀ ਬਾਤ ਹੈ, ਬਿਲ ਕਲਿੰਟਨ ਏਕ ਸਾਲ ਕੀ ਬਾਤ ਕਰਤੇ ਹੈਂ, ਅਰੇ ਵੋ ਮੁਝੇ ਏਕ ਮਹੀਨੇ ਕੇ ਲੀਏ ਅਮੈਰਕਾ ਦੇਂ, ਹਮ ਉਸੇ ਬਿਹਾਰ ਬਨਾ ਦੂੰਗਾ!'

ਉਂਝ 'ਤਰੱਕੀ' ਕਰਨ ਵਿਚ ਆਪਣੇ ਲੀਡਰ ਇੱਕ ਦੂਜੇ ਤੋਂ ਵਧ ਕੇ ਮਿਹਨਤ ਕਰਦੇ ਹਨ। ਚੋਣ ਲੜਨਾ ਕਈਆਂ ਲਈ ਜਾਂ ਬਹੁਤਿਆਂ ਲਈ ਹੁਣ ਲੋਕ ਸੇਵਾ ਨਹੀਂ, 'ਟੱਬਰ ਸੇਵਾ' ਹੈ, ਕਾਰੋਬਾਰ ਹੈ, ਧੰਦਾ ਹੈ...! ਲੋਕ ਐਂਵੇ ਹੀ ਆਪਣਾ ਖੂਨ ਸਾੜਦੇ ਰਹਿੰਦੇ ਹਨ ਅਤੇ ਆਖੀ ਜਾਂਦੇ ਹਨ ਕਿ ਇਹ ਲੀਡਰ ਕਿੰਨੇ ਝੂਠੇ, ਬੇਈਮਾਨ ਹਨ। ਸਭ ਜਾਣਦੇ ਹਨ ਕਿ ਹਰ ਧੰਦੇ ਦੀ ਕਾਮਯਾਬੀ ਲਈ ਝੂਠ ਤੂਫ਼ਾਨ ਤਾਂ ਬੋਲਣਾ ਹੀ ਪੈਂਦਾ ਹੈ। ਸੱਚ ਬੋਲ ਕੇ ਇਹਨਾਂ 'ਗਰੀਬਾਂ' ਨੇ ਆਪਣੀ ਲੀਡਰੀ ਦੀ ਦੁਕਾਨ ਥੋੜ੍ਹਾ ਬੰਦ ਕਰਾਉਣੀ ਹੈ। ਜੇ ਲੋਕ ਲਾਰੇ ਨਾਲ ਖੁਸ਼ ਹਨ ਤਾਂ ਕੰਮ ਦੀ ਕੀ ਲੋੜ ਹੈ; ਜੇ ਗੁੜ ਦਿੱਤਿਆਂ ਹੀ ਮਰੇ ਤਾਂ ਮਹੁਰਾ ਦੇਣ ਦੀ ਕੀ ਲੋੜ ਹੈ ਜਨਾਬ!

ਸਾਡੇ ਵਰਗੇ ਲੋਕ ਦੋ ਤਰੀਕਿਆਂ ਨਾਲ ਆਪਣੇ ਮਨ ਦੀ ਭੜਾਸ ਕੱਢ ਲੈਂਦੇ ਹਨ, ਬੋਲ ਕੇ ਜਾਂ ਲਿਖ ਕੇ। ਬੋਲਣ ਵਾਲੇ ਤਾਂ ਕਈ ਵਾਰੀ ਆਪਣਾ 'ਭਾਰ' ਹੌਲਾ ਕਰਨ ਦੇ ਚੱਕਰ ਵਿਚ ਆਰੰਭੀ ਮਾਮੂਲੀ ਗੱਲਬਾਤ ਨੂੰ ਚਰਚਾ ਤੋਂ ਘਸੁੰਨ ਮੁੱਕੀ ਤੱਕ ਪੁਜਾ ਦਿੰਦੇ ਹਨ। ਚੌਕ ਵਿਚ ਖੜ੍ਹੇ ਬੰਦੇ ਨੂੰ ਇਕ ਨੇ ਸੁਭਾਵਿਕ ਹੀ ਪੁੱਛਿਆ, 'ਭਾਈ ਸਾਹਬ ਟਾਈਮ ਕੀ ਹੋਇਆ ਹੈ?' ਅੱਗੋਂ ਬੰਦਾ ਬੜੇ ਹੀ ਰੁੱਖੇ ਢੰਗ ਨਾਲ ਕੜਕ ਕੇ ਬੋਲਿਆ, 'ਮੈਂ ਨੀ ਦੱਸਦਾ, ਜਾਹ ਕਰ ਲੈ ਕੀ ਕਰੇਂਗਾ?' 'ਯਾਰ ਟੈਮ ਹੀ ਪੁੱਛਿਐ,



ਇਹਦੇ ਵਿਚ ਗੁੱਸਾ ਕਰਨ ਦੀ ਕੀ ਲੋੜ ਹੈ?' 'ਗੱਲ? ..ਜੇ ਤੈਨੂੰ ਟੈਮ ਦੱਸ ਦਿੱਤਾ ਤਾਂ ਤੂੰ ਮੇਰਾ ਨਾਮ ਪੁੱਛੇਂਗਾ, ਫ਼ਿਰ ਪੁੱਛੇਂਗਾ ਕਿੱਥੇ ਰਹਿੰਦੇ ਹੋ, ਫ਼ਿਰ ਮੇਰੇ ਟੱਬਰ ਬਾਰੇ ਪੁੱਛੇਂਗਾ, ਖਾਨਦਾਨ ਤੱਕ ਜਾਵੇਂਗਾ, ਕੀ ਪਤਾ ਕੱਲ੍ਹ ਨੂੰ ਮੇਰੇ ਪਰਿਵਾਰ ਦੀ ਕਿਸੇ ਨੂੰਹ ਧੀ ਉੱਤੇ ਹੀ ਬੁਰੀ ਨਜ਼ਰ ਰੱਖ ਲਵੇਂ...! ਏਸ ਕਰਕੇ ਮੈਂ ਕਦੇ ਕਿਸੇ ਨੂੰ ਟੈਮ ਨਹੀਂ ਦੱਸਦਾ!'

ਰਾਜਨੀਤੀ ਵਿਚ ਰੁਚੀ ਲੈਣ ਵਾਲੇ, ਖਾਸ ਕਰਕੇ ਬੜੀ ਸ਼ਿੱਦਤ ਨਾਲ ਆਪਣੀ ਮਨਪਸੰਦ ਪਾਰਟੀ ਨਾਲ ਜੁੜੇ ਹੋਏ ਬੰਦੇ ਨਾਲ ਬਹਿਸਣਾ ਚੀਨ ਦੀ ਕੰਧ ਢਾਹੁਣ ਵਾਲੀ ਗੱਲ ਹੈ। ਜਿਉਂਦੇ ਜੀ ਨਾ ਤਾਂ ਕੰਧ ਢੱਠਣੀ ਹੈ ਤੇ ਨਾ ਹੀ ਬਹਿਸ ਮੁੱਕਣੀ ਹੈ। ਅਜਿਹੇ ਬੰਦੇ ਆਪਣੀ ਪਾਰਟੀ ਜਾਂ ਲੀਡਰ ਬਾਰੇ ਇਕ ਸ਼ਬਦ ਵੀ ਸੁਣਨ ਨੂੰ ਤਿਆਰ ਨਹੀਂ ਹੁੰਦੇ। ਹਾਂ, ਆਪਣੀ ਪਾਰਟੀ ਦੇ ਚੱਕਰ ਵਿਚ ਉਹ ਦੰਗਾ ਫ਼ਸਾਦ ਤੱਕ ਕਰ ਸਕਦੇ ਹਨ। ਆਪਣੇ ਹੀ ਗੁਆਂਢੀ ਵਿਰੋਧੀ ਦੀ ਅਲਖ ਮੁਕਾ ਸਕਦੇ ਹਨ! ਏਸੇ ਲਈ ਮੈਨੂੰ ਬੋਲ ਕੇ ਭੜਾਸ ਕੱਢਣ ਵਾਲੇ ਬੰਦੇ ਬੜੇ ਹੀ ਡਾਹਢੇ ਲਗਦੇ ਹਨ, ਫ਼ਿਦਾਈਨ ਜਾਂ ਆਤਮਘਾਤੀਆਂ ਵਰਗੇ। ਘਰ ਫ਼ੂਕ ਤਮਾਸ਼ਾ ਦੇਖਣ ਵਾਲੇ। ਇਹਦੇ ਨਾਲੋਂ ਉਹ ਦੂਰਅੰਦੇਸ਼ ਟੱਬਰ ਦੇ ਸਦਕੇ ਜਾਣ ਨੂੰ ਦਿਲ ਕਰਦਾ ਹੈ, ਜਿਸਦਾ ਇਕ ਮੈਂਬਰ ਭਾਜਪਾਈ ਹੈ, ਦੂਸਰਾ ਕਾਂਗਰਸੀ, ਕੋਈ ਕਾਮਰੇਡ ਤੇ ਕੋਈ ਅਕਾਲੀ...! ਆਖਰ ਇਹਨਾਂ ਚੋਂ ਕਿਸੇ ਨਾ ਕਿਸੇ ਪਾਰਟੀ ਦਾ ਰਾਜ ਤਾਂ ਰਹਿਣਾ ਹੀ ਹੈ। ਨਾਲੇ ਪ੍ਰਚੂਨ ਦੀ ਹੱਟੀ ਨਾਲੋਂ ਥੋਕ ਦਾ ਧੰਦਾ ਵਧੀਆ ਰਹਿੰਦਾ ਹੈ; ਕਿਸੇ ਸਦਾਬਹਾਰ ਅੰਬ ਜਾਂ ਅਮਰੂਦ ਦੇ ਰੁੱਖ ਵਾਂਗ। ਜਿਹੜੀ ਮਰਜੀ ਰੁੱਤ ਹੋਵੇ, ਫ਼ਰੂਟ ਨਹੀਂ ਮੁੱਕਦੇ!

ਲੋਕਤੰਤਰ ਦੇ ਰੁੱਖ ਦੇ ਉਪਰ ਸਾਰੇ ਫ਼ਲ ਇੱਕੋ ਜਿਹੇ ਸਵਾਦ ਵਾਲੇ ਲਗਦੇ ਹਨ। ਪਰ ਹੇਠਾਂ ਜੜ੍ਹਾਂ ਕੋਲ ਹੇਠਲੇ ਤਬਕੇ ਦਾ, ਭਾਵ ਆਮ ਵੋਟਰ ਸਮਝ ਨਹੀਂ ਪਾਉਂਦਾ ਕਿ ਆਖ਼ਿਰ ਉਹ ਜਿੰਨਾ ਮਰਜੀ ਟਿੱਲ ਲਾ ਕੇ ਸਰਕਾਰ ਬਦਲਣ ਦੀ ਕੋਸ਼ਿਸ ਕਰੇ, ਪਰ ਫ਼ਿਰ ਉਹੀ ਨਵੇਂ ਝੰਡੇ ਹੇਠ ਪੁਰਾਣੀ ਨੀਤੀ ਵਾਲੀ ਸਰਕਾਰ ਬਣ ਜਾਂਦੀ ਹੈ। ਨਵੀਂ ਬੋਤਲ, ਪੁਰਾਣੀ ਸ਼ਰਾਬ। ਜੇ ਪਹਿਲੀ ਸਰਕਾਰ ਵੇਲੇ ਤਨਖ਼ਾਹ ਟਾਇਮ ਸਿਰ ਨਹੀਂ ਮਿਲੀ ਤਾਂ ਨਵੀਂ ਦਾ ਵੀ ਉਹੀ ਹਾਲ। ਜੇ ਪਹਿਲੀ ਸਰਕਾਰ ਨੇ ਮਹਿੰਗਾਈ ਵਿਚ ਵਾਧਾ ਕੀਤਾ ਤਾਂ ਨਵੀਂ ਨੇ ਵੀ ਸ਼ਰਤਾਂ ਲਾ ਲਾ ਕੇ ਮਹਿੰਗਾਈ ਵਧਾਈ। ਕਈ ਵਾਰੀ ਤਾਂ ਇਉਂ ਲਗਦਾ ਹੈ ਜਿਵੇਂ ਮਹਿੰਗਾਈ ਵੀ ਸਰਕਾਰ ਦੀ ਕੋਈ ਸਕੀ ਸਬੰਧੀ ਹੋਵੇ, ਜਿਸ ਲਈ ਵਕਤ ਬਦਲਣ ਦਾ ਕੋਈ ਮਤਲਬ ਨਹੀਂ। ਬੜੀ ਹੈਰਾਨੀ ਦੀ ਗੱਲ ਹੈ ਕਿ ਜਿਸ ਦੇਸ਼ ਵਿਚ ਅੱਧੀ ਅਬਾਦੀ ਗਰੀਬੀ ਰੇਖਾ ਤੋਂ ਹੇਠ ਨਰਕ ਭੋਗ ਰਹੀ ਹੋਵੇ, ਉਥੇ ਸਿਹਤ ਅਤੇ ਸਿੱਖਿਆ ਦੋਹਾਂ ਦੇ ਭਾਅ ਨੂੰ ਵੀ ਆਲੂ-ਪਿਆਜ਼ ਵਾਂਗ ਅੱਗ ਲੱਗੀ ਰਹਿੰਦੀ ਹੈ। ਕੋਈ ਮਾੜਾ-ਧੀੜਾ ਇਹਨਾਂ ਬੁਨਿਆਦੀ ਆਖੀਆਂ ਜਾਂਦੀਆਂ

ਸਹੂਲਤਾਂ ਦੇ ਨੇੜੇ ਦੀ ਵੀ ਨਹੀਂ ਲੰਘ ਸਕਦਾ। ਸ਼ਾਇਦ ਇਸੇ ਲਈ ਹਾਲੇ ਮਹੀਵਾਲ ਦੀ ਝੁੱਗੀ ਵਿਚ ਦੀਵੇ ਦੀ ਥਾਂ ਦੀਵੇ ਵਾਲੀ ਫ਼ੋਟੋ ਨਾਲ ਹੀ 'ਰੌਸ਼ਨੀ' ਦੀ ਲੋੜ ਪੂਰੀ ਕੀਤੀ ਜਾ ਸਕਦੀ ਹੈ। ਚਲੋ, ਜੇ 'ਉਹ' ਦਿਨ ਨਹੀਂ ਰਹੇ ਤਾਂ 'ਇਹ' ਵੀ ਨਹੀਂ ਰਹਿਣੇ। ਉਤੋਂ ਤੱਕ ਆਪਣੇ ਦੁੱਖਾਂ ਦੀ ਰਾਤ ਦਾ ਅੰਤ ਕਰਨ ਵਾਲੀ ਇਲਾਹੀ ਸਵੇਰ ਦੀ ਉਡੀਕ ਵਿਚ ਲੋਕ ਉਮਰਾਂ ਗੁਜ਼ਾਰਨ ਲਈ ਆਜ਼ਾਦ ਹਨ। ਦੋ ਗੱਲਾਂ ਕਰਨ ਨਾਲ ਢਿੱਡ ਹੌਲਾ ਹੋ ਜਾਂਦਾ ਹੈ। ਇਸੇ ਲਈ ਪਿੰਡਾਂ ਦੀਆਂ ਬੁੜ੍ਹੀਆਂ ਘੱਟ ਹੀ ਬਿਮਾਰ-ਠਿਮਾਰ ਹੁੰਦੀਆਂ ਹਨ। ਉਹ ਆਪਣੇ ਆਂਢ-ਗੁਆਂਢ, ਗਲੀ-ਮੁਹੱਲੇ ਦੀਆਂ ਤੀਵੀਂਆਂ ਨਾਲ ਦਿਲ ਫੋਲ ਛੱਡਦੀਆਂ ਹਨ। ਪਰੰਤੂ ਵਿਚਾਰੀਆਂ ਸ਼ਹਿਰੀ ਔਰਤਾਂ...! ਉਹਨਾਂ ਕੋਲ ਦੋ ਗੱਲਾਂ ਕਰਨ ਲਈ ਨਾ ਤਾਂ ਸਮਾਂ ਹੁੰਦਾ ਹੈ ਅਤੇ ਨਾ ਹੀ ਮੁਹੱਲਾ। ਸਮਾਂ ਇਸ ਲਈ ਨਹੀਂ ਹੁੰਦਾ ਕਿਉਂਕਿ ਟੀ. ਵੀ. ਮਹਾਰਾਜ ਛੱਡੇ ਤਾਂ ਕੁਝ ਹੋਰ ਸੋਚਣ। ਇਥੇ ਤਾਂ ਘਰ ਦੀਆਂ ਆਪਣੀਆਂ ਹੀ ਚਿੰਤਾਵਾਂ ਅਣਗਿਣਤ ਹੁੰਦੀਆਂ ਹਨ ਤੇ ਲੋਕਾਂ ਨੂੰ ਟੀ. ਵੀ. ਦੇ ਨਾਟਕਾਂ ਵਿਚ ਆਉਂਦੇ ਪਰਿਵਾਰਾਂ ਬਾਰੇ ਵੀ ਸੋਚਣਾ ਪੈਂਦਾ ਹੈ ਕਿਉਂਕਿ ਸਾਸ ਭੀ ਕਭੀ ਬਹੂ ਥੀ ਵਿਚ ਵਿਚਾਰੀ ਸੱਸ ਉਤੇ ਚੱਲਦਾ ਸੰਕਟ ਪਤਾ ਨਹੀਂ ਕਦ ਮੁੱਕੂ, ਤੁਲਸੀ ਦਾ ਕੀ ਬਣੂੰ, ਵਿਚਾਰੀ ਕੇਸਰ ਦੇ ਦੁਖ ਕਦ ਦੂਰ ਹੋਣਗੇ, ਸੰਜੀਵਨੀ ਵਾਲੀ ਡਾਕਟਰਨੀ ਆਪਣੇ ਘਰਵਾਲੇ ਨੂੰ ਮਿਲੂ ਜਾਂ ਨਹੀਂ, ਫ਼ਲਾਣੀ ਨੇ ਪਹਿਲਾਂ ਆਲਾ ਪਤੀ ਛੱਡ ਕੇ ਤੀਸਰਾ ਪਤੀ ਕਰ ਲਿਆ ਹੈ, ਅੱਗੇ ਪਤਾ ਨਹੀਂ ਕਿੱਧਰ ਜਾਊ.....? ਆਪਣੇ ਘਰ ਵਿਚ ਪਤੀ ਵਿਚਾਰਾ ਚਾਹ ਲਈ ਪਿੱਟਦਾ ਹੀ ਰਹਿ ਜਾਂਦਾ ਹੈ। ਪਰ ਚਾਹ ਤਾਂ ਨਾਟਕ ਖ਼ਤਮ ਹੋਣ ਤੇ ਹੀ ਮਿਲੂ। ਰੋਟੀ ਤਾਂ ਦੂਰ ਦੀ ਗੱਲ ਹੈ। ਅੱਜ ਸਾਰੇ ਹੀ ਸੀਰੀਅਲ ਖ਼ਾਸ ਹਨ, ਸੋ ਅੱਜ ਰੋਟੀ ਪਾਣੀ ਲਈ ਹੋਟਲ ਤੇ ਹੀ ਜਾਣਾ ਪੈਣਾ ਹੈ।

ਟੈਲੀਵਿਜ਼ਨ ਨੇ ਬਹੁਤੇ ਲੋਕਾਂ ਦਾ ਹਵਾ-ਪਾਣੀ ਬੰਦ ਹੀ ਕਰ ਦਿੱਤਾ ਹੈ। ਲੋਕ ਆਪਣਾ ਵਿਹਲਾ ਸਮਾਂ ਟੀ. ਵੀ. ਮੂਹਰੇ ਬੈਠ ਕੇ ਬਿਤਾਉਣਾ ਚਾਹੁੰਦੇ ਹਨ। ਇਸ ਚੱਕਰ ਵਿਚ ਦੋਸਤਾਂ-ਮਿੱਤਰਾਂ ਦੇ ਘੇਰੇ ਵਿਚ ਵਿਚਰਨਾ ਔਖਾ ਹੋ ਰਿਹਾ ਹੈ। ਫ਼ਿਰ ਟੀ. ਵੀ. ਕੰਪਨੀਆਂ ਵੀ ਹਰ ਤਰ੍ਹਾਂ ਦੇ ਦਰਸ਼ਕਾਂ ਲਈ ਹਰ ਤਰ੍ਹਾਂ ਦਾ ਮਸਾਲਾ ਪੇਸ਼ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀਆਂ। ਇਸ ਨਾਲ ਇਕ ਖ਼ਾਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਰਹੇ ਹਨ। ਨਿਆਣਿਆਂ ਲਈ ਕਾਰਟੂਨ, ਸਿਆਣਿਆਂ ਲਈ ਰੂਹਾਨੀ ਗੱਲਾਂ ਬਾਤਾਂ, ਜਵਾਨਾਂ ਲਈ ਭੜਕਾਊ ਗੀਤ ਸੰਗੀਤ, ਅਤੇ ਜਿਹਨਾਂ ਦਰਸ਼ਕਾਂ ਦਾ ਆਪਣਾ ਕੋਈ ਖ਼ਾਸ ਰੁਝਾਨ ਨਹੀਂ, ਭਾਵ ਉਹ ਹਰ ਤਰ੍ਹਾਂ ਦਾ ਪ੍ਰੋਗਰਾਮ ਦੇਖ ਸਕਦੇ ਹਨ, ਉਹਨਾਂ ਲਈ ਵੀ ਮਸਾਲਾ ਮੌਜੂਦ ਹੈ। ਗੀਤਾਂ ਵਿਚ ਘਿਸੇ ਪਿਟੇ



ਆਸ਼ਕੀ ਦੇ ਕਿੱਸੇ, ਜੱਟਾਂ ਦੇ ਕਾਕੇ, ਦਾਰੂ ਸਿੱਕੇ ਦੀ ਆਰਤੀ, ਕੁੱਲ ਮਿਲਾ ਕੇ 'ਨਸ਼ਾ ਜਮ੍ਹਾਂ ਮਸਤੀ ਬਰਾਬਰ ਹੈ, ਮਨੋਰੰਜਨ' ਦਾ ਫ਼ਾਰਮੂਲਾ ਚਲ ਰਿਹਾ ਹੈ!

ਪੁਰਾਣੀ ਪੰਜਾਬੀ ਬਾਤ ਹੈ ਕਿ ਪਹਿਲਾਂ ਇਨਸਾਨ ਦਾ ਸਿਰ ਗਰਦਨ ਨਾਲੋਂ ਵੱਖਰਾ ਹੋ ਜਾਂਦਾ ਸੀ। ਤੀਵੀਂਆਂ ਸਿਰ ਵਾਹੁਣ ਤੇ ਗੁੱਤ ਕਰਨ ਲਈ ਆਪਣਾ ਸਿਰ ਮੋਢਿਆਂ ਤੋਂ ਲਾਹ ਲੈਂਦੀਆਂ ਤੇ ਸਿਰ ਵਾਹ ਸੰਵਾਰ ਕੇ ਮੁੜ ਉਸੇ ਤਰ੍ਹਾਂ ਧੌਣ ਉਤੇ ਟਿਕਾ ਲੈਂਦੀਆਂ। ਇਸ ਚੱਕਰ ਵਿਚ ਕੁਪੱਤੀਆਂ ਸੱਸਾਂ ਕੋਲੋਂ ਦੁਖੀ ਨੂੰਹਾਂ ਨੂੰ ਆਪਣਾ ਦੁਖ ਸੁਖ ਦੂਸਰੀਆਂ ਨਾਲ ਫ਼ੋਲਣ ਦੇ ਮੰਤਵ ਨਾਲ ਰੱਬ ਅੱਗੇ ਅਰਦਾਸ ਕੀਤੀ ਕਿ ਰੱਬਾ ਜੇ ਇਹ ਸਿਰ, ਧੌਣ ਤੋਂ ਇਸ ਤਰ੍ਹਾਂ ਨਾ ਚੁੱਕਿਆ ਜਾ ਸਕੇ ਤਾਂ ਉਹ ਸਿਰ ਗੁੰਦਾਉਣ ਤੇ ਜੂੰਆਂ-ਲੀਖ਼ਾਂ ਆਦਿ ਕਢਵਾਉਣ ਦੇ ਬਹਾਨੇ ਆਂਢਣਾਂ-ਗੁਆਂਢਣਾਂ ਨਾਲ ਆਪਣਾ ਢਿੱਡ ਹੌਲਾ ਕਰ ਸਕਦੀਆਂ ਹਨ। ਰੱਬ ਬੀਬੀਆਂ ਦੀ ਗੱਲ ਵੈਸੇ ਹੀ ਧਿਆਨ ਨਾਲ ਨੇੜੇ ਹੋ ਕੇ ਸੁਣ ਲੈਂਦਾ ਹੈ, ਸੋ ਕਹਿੰਦੇ ਹਨ ਕਿ ਉਸਨੇ ਸਾਰੇ ਹੀ ਮਨੁੱਖਾਂ ਦਾ ਸਿਰ ਬਾਕੀ ਸਰੀਰ ਨਾਲ ਪੱਕੇ ਤੌਰ ਤੇ ਹੀ ਜੋੜ ਦਿੱਤਾ। ਇਸ ਤਰ੍ਹਾਂ ਸਮਾਜ ਵਿਚ ਆਨੀ ਬਹਾਨੀ ਇੱਕ ਦੂਜੇ ਨਾਲ ਖ਼ੁਸ਼ੀ ਸਾਂਝੀ ਕਰਨ ਅਤੇ ਦੁਖ ਵੰਡਾਉਣ ਦੀ ਪਿਰਤ ਪੈ ਗਈ। ਪਰ ਲੱਗਦਾ ਹੈ ਕਿ ਲੋਕ ਰੱਬ ਦੀ ਬਖ਼ਸ਼ੀ ਇਹ ਨਿਆਮਤ ਹੁਣ ਟੀ. ਵੀ. ਦੀ 'ਭੇਟ' ਕਰ ਚੁੱਕੇ ਹਨ। ਸਾਡੇ ਕੋਲ ਖ਼ੁਦ ਆਪਣੇ ਆਪ ਲਈ ਹੀ ਸਮਾਂ ਨਹੀਂ ਬਚਦਾ। ਏਸੇ ਲਈ ਅਸੀਂ ਦੁਖੀ ਰਹਿੰਦੇ ਹਾਂ। ਰੂਹ ਦੀ ਸ਼ਾਂਤੀ ਲਈ ਏਧਰ ਓਧਰ ਭਟਕਦੇ ਹਾਂ। ਪਰ ਇਹ ਚੈਨ, ਆਰਾਮ ਅਤੇ ਸ਼ਾਂਤੀ ਤਾਂ ਸਾਡੇ ਆਪਣੇ ਮਨ ਦੇ ਅੰਦਰ ਹੀ ਹੁੰਦੀ ਹੈ। ਇਸ ਲਈ ਕਿਸੇ ਬਾਹਰੀ ਯਾਤਰਾ ਦੀ ਲੋੜ ਨਹੀਂ, ਬੱਸ ਆਤਮ ਚਿੰਤਨ ਚਾਹੀਦਾ ਹੈ। ਬਾਹਰ ਤਾਂ ਬਹਾਨੇਬਾਜੀਆਂ ਦਾ ਤਾਣਾ ਬਾਣਾ ਬੰਦੇ ਦਾ ਖਹਿੜਾ ਨਹੀਂ ਛੱਡਦਾ। ਇੱਕ ਦੋਸਤ ਆਪਣੇ ਦੂਸਰੇ ਨਿਕੰਮੇ ਜਿਹੇ ਜਾਪਣ ਵਾਲੇ ਦੋਸਤ ਨੂੰ ਰੋਜ਼ ਹੀ ਸਲਾਹ ਦਿੰਦਾ ਕਿ ਕੋਈ ਕੰਮ ਧੰਦਾ ਕਰਿਆ ਕਰ। ਇਸ ਤਰ੍ਹਾਂ ਫ਼ਿਜੂਲ ਬਹਿ ਕੇ ਜ਼ਿੰਦਗੀ ਬਰਬਾਦ ਨਾ ਕਰ। ਇੱਕ ਦਿਨ ਉਸ ਦਲਿੱਦਰੀ ਨੇ ਸਲਾਹ ਦੇਣ ਵਾਲੇ ਬਾਈ ਨੂੰ ਕੋਲ ਬਿਠਾ ਲਿਆ ਤੇ ਕਿਹਾ ਕਿ ਹੁਣ ਸੁਣ ਕੇ ਜਾਈਂ ਕਿ ਮੈਂ ਕੋਈ ਕੰਮ ਧੰਦਾ ਕਿਉਂ ਨਹੀਂ ਕਰਨਾ ਚਾਹੁੰਦਾ।

ਉਸ ਨੇ ਕਿਹਾ ਕਿ ਦੇਖ ਜ਼ਿੰਦਗੀ ਵਿਚ ਕਾਮਯਾਬ ਹੋਣ ਲਈ ਗੱਲਾਂ ਦੋ ਹੋਣਗੀਆਂ, ਜਾਂ ਤਾਂ ਮੈਂ ਕੋਈ ਆਪਣਾ ਕਾਰੋਬਾਰ ਕਰਾਂਗਾ ਜਾਂ ਫ਼ਿਰ ਨੌਕਰੀ ਕਰਾਂਗਾ। ਜੇ ਮੈਂ ਕੋਈ ਕਾਰੋਬਾਰ ਕੀਤਾ ਤਾਂ ਕੋਈ ਗੱਲ ਨਹੀਂ ਪਰ ਜੇ ਨੌਕਰੀ ਕੀਤੀ ਤਾਂ ਗੱਲਾਂ ਦੋ ਹੋ ਜਾਣਗੀਆਂ। ਜਾਂ ਤਾਂ ਮੈਨੂੰ ਸਰਕਾਰੀ ਦਫ਼ਤਰ 'ਚ ਨੌਕਰੀ ਮਿਲੂ ਜਾਂ ਫ਼ਿਰ ਮੈਂ ਭਰਤੀ ਹੋਵਾਂਗਾ। ਪੜ੍ਹਾਈ ਵਿਚ ਹੱਥ ਤੰਗ ਹੋਣ ਕਾਰਨ ਦਫ਼ਤਰੀ

ਨੌਕਰੀ ਤਾਂ ਮਿਲਣੋ ਰਹੀ, ਪਰ ਜੇ ਭਰਤੀ ਹੋਇਆ ਤਾਂ ਗੱਲਾਂ ਦੋ ਹੋ ਜਾਣਗੀਆਂ। ਜਾਂ ਤਾਂ ਮੈਂ ਪੁਲਿਸ ਵਿਚ ਭਰਤੀ ਹੋਵਾਂਗਾ ਜਾਂ ਫ਼ੌਜ ਵਿਚ। ਜੇ ਤਾਂ ਪੁਲਿਸ ਵਿਚ ਭਰਤੀ ਹੋ ਗਿਆ ਤਾਂ ਕੋਈ ਗੱਲ ਨਹੀਂ, ਪਰ ਜੇ ਫ਼ੌਜ ਵਿਚ ਭਰਤੀ ਹੋ ਗਿਆ ਤਾਂ ਗੱਲਾਂ ਦੋ ਹੋ ਜਾਣਗੀਆਂ। ਜਾਂ ਤਾਂ ਮੇਰੀ ਡਿਊਟੀ ਹੈਡਕੁਆਟਰ ਵਿਚ ਲੱਗੇਗੀ ਜਾਂ ਫ਼ਿਰ ਬਾਡਰ ਤੇ ਭੇਜਣਗੇ। ਜੇ ਤਾਂ ਰਿਹਾ ਹੈੱਡਕੁਆਟਰ ਵਿੱਚ, ਤਾਂ ਕੋਈ ਗੱਲ ਨਹੀਂ, ਪਰ ਜੇ ਬਾਡਰ ਤੇ ਗਿਆ ਤਾਂ ਗੱਲਾਂ ਦੋ ਹੋ ਜਾਣਗੀਆਂ। ਉਥੇ ਜਾਂ ਤਾਂ ਲੜਾਈ ਲੱਗ ਜਾਵੇਗੀ ਜਾਂ ਫ਼ਿਰ ਸ਼ਾਂਤੀ ਬਣੀ ਰਹੂ। ਜੇ ਤਾਂ ਸ਼ਾਂਤੀ ਰਹੀ ਤਾਂ ਕੋਈ ਗੱਲ ਨਹੀਂ, ਪਰ ਜੇ ਜੰਗ ਲੱਗ ਗਈ ਤਾਂ ਗੱਲਾਂ ਦੋ ਜਾਣਗੀਆਂ। ਜਾਂ ਤਾਂ ਮੈਨੂੰ ਕੋਈ ਦੁਸ਼ਮਣ ਸਿਪਾਹੀ ਗੋਲੀ ਮਾਰ ਦੇਵੇਗਾ, ਜਾਂ ਫ਼ਿਰ ਮੈਂ ਕਿਸੇ ਦੇ ਗੋਲੀ ਮਾਰ ਦੇਵਾਂਗਾ। ਜੇ ਤਾਂ ਮੈਂ ਕਿਸੇ ਦੇ ਗੋਲੀ ਮਾਰੀ ਤਾਂ ਕੋਈ ਗੱਲ ਨਹੀਂ, ਪਰ ਜੇ ਗੋਲੀ ਮੇਰੇ ਵੱਜ ਗਈ ਤਾਂ ਗੱਲਾਂ ਦੋ ਹੋ ਜਾਣਗੀਆਂ! ਜਾਂ ਤਾਂ ਮੈਂ ਜਖ਼ਮੀ ਹੋ ਜਾਵਾਂਗਾ ਜਾਂ ਫ਼ਿਰ ਮਰ ਜਾਵਾਂਗਾ। ਜੇ ਤਾਂ ਜਖ਼ਮੀ ਹੋ ਗਿਆ ਤਾਂ ਕੋਈ ਗੱਲ ਨਹੀਂ, ਪਰ ਜੇ ਮਰ ਗਿਆ ਤਾਂ ਗੱਲਾਂ ਦੋ ਹੋ ਜਾਣਗੀਆਂ। ਜਾਂ ਤਾਂ ਮੇਰਾ ਸੰਸਕਾਰ ਕਰ ਦੇਣਗੇ ਜਾਂ ਫ਼ਿਰ ਉਥੇ ਹੀ ਦਫ਼ਨਾ ਦੇਣਗੇ। ਜੇ ਤਾਂ ਸੰਸਕਾਰ ਕਰ ਦਿੱਤਾ ਤਾਂ ਕੋਈ ਗੱਲ ਨਹੀਂ, ਪਰ ਜੇ ਦਫ਼ਨਾ ਦਿੱਤਾ ਤਾਂ ਗੱਲਾਂ ਦੋ ਹੋ ਜਾਣਗੀਆਂ। ਜਾਂ ਤਾਂ ਮੇਰੀ ਕਬਰ ਉੱਤੇ ਆਲਤੂ ਫ਼ਾਲਤੂ ਘਾਹ ਵਗੈਰਾ ਉੱਗੇਗਾ ਜਾਂ ਫ਼ਿਰ ਜੜੀਆਂ ਬੂਟੀਆਂ। ਜੇ ਤਾਂ ਘਾਹ ਫ਼ੂਸ ਉੱਗਿਆ ਤਾਂ ਕੋਈ ਗੱਲ ਨਹੀਂ, ਪਰ ਜੇ ਜੜੀਆਂ ਬੂਟੀਆਂ ਉੱਗੀਆਂ ਤਾਂ ਗੱਲਾਂ ਦੋ ਹੋ ਜਾਣਗੀਆਂ। ਜਾਂ ਤਾਂ ਇਹ ਬੂਟੀਆਂ, ਦਵਾਈਆਂ ਵਗੈਰਾ ਬਣਾਉਣ ਦੇ ਕੰਮ ਆਉਣਗੀਆਂ ਜਾਂ ਫ਼ਿਰ ਇਹਨਾਂ ਨਾਲ ਸਾਬਣ ਬਣਿਆਂ ਕਰੂ। ਜੇ ਤਾਂ ਬਣੀਆਂ ਦਵਾਈਆਂ ਤਾਂ ਕੋਈ ਗੱਲ ਨਹੀਂ, ਪਰ ਜੇ ਸਾਬਣ ਬਣ ਗਿਆ ਤਾਂ ਗੱਲਾਂ ਦੋ ਹੋ ਜਾਣਗੀਆਂ। ਜਾਂ ਤਾਂ ਸਾਬਣ ਬਣੇਗਾ ਕੱਪੜੇ ਧੋਣ ਵਾਲਾ ਤੇ ਜਾਂ ਫ਼ਿਰ ਨਹਾਣ ਵਾਲਾ। ਜੇ ਤਾਂ ਬਣਿਆ ਕੱਪੜੇ ਧੋਣ ਵਾਲਾ ਤਾਂ ਕੋਈ ਗੱਲ ਨਹੀਂ, ਪਰ ਜੇ ਬਣ ਗਿਆ ਨਹਾਣ ਵਾਲਾ ਤਾਂ ਲੋਕ ਨਹਾਇਆ ਕਰਨਗੇ ਤੇ ਮੈਨੂੰ ਰੋਜ਼ ਹੀ ਕਿੱਲੋ ਕਿੱਲੋ ਸ਼ਰਮ ਆਇਆ ਕਰੂ। ਇਸ ਕਰਕੇ ਦੋਸਤ, ਮੈਂ ਓਸ ਸ਼ਰਮਿੰਦਗੀ ਤੋਂ ਬਚਣ ਲਈ ਕੋਈ ਕੰਮ ਨਹੀਂ ਕਰਨਾ ਚਾਹੁੰਦਾ।

ਸੋ, ਆਪਣੇ ਹੀ ਬਣਾਏ ਖਿਆਲੀ ਕਿਲਿਆਂ 'ਚੋਂ ਬਾਹਰ ਨਿਕਲ ਕੇ ਆਈਏ ਤੇ ਆਪਣੇ ਮਿੱਤਰ ਪਿਆਰਿਆਂ ਨਾਲ ਦੋ ਗੱਲਾਂ ਕਰੀਏ!

* * *



## ਮੋਟਰ ਮਿੱਤਰਾਂ ਦੀ

ਕਦੇ ਵਿਆਹ ਸ਼ਾਦੀਆਂ ਨੂੰ ਕੱਚੇ ਕੋਠਿਆਂ ਦੇ ਬਨੇਰਿਆਂ ਉੱਤੇ ਖੜਕਦੇ ਸਪੀਕਰਾਂ ਵਿਚ ਵੱਜਣ ਵਾਲਾ ਗੀਤ 'ਮੋਟਰ ਮਿੱਤਰਾਂ ਦੀ, ਬੈਠਣ ਦੀ ਕਰ ਬੱਲੀਏ ਨੀ ਭਾੜਾ ਨਹੀਂ ਲੱਗਣਾ, ਚੱਲ ਬਰਨਾਲੇ ਚੱਲੀਏ ਨੀ ਮੋਟਰ ਮਿੱਤਰਾਂ ਦੀ...' ਅੱਜ ਬਹੁਤ ਯਾਦ ਆ ਰਿਹਾ ਹੈ। ਸਰਕਾਰੀ ਪ੍ਰਬੰਧਾਂ ਦੀ ਕੰਗਾਲੀ ਦਾ ਪ੍ਰਤੀਕ ਰੋਡਵੇਜ਼ ਦੀ ਲਾਰੀ ਦੀ ਸਵਾਰੀ ਨੂੰ ਵੀ ਇਹੋ ਗੀਤ ਯਾਦ ਆ ਸਕਦਾ ਹੈ। ਮੈਚਿੰਗ ਡਰੈੱਸ ਵਾਂਗ ਫ਼ੈਸ਼ਨੇਬਲ ਸੜਕ ਦਾ ਟੋਏਦਾਰ ਰੂਪ ਰੰਗ ਇਸ ਬੱਸ ਲਈ ਬੜਾ ਹੀ ਫੱਬਵਾਂ ਰਿਹਾ ਹੈ। ਬਹੁਤੇ ਲੋਕਾਂ ਵਾਂਗ ਮੈਂ ਸੋਚ ਰਿਹਾ ਹਾਂ ਕਿ ਆਖਰ ਇਹ ਬੱਸ ਕਿਤੇ ਪਹੁੰਚੇਗੀ ਵੀ ਜਾਂ ਫ਼ਿਰ ਬੇਈਮਾਨ ਮੌਸਮ ਵਰਗੀ ਏਸ ਦਿਲਫਰੇਬ ਸੜਕ ਉਤੇ ਦੋ ਚਾਰ ਡਿਕੋਡੋਲੇ ਖਾ ਕੇ ਕਿਸੇ ਕੰਢੇ ਰੁਕ ਜਾਵੇਗੀ। ਅਚਾਨਕ ਲੱਗਿਆ ਕੁਝ ਟੁੱਟ ਗਿਆ ਹੈ। ਇਹ ਖੜਾਕ ਕਿਹੋ ਜਿਹਾ...?

'ਉਠੋ ਜਨਾਬ, ਨੌਂ ਵਜ ਗਏ ਨੇ', ਉਹ! ਇਹ ਤਾਂ ਸੁਪਨਾ ਸੀ, ਜਿਸ ਵਿਚ ਧਰਮਪਤਨੀ ਨੇ ਵਿਘਨ ਪਾ ਦਿੱਤਾ। ਇਹ ਰੋਡਵੇਜ਼ ਦੀ ਬੱਸ ਸੁਪਨੇ ਵਿਚ ਹੀ ਮਿਲਦੀ ਹੈ, ਸੜਕਾਂ ਤੇ ਪਤਾ ਨਹੀਂ ਕਿੱਥੇ ਗੁਆਚ ਗਈ ਹੈ। ਫ਼ੇਰ ਸੁਪਨੇ ਵਿਚ ਵੀ ਸੜਕ ਸਾਬਤੀ ਕਿਉਂ ਨਹੀਂ ਲੱਭਦੀ...!

ਅਸਲ ਵਿਚ ਡਾਇਨਾਸੋਰ ਵਾਂਗ ਸਰਕਾਰੀ ਬੱਸਾਂ, ਹਸਪਤਾਲ, ਸਕੂਲ, ਕਾਲਜ ਹੁਣ ਦੁਰਲਭ ਸ਼੍ਰੇਣੀ ਬਣਦੇ ਜਾ ਰਹੇ ਹਨ। ਇਹਨਾਂ ਉਤੇ ਖਤਰਾ ਗਹਿਰਾਉਂਦਾ ਜਾ ਰਿਹਾ ਹੈ। ਪਰ ਇਹ ਫ਼ਿਜ਼ੂਲ ਗੱਲਾਂ ਕਿਤੇ ਫ਼ੇਰ ਕਰਾਂਗੇ, ਅੱਜ ਤਾਂ ਆਪਾਂ ਮੋਟਰ ਗੱਡੀਆਂ ਦੀ ਸਵਾਰੀ ਕਰਨੀ ਹੈ।

ਪਿੱਛੇ ਜਿਹੇ ਇਕ ਅੰਤਰਰਾਸ਼ਟਰੀ ਬੱਸ ਕੰਪਨੀ ਨੇ ਇਥੇ ਭਾਰਤ ਵਿਚ ਕਾਰੋਬਾਰ ਸ਼ੁਰੂ ਕੀਤਾ ਤੇ ਟਿੱਪਣੀ ਕੀਤੀ ਕਿ ਹੈਰਾਨੀ ਦੀ ਗੱਲ ਹੈ, ਭਾਰਤ ਵਿਚ ਟਰੱਕ ਤੇ ਬੱਸ ਇਕੋ ਚੈਸੀ ਤੇ ਹੀ ਬਣਦੇ ਹਨ। ਮਤਲਬ ਜਾਨ ਤੇ ਮਾਲ ਦੋਹਾਂ ਲਈ ਇੱਕੋ ਪੈਮਾਨਾ। ਦੋ ਗਾਡਰਾਂ ਉਤੇ ਰੱਖੋ ਇੰਜਣ, ਲਾਓ ਪਹੀਏ ਤੇ ਔਹ ਚੱਲ ਪਈ ਸਵਾਰੀ ਸਣੇ ਲਾਰੀ। ਓਸ ਕੰਪਨੀ ਨੇ ਭਾਵੇਂ ਇਹ ਬਿਆਨ ਆਪਣੀ ਗੱਡੀ ਵੇਚਣ ਖਾਤਿਰ ਦਿੱਤਾ

ਹੋਵੇ, ਪਰ ਟੋਭੇ 'ਚ ਸਿੱਟੀ ਇੱਟ ਵਾਂਗ ਇਸਨੇ ਸਮੁੰਦਰੋਂ ਡੂੰਘੇ ਦਿਲ ਵਿਚ ਕਈ ਤਰ੍ਹਾਂ ਦੀਆਂ ਲਹਿਰਾਂ ਛੇੜ ਦਿੱਤੀਆਂ।

ਜਮਾਨਾ ਗਾਹਕ ਸੁਰੱਖਿਆ ਦਾ ਹੈ। ਲੋਕ ਚੰਗੇ ਮਾੜੇ ਦੀ ਪਰਖ ਬਾਰੇ ਸੋਚਣ ਲੱਗੇ ਹਨ। ਐਂ ਬਣਾਉਣ ਨੂੰ ਤਾਂ ਆਪਣੇ ਪਿੰਡਾਂ ਵਿਚ ਚੱਲਦੇ ਪੀਟਰ ਰੇਹੜੇ ਜਾਂ ਮਰੂਤੇ ਕਿਸੇ ਨਾਲੋਂ ਘੱਟ ਨਹੀਂ। ਦੁਨੀਆਂ ਭਰ 'ਚ ਆਵਾਜਾਂ ਹਨ ਬਈ ਗੱਡੀਆਂ ਵਿਚ ਸੀਟ ਬੈਲਟਾਂ, ਏ.ਬੀ.ਐਸ., ਈ.ਐਸ.ਪੀ., ਏਅਰ ਬੈਗ, ਏ.ਸੀ. ਆਦਿ ਹਰ ਸਹੂਲਤ ਹੋਣੀ ਚਾਹੀਦੀ ਹੈ। ਬੱਸ ਦੀ ਹਰ ਸੀਟ ਨਾਲ ਸੀਟ ਬੈਲਟ ? ਫ਼ਿਰ ਆਪਣੀ ਰੋਡਵੇਜ਼ ਦਾ ਕੀ ਬਣੂੰ ? ਜਿਸਦੇ ਵਿਚ ਸੀਟਾਂ ਦੇ ਨਾਮ ਤੇ ਕੁਝ ਲੋਹਾ-ਲੱਕੜ ਤੇ ਧੂੰਆਂ ਹੀ ਬਚਿਆ ਹੈ। ਨਾਲੇ ਫ਼ੇਰ ਆਪਣੇ ਡਰੈਵਰ ਬਾਈ 'ਸੰਕਟ ਕਾਲ' ਵਿਚ ਸੀਟ ਤੋਂ ਟਪੂਸੀ ਮਾਰ ਕੇ ਭੱਜਣਗੇ ਕਿਵੇਂ..? ਇਹ ਤਾਂ ਯਾਰ ਅਮੀਰਾਂ ਤੇ ਵਿਹਲੜਾਂ ਦੇ ਚੋਚਲੇ ਹਨ। ਹੋਰ ਥੋੜ੍ਹੇ ਕੰਮ ਪਏ ਹਨ ਕਰਨ ਵਾਲੇ। ਕੱਲ੍ਹ ਨੂੰ ਯਾਰ ਕਹਿਣਗੇ ਬਈ ਸਕੂਟਰਾਂ, ਸਾਈਕਲਾਂ ਵਾਲੇ ਵੀ ਕਾਠੀ ਬੈਲਟ, ਨਹੀਂ ਸੀਟ ਬੈਲਟ ਲਾਉਣ.., ਉਹ ਤਾਂ ਹੈਲਮੈਟ ਲਾ ਕੇ ਨਹੀਂ ਰਾਜੀ।

ਸਾਡੇ ਲੋਕਾਂ ਲਈ ਸੀਟ ਬੈਲਟ ਜਾਂ ਹੈਲਮੈਟ ਪੁਲਿਸ ਦੇ ਚਲਾਨ ਤੋਂ ਬਚਣ ਦਾ ਜ਼ਰੀਆ ਮਾਤਰ ਹੀ ਹਨ। ਇਸ ਤੋਂ ਜ਼ਿਆਦਾ ਇਹਨਾਂ ਚੀਜ਼ਾਂ ਦਾ ਕੋਈ ਮਤਲਬ ਨਹੀਂ।

ਇੱਕ ਠਾਣੇ ਅੱਗਿਓਂ ਲੰਘਣ ਲੱਗੇ ਕਾਰ ਸਵਾਰ ਪੱਤਰਕਾਰ ਨੂੰ ਗੇਟ ਅੱਗੇ ਖਲੋਤੇ ਠਾਣੇਦਾਰ ਨੇ ਉਂਝ ਹੀ ਹਾਲਚਾਲ ਪੁੱਛਿਆ। ਪੱਤਰਕਾਰ ਨੇ ਰੋਹਬ ਝਾੜਨ ਲਈ ਆਦਤ ਵਸ ਤਵਾ ਲਾਉਣਾ ਸ਼ੁਰੂ ਕਰ ਦਿੱਤਾ। 'ਕੀ ਐ ਜਨਾਬ, ਤੁਹਾਡੇ ਹੁੰਦਿਆਂ ਹਾਲਤ ਇਹ ਹੈ ਕਿ ਲੋਕ ਟ੍ਰੈਫ਼ਿਕ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਹਨ। ਕੱਲ੍ਹ ਦੇ ਛਲਾਰੂ ਜੁਆਕ ਝੋਟਿਆਂ ਜਿੱਡੇ ਮੋਟਰ ਸੈਕਲਾਂ ਨੂੰ ਲਈਂ ਨ੍ਹੇਰੀ ਤੂਫ਼ਾਨ ਵਾਂਗ ਸ਼ੂਕਦੇ ਫ਼ਿਰਦੇ ਹਨ, ਉਹ ਵੀ ਬਿਨਾਂ ਹੈਲਮੈਟ ਤੋਂ..! ਆਖ਼ਰ ਪੁਲਿਸ ਕਰ ਕੀ ਰਹੀ ਹੈ ?' ਠਾਣੇਦਾਰ ਸੁਣਦਾ ਰਿਹਾ ਤੇ ਫ਼ਿਰ ਠਰ੍ਹੰਮੇ ਨਾਲ ਆਖਣ ਲੱਗਾ, 'ਭਾਈ ਸਾਹਬ ਪੁਲਿਸ ਤਾਂ ਆਮ ਲੋਕਾਂ ਨਾਲ ਸਹਿਯੋਗ ਹੀ ਕਰ ਰਹੀ ਹੈ। ਸਖਤੀ ਕਰਨ ਦਾ ਟੈਮ ਅੱਜਕੱਲ੍ਹ ਹੈ ਨੀ, ਲੋਕਾਂ ਨੂੰ ਆਪਣੀ ਜਾਨ ਦੀ ਹੀ ਪਰਵਾਹ ਨਹੀਂ ਤਾਂ ਕੋਈ ਕੀ ਕਰੇ.. ਵੈਸੇ ਤੁਸੀਂ ਪੱਤਰਕਾਰ ਹੋਕੇ ਬਿਨਾਂ ਸੀਟ ਬੈਲਟ ਤੋਂ ਹੀ ਕਾਰ ਚਲਾ ਕੇ ਪਤਾ ਨਹੀਂ ਕਿਹੜੇ ਨਿਯਮਾਂ ਦੀ ਦੁਹਾਈ ਦੇ ਰਹੇ ਹੋ..!'

ਗੱਲ ਤਾਂ ਇਹੀ ਹੈ। ਸਾਨੂੰ ਨਿਯਮ ਚਾਹੀਦੇ ਹਨ, ਆਪਣੇ ਲਈ ਨਹੀਂ, ਲੋਕਾਂ ਲਈ। ਅਸੀਂ ਚਾਹੁੰਦੇ ਹਾਂ ਸ਼ਹੀਦ ਭਗਤ ਸਿੰਘ ਵਰਗੇ ਸੂਰਮੇ ਪੈਦਾ ਹੋਣ, ਪਰ ਸਾਡੇ



ਨਹੀਂ, ਗਵਾਂਢੀਆਂ ਦੇ ਘਰ! ਸਾਨੂੰ ਤਾਂ ਪੱਕੀ ਪਕਾਈ ਛਕਣ ਵਿਚ ਹੀ ਭਲਾਈ ਲੱਗਦੀ ਹੈ।

ਬੱਸਾਂ ਤੋਂ ਬਾਦ ਕਾਰਾਂ ਦੀ ਤਾਂ ਦੁਨੀਆਂ ਹੀ ਅਜੀਬ ਹੈ। ਸਾਡੇ ਕਾਰ ਬਾਜਾਰ ਵਿਚ ਲੋਕ ਦੋ ਢਾਈ ਲੱਖ ਖ਼ਰਚ ਕਰਕੇ ਠੀਕ ਠਾਕ ਕਾਰ ਚੁਣਦੇ ਹਨ। ਮਤਲਬ, ਵੇਖਣ ਨੂੰ ਚੰਗੀ ਹੋਵੇ, ਭੱਜਦੀ ਬਹੁਤਾ ਹੋਵੇ, ਤੇਲ ਘੱਟ ਚੱਕਦੀ ਹੋਵੇ ਵਗੈਰਾ। ਕਾਰਾਂ ਬਣਾਉਣ ਵਾਲੇ ਗਾਹਕਾਂ ਦੀ ਨਬਜ਼ ਪਛਾਣਦੇ ਹਨ। ਸੋ, ਹਰ ਤਰ੍ਹਾਂ ਦਾ ਟੀਨ-ਟੱਪਰ ਕਾਰਾਂ ਦੇ ਨਾਮ ਤੇ ਵਿਕ ਰਿਹਾ ਹੈ। ਚੰਗੀ ਕਾਰ ਲਈ ਬੰਦੇ ਨੂੰ ਆਪਣੀ ਜੇਬ ਵੀ ਚੰਗੀ ਢਿੱਲੀ ਕਰਨੀ ਪੈਂਦੀ ਹੈ। ਉੱਤੋਂ ਕੰਪਨੀ ਵਾਲੇ ਇੱਕੋ ਮਾਡਲ ਉੱਤੇ ਏ.ਬੀ. ਸੀ. ਮਾਅਰਕੇ ਲਾ ਕੇ ਐਸਾ ਗੋਰਖਜਾਲ ਵਿਛਾਂਦੇ ਹਨ ਕਿ ਗਾਹਕ ਦੇ ਪੱਲੇ ਬੱਸ ਗੱਲਾਂ ਹੀ ਰਹਿ ਜਾਂਦੀਆਂ ਹਨ। ਜਿਵੇਂ ਕਿ, ਇਹ ਹੈ ਸਾਡੀ ਤੇਜ਼ ਰਫ਼ਤਾਰ, ਛੈਲ ਛਬੀਲੀ, ਫ਼ੁਰਤੀਲੀ, ਸਜੀਲੀ ਤਿੱਤਰਖੰਭੀ ਕਾਰ, ਇਹਦੇ ਵਿਚ ਕਈ ਮਾਡਲ ਹਨ; ਇੱਕ ਸਾਦਾ ਮਾਡਲ ਜਿਸ ਵਿਚ ਇੱਕ ਇੰਜਣ ਹੈ, ਚਾਰ ਟੈਰ ਤੇ ਹੋਰ ਨਿੱਕ ਸੁੱਕ ਹੈ। ਇਸ ਦੇ ਉਪਰਲੇ ਮਾਡਲ ਵਿਚ ਕੁਝ ਹੋਰ ਰੰਗ ਹਨ, ਤੇ ਨਾਲ ਹੈ ਏ. ਸੀ.। ਹੋਰ ਉੱਪਰਲੇ ਮਾਡਲ ਵਿਚ ਮਿਲੂਗਾ ਪਾਵਰ ਸਟੇਰਿੰਗ, ਸਾਰੀਆਂ ਤਾਕੀਆਂ ਪਾਵਰ ਵਿੰਡੋ ਅਤੇ ਕੁਝ ਹੋਰ ਫ਼ੋਕੀਆਂ ਫੜ੍ਹਾਂ ਬਿਲਕੁਲ ਮੁਫ਼ਤ..!

ਇਹਨਾਂ ਕਾਰਾਂ ਨੂੰ ਬਣਾਉਣ ਅਤੇ ਚਲਾਉਣ ਵਾਲਿਆਂ ਲਈ ਕਾਰ, ਕੇਵਲ ਇਕ ਥਾਂ ਤੋਂ ਦੂਜੀ ਥਾਂ ਤੱਕ ਜਾਣ ਦਾ ਸਾਧਨ ਹੈ। ਹੁਣ ਦੂਰੀ ਤੈਅ ਕਰਨ ਵੇਲੇ, ਹਵਾ ਨਾਲ ਗੱਲਾਂ ਕਰਦੀ ਹੋਈ ਗੱਡੀ ਕਿੰਨੀ ਆਰਾਮਦੇਹ ਤੇ ਸੁਰੱਖਿਅਤ ਹੈ, ਕੋਈ ਨਹੀਂ ਜਾਣਦਾ। ਨਾ ਹੀ ਇਸ ਨਾਲ ਕਿਸੇ ਨੂੰ ਕੋਈ ਫ਼ਰਕ ਪੈਂਦਾ ਹੈ। ਜਿਆਦਾ ਤੋਂ ਜਿਆਦਾ ਕੀ ਹੋ ਜੂ ? ਉਹ! ਤੁਹਾਡਾ ਮਤਲਬ..... ਐਕਸੀਡੈਂਟ...? ਜਿਵੇਂ ਓਸ ਕਾਰ ਦਾ ਹੋਇਆ ਪਿਆ ਹੈ ਸਫ਼ੈਦੇ ਨਾਲ ਵੱਜ ਕੇ, ਜਾਂ ਫ਼ਿਰ ਉਹ ਕਾਰ ਜੋ ਕਿਸੇ ਹੋਰ ਗੱਡੀ ਨਾਲ ਟਕਰਾ ਗਈ ਹੈ। ਪਰ ਇਹ ਤਾਂ ਲੋਕਾਂ ਨਾਲ ਹੋਇਆ ਹੈ, ਮੇਰੇ ਨਾਲ...ਮੇਰੀ ਗੱਡੀ ਨੂੰ ...ਕਦੇ ਕੁਝ ਨਹੀਂ ਹੋ ਸਕਦਾ। ਪਰ ਜਨਾਬ! ਇਹਨਾਂ ਦੁਰਘਟਨਾਵਾਂ ਵਿਚ ਬਦਕਿਸਮਤੀ ਨਾਲ ਮਾਰੇ ਗਏ ਸਾਰੇ ਡਰੈਵਰ ਤੇ ਸਵਾਰੀਆਂ ਵੀ ਇਹੋ ਸੋਚਦੇ ਸਨ ਕਿ ਉਹਨਾਂ ਨੂੰ ਕੁਝ ਨਹੀਂ ਹੋ ਸਕਦਾ। ਉਹ ਵੀ ਗੱਡੀ ਨੂੰ ਕੇਵਲ ਇਕ ਥਾਂ ਤੋਂ ਦੂਜੀ ਥਾਂ ਜਾਣ ਦਾ ਸਾਧਨ ਹੀ ਸਮਝਦੇ ਸਨ, ਤੇਜ਼, ਸਭ ਤੋਂ ਤੇਜ਼..! ਕਾਸ਼, ਉਹਨਾਂ ਦੀ ਗੱਡੀ ਵਿਚ ਏ. ਬੀ. ਐਸ. ਹੁੰਦਾ, ਕਾਸ਼! ਉਹਨਾਂ ਨੇ ਸੀਟ ਬੈਲਟਾਂ ਲਾਈਆਂ ਹੁੰਦੀਆਂ, ਕਾਸ਼ ਇਹ ਦੁਰਘਟਨਾਵਾਂ ਕਦੇ ਨਾ ਵਾਪਰਦੀਆਂ...! ਇਹ ਤਾਂ ਬੇਬਸੀ ਦਾ ਸਿਖਰ ਹੈ।

ਫ਼ਿਰ ਵੀ ਗੱਡੀ ਖ਼ਰੀਦਣ ਵੇਲੇ ਹੋਰ ਚੀਜਾਂ ਦੇ ਨਾਲ ਹੀ ਬਣਤਰ, ਸੁਰੱਖਿਆ ਸਹੂਲਤਾਂ, ਮਜ਼ਬੂਤੀ ਆਦਿ ਜ਼ਰੂਰ ਵੇਖੋ। ਫ਼ਿਰ ਚਲਾਉਣ ਵੇਲੇ ਸੜਕ ਦੇ ਨਿਯਮ, ਕਿਸੇ 'ਪੜ੍ਹੇ ਲਿਖੇ' ਕੋਲੋਂ ਜ਼ਰੂਰ ਸਿੱਖ ਲੈਣੇ ਚਾਹੀਦੇ ਹਨ। ਨਹੀਂ ਤਾਂ ਰਾਤ ਨੂੰ ਬਹੁਤੇ ਮੂਰਖਾਂ ਵਾਂਗ ਤੁਸੀਂ ਵੀ 'ਹਾਈ ਬੀਮ' ਭਾਵ ਫੁੱਲ ਲੈਟਾਂ ਕਰਕੇ ਗੱਡੀ ਚਲਾਓਗੇ ਤੇ ਅਗਲੇ ਦੀਆਂ ਅੱਖਾਂ ਚੁੰਧਿਆ ਕੇ ਕੋਈ ਭਾਣਾ ਵਰਤਾਓਗੇ। ਕੋਈ ਉਸਤਾਦ ਹੀ ਦੱਸ ਸਕਦਾ ਹੈ ਨਾ ਯਾਰ, ਕਿ ਰਾਤ ਨੂੰ ਲੈਟਾਂ ਨੀਵੀਂਆਂ ਰੱਖੋ। ਸ਼ਰਾਬ ਪੀਕੇ ਅਤੇ ਮੋਬਾਇਲ ਸੁਣਦੇ ਹੋਏ ਗੱਡੀ ਨਾ ਚਲਾਓ। ਸਾਈਡ ਜਾਂ ਪਾਸ ਲੈਣ ਵੇਲੇ ਡਿਪਰ ਵਰਤੋ, ਧੁੰਦ ਵਿਚ ਜ਼ਿਆਦਾ ਸਾਵਧਾਨ ਰਹੋ। ਕਈ ਬੰਦੇ, ਖਾਸ ਕਰਕੇ ਕਾਰਾਂ ਵਾਲੇ ਧੁੰਦ ਵਿਚ ਪਾਰਕਿੰਗ ਲਾਈਟਾਂ ਜਗਾ ਕੇ ਚੱਲਦੇ ਹਨ। ਪਰ ਇਸ਼ਾਰੇ ਦੀ ਤੇਜ਼ ਪੀਲੀ ਭੜਕੀਲੀ ਲਾਈਟ ਦੀ ਜਗ-ਬੁਝ ਦੂਸਰੇ ਡਰੈਵਰ ਦੀ ਜਾਨ ਸੂਲੀ ਤੇ ਟੰਗ ਦਿੰਦੀ ਹੈ। ਸਿਆਣੇ ਆਖਦੇ ਹਨ ਕਿ ਘਰਵਾਲੀ ਤੇ ਗੱਡੀ ਹਮੇਸ਼ਾ 'ਟਿਪ ਟਾਪ' ਹੋਣੇ ਚਾਹੀਦੇ ਹਨ। ਭਾਵ ਦੋਹਾਂ ਦੇ ਨਾਜ਼ ਨਖ਼ਰੇ ਪੂਰੇ ਕਰਨੇ ਜ਼ਰੂਰੀ ਹਨ। ਗੱਡੀਆਂ ਦੀ ਸਾਂਭ ਸੰਭਾਲ ਦਾ ਅਸੂਲ ਹੀ ਹੈ ਕਿ ਸੈਲਫ਼ ਲਾਉਣ ਤੋਂ ਪਹਿਲਾਂ ਤੇਲ ਪਾਣੀ, ਹਵਾ ਵਗੈਰਾ ਚੈੱਕ ਕਰ ਲੈਣੇ ਚਾਹੀਦੇ ਹਨ ਤੇ ਹਾਂ, ਗੇਅਰ ਲਾਉਣ ਤੋਂ ਪਹਿਲਾਂ ਸੀਟ ਬੈਲਟ ਜ਼ਰੂਰ ਲਾ ਲਓ, ਕਿਉਂਕਿ ਇਹ ਪੁਲਿਸ ਚਲਾਨ ਤੋਂ ਬਚਣ ਲਈ ਨਹੀਂ, ਤੁਹਾਡੀ ਆਪਣੀ ਜ਼ਿੰਦਗੀ ਲਈ ਹਨ।

ਇੱਕ ਚੌਕ ਵਿਚ ਪੁਲਿਸ ਦਾ ਨਾਕਾ ਲੱਗਾ ਹੋਇਆ ਸੀ। ਹੋਮਗਾਰਡ ਵਾਲੇ ਜਵਾਨ ਪੂਰੀ ਮੁਸਤੈਦੀ ਨਾਲ ਹਰ ਤਰ੍ਹਾਂ ਦੀ ਗੱਡੀ ਨੂੰ ਰੋਕ ਰਹੇ ਸਨ। ਇਕ ਪਾਸੇ ਕੁਰਸੀ ਡਾਹ ਕੇ ਬੈਠਾ ਵੱਡਾ ਸਾਹਬ ਧੜਾਧੜ 'ਚਲਾਨ' ਕੱਟ ਰਿਹਾ ਸੀ। ਡਰਾਈਵਰ ਆਪਣੀਆਂ ਗੱਡੀਆਂ ਦੇ ਕਾਗਜ਼ ਦਿਖਾ ਰਹੇ ਸਨ ਤੇ ਜਨਾਬ ਹੁਰੀਂ ਪੂਰੀ ਫ਼ੁਰਤੀ ਨਾਲ 'ਪਟੇ' ਚਾੜ੍ਹ ਰਹੇ ਸਨ। ਇਤਨੇ ਵਿਚ ਇੱਕ ਡਰੈਵਰ ਬੋਲਿਆ, 'ਜਨਾਬ ਤੁਸੀਂ ਤਾਂ ਮੇਰਾ ਬਿਨਾਂ ਹੈਲਮੈਟ ਵਾਲਾ ਚਲਾਨ ਕੱਟ ਦਿੱਤਾ ਹੈ, ਮੈਂ ਤਾਂ ਟਰੱਕ ਚਲਾ ਰਿਹਾ ਸੀ ਮਾਲਕੋ!' ਤਾਂ ਠਾਣੇਦਾਰ ਮੁੱਛਾਂ ਕੁੰਢੀਆਂ ਕਰਕੇ ਬੋਲਿਆ,'ਓਇ ਹੈਲਮੈਟ ਤੋਂ ਬਿਨਾਂ ਅਸੀਂ ਘੁੱਗੀ ਜਿੰਨਾ ਸਕੂਟਰ ਨਹੀਂ ਲੰਘਣ ਦਿੰਦੇ ਤੇ ਤੂੰ ਪਹਾੜ ਜਿੱਡਾ ਟਰੱਕ ਕਿਵੇਂ ਹੱਕੀਂ ਫ਼ਿਰਦੈਂ ਚੌਰਿਆ!'

ਕਹਿੰਦੇ ਹਨ ਕਿ ਬੰਦੇ ਨੂੰ ਆਪਣੀ ਅਕਲ ਤੇ ਦੂਜੇ ਦੀ ਜੇਬ ਹਮੇਸ਼ਾ ਵੱਡੇ ਲਗਦੇ ਹਨ। ਇਹੀ ਹਾਲ ਗੱਡੀਆਂ ਵਾਲੇ ਲੋਕਾਂ ਦਾ ਹੈ। ਬੰਦਾ ਜਿੱਡੀ ਮਰਜੀ ਵਧੀਆ ਗੱਡੀ ਲੈ ਆਵੇ, ਫ਼ਿਰ ਵੀ ਉਸਨੂੰ ਦੂਸਰੇ ਦੀ ਗੱਡੀ ਵੇਖ ਕੇ ਈਰਖਾ ਦਾ ਮੱਛਰ ਡੰਗ ਮਾਰ ਹੀ ਜਾਂਦਾ ਹੈ। ਇੱਛਾਵਾਂ ਅੰਤਹੀਣ ਹੁੰਦੀਆਂ ਹਨ। ਸਿਕੰਦਰ 'ਮਹਾਨ' ਦੁਨੀਆਂ ਜਿੱਤਣ ਦੀ ਇੱਛਾ ਲੈ ਕੇ ਦਲ ਬਲ ਸਮੇਤ ਹੱਲੇ ਕਰ ਰਿਹਾ ਸੀ।



ਭਾਰਤੀ ਸਾਧੂ ਸੰਤਾਂ ਦੀ ਕਰਾਮਾਤੀ ਸ਼ਕਤੀ ਬਾਰੇ ਉਸਨੇ ਬਹੁਤ ਸੁਣਿਆ ਸੀ। ਇਕ ਦਿਨ ਉਸਦੇ ਸਿਪਾਹੀ ਇਕ ਸਾਧ ਨੂੰ ਫੜ ਕੇ ਲਿਆਏ ਤੇ ਆਖਣ ਲੱਗੇ, 'ਮਹਾਰਾਜ ਇਹ ਆਖਦਾ ਏ ਕਿ ਇਸ ਕੋਲ ਹਰੇਕ ਦੀ ਇੱਛਾ ਪੂਰੀ ਕਰਨ ਦੀ ਸ਼ਕਤੀ ਹੈ।' ਉਸ ਸਾਧ ਨੇ ਸਿਕੰਦਰ ਨੂੰ ਉਸਦੇ ਦਿਲ ਦੀ ਵਿਸ਼ਵ ਵਿਜੇਤਾ ਬਣਨ ਵਾਲੀ ਗੱਲ ਦੱਸ ਕੇ ਕਾਇਲ ਕਰ ਲਿਆ ਤੇ ਆਖਿਆ ਕਿ ਤੇਰੀ ਇੱਛਾ ਤਾਂ ਪੂਰੀ ਹੋ ਸਕਦੀ ਹੈ ਜੇ ਤੂੰ ਮੇਰਾ ਇਹ ਕਮੰਡਲ ਸੋਨੇ ਦੀਆਂ ਮੁਹਰਾਂ ਨਾਲ ਭਰ ਦੇਵੇਂ। ਸਿਕੰਦਰ ਲਈ ਇਹ ਮਾਮੂਲੀ ਗੱਲ ਸੀ। ਪਰ ਕੌਤਕ ਵਰਤ ਗਿਆ, ਜਦੋਂ ਮੋਹਰਾਂ ਪਾਉਣ ਦੇ ਬਾਵਜੂਦ ਕਮੰਡਲ ਖਾਲੀ ਹੋ ਗਿਆ.. ! ਮੋਹਰਾਂ ਫ਼ਿਰ ਪਾਈਆਂ ਗਈਆਂ ਪਰ ਬਰਤਨ ਖਾਲੀ ਦਾ ਖਾਲੀ ...। ਹੈਰਾਨ ਹੋਏ ਸਿਕੰਦਰ ਨੂੰ ਸਾਧ ਨੇ ਆਖਿਆ ਕਿ ਰਾਜਾ ਮੇਰਾ ਇਹ ਕਮੰਡਲ ਕਦੇ ਭਰ ਨਹੀਂ ਸਕਦਾ। ਇਹ ਕਦੇ ਰੱਜੇਗਾ ਨਹੀਂ। ਪਤਾ ਹੈ ਕਿਉਂ? ਕਿਉਂਕਿ ਇਹ ਮਨੁੱਖ ਦੀ ਖੋਪੜੀ ਦਾ ਬਣਿਆ ਹੈ!'

ਪਰ ਇਕ ਗੱਲੋਂ ਬੰਦੇ ਨੂੰ ਸੰਤੁਸ਼ਟ ਹੋਣਾ ਵੀ ਨਹੀਂ ਚਾਹੀਦਾ। ਜਰਾ ਸੋਚੋ, ਜੇ ਵਿਗਿਆਨਿਕ ਸਾਈਕਲ ਬਣਾ ਕੇ ਹੀ ਸੰਤੁਸ਼ਟ ਹੋ ਜਾਂਦੇ ਤਾਂ ਗੱਲ ਆਪਣੀ 'ਮਰੂਤੀ ੮੦੦' ਤੱਕ ਕਿਵੇਂ ਪੁੱਜਦੀ। ਉਹ ਗੱਲ ਹੋਰ ਹੈ ਕਿ ਕਈਆਂ ਦੀ ਨਜ਼ਰ ਵਿਚ ਸਾਈਕਲ ਦੀ ਕਾਢ ਕਰਨ ਵਾਲਾ ਬੰਦਾ ਦੁਨੀਆਂ ਦਾ ਸਭ ਤੋਂ ਵੱਡਾ ਆਲਸੀ ਸੀ, ਜੋ ਪੈਦਲ ਚੱਲ ਕੇ ਰਾਜੀ ਨਹੀਂ ਸੀ। ਅੱਜ ਦੀ ਕਾਰ, ਹਵਾਈ ਜਹਾਜ਼, ਰੇਲ ਸਭ ਉਸਦੇ ਸਾਈਕਲ ਦੇ ਹੀ ਰੂਪ ਹਨ।

ਇਕ ਵਿਗਿਆਨੀ ਆਖ ਰਿਹਾ ਸੀ ਕਿ ਹੁਣ ਖੋਜਾਂ ਕਰਨ ਦਾ ਪਹਿਲਾਂ ਜਿੰਨਾ ਮਜ਼ਾ ਨਹੀਂ ਰਿਹਾ। ਇਕ ਖੋਜ ਅਜੇ ਲੋਕਾਂ ਤੱਕ ਪੁਜਦੀ ਨਹੀਂ, ਦੂਸਰੀ ਤੀਸਰੀ ਹੋਰ ਨਵੀਂ ਆ ਜਾਂਦੀ ਹੈ। ਰੇਡੀਓ ਤੋਂ ਐਮ. ਪੀ. ਥਰੀ ਤੱਕ ਦੀ ਮਿਸਾਲ ਵੇਖੀ ਜਾ ਸਕਦੀ ਹੈ, ਹੁਣ ਇਹਨਾਂ ਕਾਢਾਂ ਨੂੰ ਵੀ ਨਵੀਂਆਂ ਕਾਢਾਂ ਛੇਤੀ ਹੀ ਕੱਟ ਜਾਣਗੀਆਂ। ਇਸੇ ਤਰ੍ਹਾਂ ਹੁਣ ਦੀਆਂ ਮੋਟਰ ਕਾਰਾਂ ਨੂੰ ਸ਼ਾਇਦ 'ਲੇਜ਼ਰ ਟਰਾਂਸਪੋਰਟ' ਗਾਇਬ ਕਰ ਦੇਵੇ। ਇਹ ਚਰਚਾ ਸੁਣੀ ਹੈ ਕਿ ਕੁਝ ਵਿਗਿਆਨੀ ਨਵੀਂ ਤਕਨੀਕ ਵਿਕਸਿਤ ਕਰ ਰਹੇ ਹਨ, ਮਸ਼ੀਨ ਵਿਚ ਬੈਠੋ, ਜਿਥੇ ਜਾਣਾ ਹੋਵੇ ਉਹ ਟਾਈਪ ਕਰੋ, ਬਟਨ ਦੱਬੋ ਤੇ ਬੰਦਾ ਗਾਇਬ! ਸਿੱਧਾ ਦੂਜੇ ਪਾਸੇ ਆਪਣੇ ਟਿਕਾਣੇ ਤੇ ਪ੍ਰਗਟ ਹੋ ਜਾਵੇਗਾ। ਫ਼ਿਲਹਾਲ ਇਹ ਪ੍ਰਯੋਗ ਚੂਹਿਆਂ ਤੇ ਹੋ ਰਹੇ ਨੇ। ਜੇ ਇਹ ਤਕਨੀਕ ਸੱਚਮੁਚ ਕਾਮਯਾਬ ਹੋ ਗਈ ਤਾਂ 'ਕੀ ਬਣੂੰ ਦੁਨੀਆਂ ਦਾ!'

ਖ਼ੈਰ, ਫਿਲਹਾਲ ਤਾਂ ਆਪਣੀਆਂ ਮੋਟਰਾਂ ਜ਼ਿੰਦਾਬਾਦ! ਡੀਜ਼ਲ, ਪੈਟਰੋਲ, ਗੈਸ, ਬਿਜਲੀ, ਜੋ ਵੀ ਫ਼ੁਕਦੈ, ਫੂਕੋ ਤੇ ਕਰੋ ਹਵਾ ਨਾਲ ਗੱਲਾਂ..! ਪਰ ਹਾਂ, ਗੱਡੀ ਮੁਤਾਬਕ ਹੈਲਮੈਟ ਜਾਂ ਸੀਟ ਬੈਲਟ ਜ਼ਰੂਰ ਲਾ ਲਿਓ ਜਨਾਬ! ਫ਼ੇਰ ਮਿਲਾਂਗੇ...

# ਚਾਹ ਪਾਣੀ

ਚੁੱਲ੍ਹੇ ਉੱਤੇ ਚਾਹ ਦੀ ਪਤੀਲੀ ਖੜਕਣ ਨਾਲ ਕਈ ਸੱਜਣਾਂ ਦੀ ਜ਼ਿੰਦਗੀ ਸੁਰ ਹੋ ਜਾਂਦੀ ਹੈ। ਚਿਹਰੇ ਖਿੜ ਜਾਂਦੇ ਹਨ। ਬਰਸਾਤ ਦੀ ਕਿਣਮਿਣ, ਰਸੋਈ ਵਿਚ ਚਾਹ ਦੀ ਪਤੀਲੀ ਦੀ ਟੁਣਕਣ..ਸੰਗੀਤਮਈ ਮਾਹੌਲ ਬਣ ਜਾਂਦਾ ਹੈ। ਚਾਹ ਦਾ ਗਰਮਾ ਗਰਮ ਪਿਆਲਾ, ਤੇ ਵਿਚੋਂ ਹੌਲੀ ਹੌਲੀ ਉਡਦੀ ਭਾਫ਼। ਦਿਲ ਖ਼ੁਸ਼ ਹੋ ਕੇ ਉਸ ਸਿਆਣੇ ਨੂੰ ਦੁਆ ਦੇ ਛੱਡਦਾ ਹੈ ਜਿਸ ਨੇ ਕਹਾਵਤ ਬਣਾਈ ਸੀ, 'ਜਿੱਥੇ ਚਾਹ, ਉੱਥੇ ਰਾਹ'! ਵਾਹ! ਵਾਹ!!

ਚਾਹ ਦਾ ਸਬੰਧ ਪਾਣੀ ਨਾਲ ਹੈ ਅਤੇ ਚਾਹ ਪਾਣੀ ਦਾ ਸਬੰਧ ਦਫ਼ਤਰਾਂ ਨਾਲ ਅਤੇ ਦਫ਼ਤਰਾਂ ਦਾ ਸਬੰਧ ਹਰੇਕ ਬੰਦੇ ਨਾਲ। ਮਲਵਈ ਕਵੀਆਂ ਦੇ ਕੁੰਡਲੀਏ ਛੰਦਾਂ ਵਾਂਗ ਬੰਦੇ ਅਤੇ ਚਾਹ ਵਿਚਲੀਆਂ 'ਘੁੰਡੀਆਂ' ਕਿਸੇ ਤਰ੍ਹਾਂ ਵੀ ਘੱਟ ਨਹੀ। ਚਾਹ ਪਾਣੀ ਦਾ ਸੁਮੇਲ ਦਫ਼ਤਰਾਂ ਵਿਚ ਤੁਹਾਡੀ ਮੁਸੀਬਤਾਂ ਭਰੀ ਫ਼ਾਈਲ ਰੂਪੀ ਉਬੜ ਖ਼ਾਬੜ ਟੋਏਦਾਰ ਸੜਕ ਨੂੰ ਰੋਡ ਰੋਲਰ ਵਾਂਗ ਪੱਧਰਾ ਕਰ ਦਿੰਦਾ ਹੈ। ਲੋੜ ਹੁੰਦੀ ਹੈ ਤਾਂ ਕੇਵਲ ਟੈਮ ਬੇਟੈਮ ਜਾਂ ਵੇਲੇ ਕੁਵੇਲੇ ਦੀ ਰਮਜ਼ ਪਛਾਨਣ ਦੇ। ਜਿਵੇਂ ਕਿਸੇ ਵੀ ਘਰ ਦੇ ਭਾਗ ਉਸਦੀ ਦਹਿਲੀਜ਼ ਤੋਂ ਅਤੇ ਬੰਦੇ ਦੀ ਔਕਾਤ ਪਹਿਲਾਂ ਕਮੀਜ਼ ਤੇ ਫ਼ਿਰ ਤਮੀਜ਼ ਤੋਂ ਪਛਾਣੀ ਜਾਂਦੀ ਹੈ, ਉਸੇ ਤਰ੍ਹਾਂ ਚਾਹ ਪਾਣੀ ਛਕਣ ਛਕਾਉਣ ਵਾਲੇ ਬੰਦੇ ਦੀ ਤਿਰਛੀ ਨਜ਼ਰ, ਰੁੱਖੀ ਬੋਲੀ, ਸੁਸਤ ਤੇ ਲਮਕਾਊ ਸਟਾਈਲ ਤੋਂ ਪਛਾਣੇ ਜਾਂਦੇ ਹਨ। ਚਿੱਕੜਦਾਰ, ਟੋਏਦਾਰ ਤੇ ਰੋੜੀਦਾਰ ਸੜਕ ਵਿਚ ਫ਼ਸੀ ਬੱਤਖ ਵਰਗੀ ਕਾਰ ਵਾਂਗ ਕਿਸੇ ਬਾਬੂ ਦੇ ਟੇਬਲ ਤੇ ਅਟਕੀ ਤੁਹਾਡੀ ਜ਼ਰੂਰੀ ਫ਼ਾਈਲ ਨੂੰ ਚਾਂਦੀ ਦੇ ਪਹੀਏ ਲਾ ਕੇ ਅਗਾਂਹ ਤੋਰਨ ਉਤੇ 'ਚਾਹ ਪਾਣੀ' ਦਾ ਲੇਬਲ ਲਾਉਣ ਵਾਲਾ ਬੰਦਾ ਵਾਕਈ ਕਾਬਿਲੇ ਤਾਰੀਫ਼ ਹੈ।

ਮੁਹੰਮਦ ਸਦੀਕ ਹੁਰਾਂ ਕਦੇ ਗਾਇਆ ਸੀ ਚਾਹ ਦਾ ਤਰਾਨਾ, 'ਚੁੱਲ੍ਹੇ ਉੱਤੇ ਜਦੋਂ ਵੀ ਪਤੀਲਾ ਖੜਕੇ, ਸੁੰਨਿਆਂ ਸਰੀਰਾਂ ਵਿਚ ਜਿੰਦ ਧੜਕੇ..!' ਜੇ ਬ੍ਰੇਕਫ਼ਾਸਟ, ਲੰਚ, ਡਿਨਰ ਨੂੰ ਤੁਸੀਂ 'ਪੈਟਰੋਲ' ਕਹੋਗੇ ਤਾਂ ਚਾਹ ਮੋਬਿਲ ਆਇਲ ਹੈ, ਇੰਜਨ ਆਇਲ ਵੀ ਹੈ, ਬ੍ਰੇਕ ਆਇਲ ਵੀ ਹੈ। ਆਇਲ ਯਾਨੀ ਤੇਲ ਜਿਸ ਨਾਲ ਕੋਈ ਮਸ਼ੀਨ ਕਦੇ ਜਾਮ ਨਹੀ ਹੁੰਦੀ। ਚਾਹ ਪਾਣੀ ਪੀ ਬੰਦਾ ਕਾਇਮ ਹੋ ਜਾਂਦਾ ਹੈ ਤੇ



ਦਫ਼ਤਰਾਂ ਵਾਲੇ, ਟੇਬਲਾਂ ਵਾਲੇ, ਫ਼ਾਈਆਂ ਤੋਰਨ ਵਾਲੇ ਬੰਦਿਆਂ ਵਿਚ ਅਜਿਹੀ ਫ਼ੁਰਤੀ ਆ ਜਾਂਦੀ ਹੈ ਕਿ ਫ਼ਿਰ ਭਾਵੇਂ ਉਸ ਤੋਂ ਸੂਰਜ ਨੂੰ ਪੁੱਠਾ ਗੇੜਾ ਦਿਵਾ ਲਓ!

ਇੱਕ ਬੇਰੁਜ਼ਗਾਰ ਨੂੰ ਮਸਾਂ ਮਸਾਂ ਨੌਂਕਰੀ ਮਿਲੀ। ਕਈ ਜਗ੍ਹਾ ਉਸ ਨੇ ਆਪਣੀ ਅਰਜ਼ੀ ਵਾਲੀ ਫ਼ਾਈਲ ਨੂੰ ਪਹੀਏ ਲਾਏ ਸਨ। ਮੈਡੀਕਲ ਕਰਨ ਵਾਲੇ ਡਾਕਟਰ ਨੇ ਆਪਣੇ ਸੇਵਾਦਾਰ ਨੂੰ ਕਿਹਾ ਕਿ ਇਹਦੀ ਨਜ਼ਰ ਟੈਸਟ ਕਰੋ ਬਈ। ਸੇਵਾਦਾਰ ਨੇ ਇਕ ਕਮਰੇ ਦੇ ਦਰਵਾਜੇ ਵਿਚ ਸੰਭਾਵੀ ਨਵ ਨਿਯੁਕਤ ਮੁੰਡੇ ਨੂੰ ਖੜ੍ਹਾ ਕੇ ਆਖਿਆ, "ਕਾਕਾ, ਔਹ ਸਾਹਮਣੇ ਕੰਧ 'ਤੇ ਲਟਕਦੇ ਚਾਰਟ ਵਿਚੋਂ ਚੌਥੀ ਲਾਈਨ ਪੜ੍ਹ ਕੇ ਦੱਸ।" ਕੰਧ ਦੂਰ ਸੀ। ਉਸ ਉਪਰ ਲਟਕਦਾ ਚਾਰਟ ਭਾਵੇਂ ਦਿਸ ਰਿਹਾ ਸੀ ਪਰ ਚੌਥੀ ਲਾਈਨ...! ਬੜੀ ਕੋਸ਼ਿਸ਼ ਕੀਤੀ। ਉਸ ਦੀਆਂ ਅੱਖਾਂ ਵਿਚੋਂ ਪਾਣੀ ਵਗਣ ਲੱਗ ਪਿਆ। ਇਸ ਨਾਲ ਤਾਂ ਪਹਿਲਾਂ ਨਾਲੋਂ ਵੀ ਜ਼ਿਆਦਾ ਧੁੰਧਲਾ ਦਿਸਣ ਲੱਗ ਪਿਆ। ਇਕ ਪਲ ਉਸਨੂੰ ਆਪਣੀ ਨੌਂਕਰੀ ਅੱਖਾਂ ਵਿਚੋਂ ਵਗਦੇ ਪਾਣੀ ਵਿਚ ਰੁੜ੍ਹਦੀ ਜਾਪੀ। ਫ਼ਿਰ ਘਿਗਿਆਈ ਆਵਾਜ਼ 'ਚ ਸੇਵਾਦਾਰ ਅੱਗੇ ਤਰਲਾ ਕੀਤਾ। ਪੰਜ ਸੌ ਰੁਪਏ ਦੀ ਆਵਾਜ਼ ਆਈ। ਮੁੰਡੇ ਕੋਲ ਸੌ ਰੁਪਿਆ, ਇੱਕ ਘੜੀ, ਇੱਕ ਮੁੰਦਰੀ ਸੀ। ਸੌਦਾ ਹੋ ਗਿਆ। ਡਾਕਟਰ ਕੋਲ ਓ. ਕੇ. ਰਿਪੋਰਟ ਪੁੱਜ ਗਈ, 'ਮੁੰਡਾ ਜਮ੍ਹਾਂ ਫ਼ਿੱਟ ਐ ਜਨਾਬ! ਚਾਹ ਪਾਣੀ ਅਮਰ ਰਹੇ!

ਲੋਕ ਤਾਂ ਖ਼ਾਹਮਖਾਹ ਇਸ ਨੂੰ ਭੈੜੇ ਭੈੜੇ ਨਾਮ ਦਿੰਦੇ ਹਨ; ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਚਾਂਦੀ ਦੀ ਜੁੱਤੀ ਵਗੈਰਾ ਵਗੈਰਾ। ਉਨ੍ਹਾਂ ਨੂੰ ਕੀ ਪਤਾ ਬਈ ਇਸ ਦੇ ਹੋਰ ਖ਼ੂਬਸੂਰਤ ਨਾਂ ਵੀ ਮੌਜੂਦ ਹਨ। ਇਹ ਤਾਂ ਬੱਸ ਜਨਾਬ ਦੇ ਜੁਆਕਾਂ ਲਈ 'ਮਠਿਆਈ', ਮੈਡਮ ਲਈ 'ਮਾਮੂਲੀ' ਸੌਗਾਤ ਭੇਟਾ, 'ਜਸਟ ਟੋਕਨ ਆਫ਼ ਅਕਾਊਂਟ' ਹੁੰਦੀ ਹੈ। ਇਹੀ ਤਾਂ ਉਹ ਗੈਬੀ ਸ਼ਕਤੀ ਹੈ ਜੀਹਦੇ ਆਸਰੇ ਆਪਣੇ ਮੁਲਕ ਵਿਚ ਤੇ ਸਾਰੇ ਸੰਸਾਰ ਵਿਚ ਕਈ ਫ਼ੈਸਲੇ ਰਾਤੋ ਰਾਤ ਹੋ ਜਾਂਦੇ ਹਨ ਅਤੇ ਕਈ ਪੀੜ੍ਹੀ ਦਰ ਪੀੜ੍ਹੀ ਕਿਸੇ ਦਫ਼ਤਰ ਦੀ ਸਿਉਂਕ ਖਾਧੀ ਅਲਮਾਰੀ ਦੀ ਟੁੱਟੀ ਭੱਜੀ ਸੈਲਫ਼ ਉੱਪਰ, ਮੱਕੜੀ ਦੇ ਜਾਲਿਆਂ ਵਿਚ ਲਿਪਟੀ ਧੂੜ ਭਰੀ ਪੰਡ ਵਿਚ ਪਈ, ਅਗਲੇ ਟੇਬਲ ਤੇ ਜਾਣ ਲਈ ਆਪਣੀ ਵਾਰੀ ਦੀ ਉਡੀਕ ਵਿਚ ਆਖ਼ਰ ਦਮ ਤੋੜ ਦਿੰਦੇ ਹਨ।

ਕਿਸੇ ਮੁਲਾਜ਼ਮ ਨੇ ਆਪਣਾ 'ਪਰਖ਼ ਸਮਾਂ' ਪਾਰ ਜਾਂ ਪਾਸ ਕਰਨ ਦਾ ਕੇਸ ਬਣਾ ਕੇ ਉੱਪਰ ਭੇਜਿਆ। ਪਹਿਲਾਂ ਤਾਂ ਜਿਵੇਂ ਬਿਨਾਂ ਪੱਤਣ ਵਾਲੀ ਖ਼ੂਹੀ ਵਿਚ ਸੁੱਟੀ ਇੱਟ ਦਾ ਕੋਈ ਖੜਕਾ ਹੀ ਨਹੀਂ ਸੁਣਦਾ, ਉਵੇਂ ਹੀ ਉੱਪਰ ਗਏ ਕੇਸ ਦੀ ਕੋਈ ਉੱਘ ਸੁੱਘ ਨਾ ਲੱਗੀ। ਕੰਟੀਨ ਵਿਚ ਅੱਧੀ ਛੁੱਟੀ ਵੇਲੇ ਚਾਹ ਦਾ ਪਿਆਲਾ ਫ਼ੜਦਿਆਂ ਹੀ ਉਸ ਦਾ ਮੱਥਾ ਠਣਕਿਆ। ਸੋਚਿਆ, ਮਨਾ ਮੇਰਿਆ, ਇਹ ਤਾਂ ਵੱਡੀ ਭੁੱਲ ਹੋ ਚੱਲੀ

ਸੀ। ਝੱਟ ਉੱਪਰਲੇ ਦਫ਼ਤਰ ਕੇਸ ਵਾਲੇ ਟੇਬਲ ’ਤੇ ਪੁੱਜਾ। ਮੌਕਾ ਮੇਲ ਵੇਖ ਕੇ ‘ਬੱਚਿਆਂ ਲਈ ਮਠਿਆਈ’ ਵਾਲਾ ਤੀਰ ਛੱਡਿਆ, ਜੋ ਠਾਹ ਕਰਕੇ ਅਗਲੇ ਦਾ ਸੀਨਾ ਠਾਰ ਗਿਆ।

ਅਜਿਹਾ ਨਹੀਂ ਕਿ ਦਫ਼ਤਰਾਂ ਵਾਲੇ ਸਾਰੇ ਹੀ ਇੱਕੋ ਪਤੀਲੀ ਵਾਲਾ ‘ਚਾਹ ਪਾਣੀ’ ਪੀਣ ਵਾਲੇ ਹੀ ਹੁੰਦੇ ਹਨ।ਚਾਹ ਦਾ ਦਾਗ਼ ਚਾਹੇ ਪਤੀਲੀ ਉਤੇ ਪਵੇ, ਚਾਹੇ ਪਿਆਲੇ ਉਤੇ, ਚਾਹੇ ਕੁੜਤੇ ਉਤੇ, ਚਾਹੇ ਕਮੀਜ਼ ਉਤੇ, ਪਰ ਆਪਣੀ ਆਤਮਾ ਅਤੇ ਤਮੀਜ਼ ਤਹਿਜ਼ੀਬ ਨੂੰ ਕੁਝ ਲੋਕ ਹਰ ਕੀਮਤ ਤੇ ਅਜਿਹੇ ਦਾਗ਼ ਤੋਂ ਬਚਾਈ ਰੱਖਦੇ ਹਨ।ਅਜਿਹੇ ਬੰਦਿਆਂ ਨੂੰ ਲੋਕ ਸਿਰਫ਼ਿਰੇ, ਅੜਬ, ਸੈਂਟੀਮੈਂਟਲ ਜਾਂ ਫ਼ਿਰ ਮੈਂਟਲ ਤੇ ਕਈ ਵਾਰ ਕਰੈਕ ਆਖ਼ ਛੱਡਦੇ ਹਨ। ਪਰ ਹਾਥੀ ਚੱਲਦਾ ਹੈ ਆਪਣੀ ਮਸਤੀ ਵਿਚ, ਡੱਬੂ ਆਪਣੀ ਥਾਂ ਭੌਂਕੀ ਜਾਣ। ਉਹ ਦੋਵੇਂ ਬਣੇ ਹੀ ਇਸੇ ਕੰਮ ਲਈ ਹਨ। ਵੈਸੇ ਵੀ ਤਾਂ ਆਪਾਂ ਦੇਖਦੇ ਹੀ ਹਾਂ, ਕਈ ਬੰਦੇ ਆਖ ਦਿੰਦੇ ਹਨ, ‘ਜੀ ਮੈਂ ਚਾਹ ਨਹੀਂ ਪੀਂਦਾ।’ ਅਜਿਹੇ ਬੰਦੇ ਨੂੰ ਘਰ ਵਿਚ ਵੀ ਓਨਾ ਹੀ ਅਜੀਬ ਸਮਝਿਆ ਜਾਂਦਾ ਹੈ ਜਿੰਨਾ ਦਫ਼ਤਰ ਵਿਚ। ਕਈ ਵਾਰ ਤਾਂ ਏਦਾਂ ਲਗਦਾ ਹੈ ਜਿਵੇਂ ਉਹ ਆਮ ਬੰਦਾ ਨਹੀਂ, ਸਗੋਂ ਜੁਰਾਸਿਕ ਪਾਰਕ ਵਾਲਾ ਕੋਈ ਭੁੱਲਿਆ ਭਟਕਿਆ ਡਾਇਨਾਸੋਰ ਹੈ, ਜੋ ਭੁਲੇਖੇ ਨਾਲ ‘ਬੰਦਿਆਂ’ ਦੀ ਬਸਤੀ ਵਿਚ ਆ ਵੜਿਆ ਹੈ।

ਅਜਿਹੇ ਹੀ ਚਾਹ ਨਾ ਪੀਣ ਵਾਲੇ ਇਕ ਅਫ਼ਸਰ ਕੋਲ ਕਿਸੇ ਠੇਕੇਦਾਰ ਨੇ ਪਹੁੰਚ ਕੀਤੀ ਕਿ ਉਸ ਨੂੰ ਮਿਲਣ ਵਾਲੇ ਠੇਕੇ ਦਾ ਸਾਰਾ ਦਾਰੋਮਦਾਰ ਜਨਾਬ ਦੀ ਟੇਬਲ ਉੱਤੇ ਪਈ ਫ਼ਾਈਲ ਤੇ ਹੈ। ਟੈਂਡਰ ਪਾਸ ਹੋ ਜਾਏ ਤਾਂ ਮੂੰਹ ਮੰਗੀ ਸੇਵਾ ਕਰ ਦਿਆਂਗਾ। ਪਰ ਸਾਹਬ ਤਾਂ ਅਜਿਹੇ ਲੋਕਾਂ ਨੂੰ ਧੁਰੋਂ ਹੀ ਕਰਾਰੇ ਜਵਾਬ ਦੇਣ ਲਈ ਧਰਤੀ ਤੇ ਆਇਆ ਸੀ। ਉਸ ਨੇ ਕਿਹਾ, ‘ਜਾਇਜ਼ ਹੋਇਆ ਤਾਂ ਕੰਮ ਹੋਜੂ, ਇਹ ਸਭ ਕਰਨ ਦੀ ਲੋੜ ਨਹੀਂ।’ ਖ਼ੈਰ ਉਸ ਠੇਕੇਦਾਰ ਦਾ ਕੰਮ ਆਪਣੇ ਆਪ ਹੀ ਸੂਤ ਆ ਗਿਆ ਤੇ ਉਸ ਨੇ ਆਪਣੇ ਵਾਅਦੇ ਮੁਤਾਬਕ ਵਧੀਆ ਸ਼ਰਾਬ ਦੀ ਪੇਟੀ ਸਾਹਿਬ ਦੇ ਘਰ ਪੁੱਜਦੀ ਕਰ ਦਿੱਤੀ।

ਸ਼ਾਮ ਨੂੰ ਜਦੋਂ ਸਾਹਬ ਘਰ ਆਇਆ ਤਾਂ ਘਰਵਾਲੀ ਨੇ ਸਾਰੀ ਗੱਲ ਚਾਈਂ ਚਾਈਂ ਸੁਣਾਈ ਕਿ ਕਿਵੇਂ ਉਹ ਬੰਦਾ ਤੁਹਾਡੀ ਸਿਫ਼ਤ ਕਰਦਾ ਨਹੀਂ ਸੀ ਥੱਕਦਾ। ਪਰ ਸਾਹਿਬ ਤਾਂ ਹੋਰ ਹੀ ਮਿੱਟੀ ਦਾ ਬਣਿਆ ਜਾਪਦਾ ਸੀ।ਉਹਦਾ ਗੁੱਸਾ ਆਤਿਸ਼ਬਾਜ਼ੀ ਵਾਂਗ ਉੱਪਰ ਚੜ੍ਹਿਆ। ਬੋਤਲਾਂ ਸਾਰੀਆਂ ਟਾਇਲਟ ਵਿਚ ਰੋੜ੍ਹ ਦਿੱਤੀਆਂ। ਖ਼ਾਲੀ ਬੋਤਲਾਂ ਤੁਰੰਤ ਬਾਹਰ ਕੂੜੇਦਾਨ ਵਿਚ ਸੁੱਟ ਕੇ ਸਾਹ ਲਿਆ ਜਿਵੇਂ ਕਿਸੇ ਆਤਿਸ਼ਬਾਜ਼ੀ ਨੂੰ ਪਟਾਕਾ ਵੱਜਣ ਤੋਂ ਬਾਅਦ ਚੈਨ ਆਉਦਾ ਹੈ। ਅਤਿਸ਼ਬਾਜੀ ਵਿਚੋਂ ਆਤਿਸ਼



ਖ਼ਤਮ ਹੋ ਜਾਂਦੀ ਹੈ ਤੇ ਸਾਹਬ ਵਿਚੋਂ ਗੁੱਸਾ। ਦੋਵੇਂ ਹੀ ਲੜਖੜਾਉਂਦੇ ਹੋਏ ਹੇਠਾਂ ਡਿੱਗਦੇ ਹਨ, ਆਤਿਸ਼ਬਾਜ਼ੀ ਜ਼ਮੀਨ ਉੱਤੇ ਅਤੇ ਸਾਹਬ ਮੰਜੇ ਉੱਤੇ। ਪਰ ਹੁਣ ਸਾਹਬ ਦੀ ਘਰਵਾਲੀ ਦੀ ਬੇਚੈਨੀ ਚਰਖੀ ਵਾਂਗ ਘੁੰਮਦੀ ਹੈ। ਸਾਰੀ ਰਾਤ ਉਸਨੂੰ ਨੀਂਦ ਨਹੀਂ ਆਉਂਦੀ। ਹਾਏ ਇਹ ਚਾਹ ਪਾਣੀ!

ਅਸਲ ਵਿਚ ਚਾਹ ਪਾਣੀ ਦੀ ਗੁੜ੍ਹਤੀ ਤਾਂ ਅਸੀਂ ਆਪਣੀ ਉਮਰ ਦੇ ਨਾਲ ਹੀ ਸ਼ੁਰੂ ਕਰ ਦਿੰਦੇ ਹਾਂ, ਜੋ ਬਾਅਦ ਵਿਚ ਗਾਜਰ ਬੂਟੀ ਵਾਂਗ ਆਪ ਮੁਹਾਰੇ ਬੀਜ ਤੋਂ ਬੂਟਾ, ਬੂਟੇ ਤੋਂ ਬੀਜ ਬਣ ਕੇ ਰੰਗ ਦਿਖਾਉਂਦੀ ਰਹਿੰਦੀ ਹੈ। ਪੰਘੂੜੇ ਵਿਚ ਪਏ ਰੋਂਦੂ ਜਵਾਕ ਨੂੰ ਛਣਕਣੇ ਨਾਲ, ਸਕੂਲੇ ਨਾ ਜਾਣ ਦੀ ਜਿੱਦ ਫ਼ੜੀ ਬੈਠੇ ਨਿਆਣੇ ਨੂੰ ਲੌਲੀਪਾਪ ਨਾਲ, ਘਰਵਾਲੀ ਨੂੰ ਸੂਟ, ਸਾੜ੍ਹੀ, ਝੁਮਕੇ ਨਾਲ ਅਤੇ ਹੋਰਾਂ ਨੂੰ ਹੋਰਾਂ ਨਾਲ ਖੁਸ਼ ਕਰਨ ਵੇਲੇ ਅਸੀਂ ਕਿਤੇ ਨਾ ਕਿਤੇ ਆਪਣੀ ਗੱਡੀ ਚਲਦੀ ਰੱਖਣ ਲਈ ਚਾਹ ਪਾਣੀ ਦਾ ਤੇਲ ਪਾਉਂਦੇ ਹੀ ਰਹਿੰਦੇ ਹਾਂ। ਫ਼ਿਰ ਇਹ ‘ਸੁਧਰੇ’ ਰੂਪ ਵਿਚ ਦਫ਼ਤਰਾਂ ਵਿਚ ਕਿਉਂ ਰੜਕਦਾ ਹੈ ? ਕਿਉਂ ਬਾਬੂ ਕੌਮ ਨਾਲ ਈਰਖਾ ਦਾ ਮੱਛਰ ਲੋਕਾਂ ਨੂੰ ਡੰਗਦਾ ਹੈ ? ਇਹ ਤਾਂ ਦੋਸਤੋ ! ਦਸਤੂਰ ਹੈ, ਤੁਸੀਂ ਇਸਨੂੰ ਵੇਖ ਕੇ ਫ਼ਿਜ਼ੂਲ ਵਿਚ ਹੀ ਦਸਤ ਦੇ ਸ਼ਿਕਾਰ ਹੋ ਜਾਂਦੇ ਹੋ।

ਚਾਹ ਦਾ ਸਬੰਧ ਚਾਹਤ ਨਾਲ ਹੈ। ਆਪਾਂ ਇਸ ਨੂੰ ਬੜਾ ਚਾਹ ਕੇ ਪੀਂਦੇ ਹਾਂ। ਇਸ ਨੇ ਵੀ ਬਦਲੇ ਵਿਚ ਹੁਣ ਆਊਟਡੇਟਡ ਹੋ ਚੁੱਕੀਆਂ ਲੱਸੀਆਂ, ਮੱਖਣ, ਮਲਾਈਆਂ ਖੂੰਜੇ ਲਾ ਛੱਡੀਆਂ ਹਨ।

ਚੰਗਾ ਬਾਈ ਜੀ ! ਆਪਣਾ ਵੀ ਹੁਣ ਚਾਹ ਪੀਣ ਦਾ ਟੈਮ ਹੋ ਗਿਆ, ਤੁਸੀਂ ਵੀ ਆਪਣੇ ਚੁੱਲ੍ਹੇ ਤੇ ਰੱਖੀ ਪਤੀਲੀ ਦੀ ਸਾਰ ਲਓ !

* * *

# ਜ਼ਮਾਨਾ ਬਦਲ ਗਿਆ

ਕਹਿੰਦੇ ਹਨ ਕਿ ਯੁੱਗ ਬਦਲ ਰਿਹਾ ਹੈ। ਪੁਰਾਣੇ ਲੋਕ ਅਤੇ ਪੁਰਾਣੀਆਂ ਬਾਤਾਂ ਵੀ ਬਦਲ ਰਹੀਆਂ ਹਨ। ਪਹਿਲਾਂ ਦਾਦੀ ਮਾਂ ਆਪਣੇ ਨੰਨ੍ਹੇ ਮੁੰਨਿਆਂ ਨੂੰ ਰਾਜਾ ਰਾਣੀ ਤੇ ਉਨ੍ਹਾਂ ਦੇ ਚਮਤਕਾਰੀ ਰਾਜ ਕੁਮਾਰਾਂ ਦੀਆਂ ਬਾਤਾਂ ਪਾਉਂਦੀ ਸੀ। ਬੱਚੇ ਕਿੰਨੀ ਕਿੰਨੀ ਰਾਤ ਤੱਕ ਬਿਨਾਂ ਪਲਕ ਝਪਕਾਏ ਹੁੰਗਾਰਾ ਭਰਦੇ ਰਹਿੰਦੇ। ਪਰ ਹੁਣ ਅਜਿਹਾ ਕੁਝ ਨਹੀਂ ਹੁੰਦਾ। ਦਾਦੀ ਮਾਂ ਭਾਵੇਂ ਪਿੰਡ ਹੋਵੇ ਜਾਂ ਸ਼ਹਿਰ ਵਿਚ, ਕਲਯੁੱਗ ਦੇ ਕਾਰੇ ਵੇਖ ਵੇਖ ਕਮਰੇ ਦੀ ਕਿਸੇ ਨੁੱਕਰੇ ਬਹਿ ਕੇ ਰੱਬ ਦੇ ਨਾਂ ਦੀ ਮਾਲਾ ਫ਼ੇਰਦੀ ਹੈ। ਬੱਚਿਆਂ ਨੂੰ ਕਹਾਣੀਆਂ ਸੁਣਾਉਣ ਲਈ ਟੀ. ਵੀ. ਮੌਜੂਦ ਹੈ। ਜੋ 'ਕਸ਼ਮੀਰ ਕੀ ਕਲੀ' ਤੋਂ 'ਆਸ਼ਿਕ ਆਵਾਰਾ' ਅਤੇ 'ਰਾਮਾਇਣ' ਤੋਂ 'ਅਲਿਫ਼ ਲੈਲਾ' ਤੱਕ ਦੀਆਂ ਬਾਤਾਂ ਸੁਣਾਉਂਦਾ ਹੀ ਨਹੀਂ ਸਗੋਂ ਅੱਖਾਂ ਮੂਹਰੇ ਹਰ ਦ੍ਰਿਸ਼ ਵਾਪਰਦਾ ਦਿਖਾ ਦਿੰਦਾ ਹੈ। ਅਲਾਦੀਨ ਦੇ ਜਿੰਨ ਦੀਆਂ ਕਰਾਮਾਤਾਂ ਸੁਣਨ ਲਈ 'ਦਾਦੀ ਅੰਮਾਂ, ਦਾਦੀ ਅੰਮਾਂ ਮਾਨ ਜਾਓ' ਕਹਿਣ ਦੀ ਲੋੜ ਨਹੀਂ, ਬੱਸ ਟੀ. ਵੀ. ਦਾ ਬਟਨ ਦਬਾਓ ਤੇ ਕਹਾਣੀ ਸ਼ੁਰੂ!

ਯੁੱਗ ਜੁ ਬਦਲ ਗਿਆ ਹੈ। ਕਲਯੁੱਗ ਚੱਲ ਰਿਹਾ ਹੈ। ਯਾਨੀ ਕਲਪੁਰਜਿਆਂ ਦਾ ਯੁੱਗ, ਕਲਪੁਰਜ਼ੇ, ਜੋ ਮਸ਼ੀਨਾਂ ਵਿਚ ਪੈਂਦੇ ਹਨ। ਕੁਝ ਲੋਕਾਂ ਨੂੰ ਤਾਂ ਖ਼ਾਮਖ਼ਾਹ ਹੀ ਇਹ ਭਰਮ ਪੈ ਗਿਆ ਹੈ ਕਿ ਬਹੁਤ ਮਾੜੇ ਸਮੇਂ ਨੂੰ ਕਲਯੁੱਗ ਕਿਹਾ ਜਾਂਦਾ ਹੈ। ਇਹ 'ਕਾਲ' ਦਾ ਵਾਸਾ ਹੈ ਆਦਿ ਆਦਿ...। ਇਹ ਨਿਰੀ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਵਾਲੀ ਸੋਚ ਹੈ। ਭਲਾ ਸੋਚੋ, ਸਾਡੇ ਦਾਦੇ ਪੜਦਾਦਿਆਂ ਦੇ ਵੇਲੇ ਸੁਣਿਆ ਹੈ ਕਿ ਖੇਤਾਂ ਵਿਚੋਂ ਫ਼ਸਲ ਦੀ ਵਾਢੀ ਕਰਨੀ ਹੁੰਦੀ ਤਾਂ ਸਾਰੇ ਸ਼ਰੀਕੇ, ਕਬੀਲੇ ਤੇ ਰਿਸ਼ਤੇਦਾਰਾਂ ਨੂੰ ਇਕੱਠੇ ਹੋ ਕੇ ਕਈ ਮਹੀਨੇ ਵਾਢੀਆਂ ਕਰਨ ਤੇ ਲਗ ਜਾਂਦੇ ਸਨ। ਜੇਠ ਹਾੜ੍ਹ ਦੇ ਤਪਦੇ ਮਹੀਨਿਆਂ ਵਿਚ 'ਬਾਬਿਆਂ' ਦੀ ਮੱਤ ਮਾਰੀ ਰਹਿੰਦੀ ਸੀ। ਪਰ ਹੁਣ ਕਲਯੁੱਗ ਹੋਣ ਕਰਕੇ ਕੰਬਾਈਨ ਨਾਲ ਖੜ੍ਹੀ ਫ਼ਸਲ ਤੋਂ ਹੀ ਦਾਣੇ ਕੱਢ ਲਏ ਜਾਂਦੇ ਹਨ; (ਹੜੰਭਾ ਭੀਮ ਦੀ ਘਰਵਾਲੀ ਨਹੀਂ!) ਥਰੈਸ਼ਰ ਘੰਟਿਆਂ ਵਿਚ ਦਿਨਾਂ ਦਾ ਕੰਮ ਕੱਢ ਕੇ ਜੱਟ ਨੂੰ ਵਿਹਲਾ ਕਰ ਦਿੰਦਾ ਹੈ, ਤਾਂ ਕਿ ਉਹ ਛੇਤੀ ਤੋਂ ਛੇਤੀ ਮੰਡੀਆਂ ਤੇ ਮੇਲਿਆਂ ਦੀ ਧੂੜ ਫ਼ੱਕ ਸਕੇ। ਆਏ ਗਏ ਮਹਿਮਾਨਾਂ ਦੀ ਸੇਵਾ ਦੁੱਧ, ਲੱਸੀ, ਦਹੀਂ ਆਦਿ ਨਾ ਕਰਨ ਦਾ ਰਿਵਾਜ਼ ਹੁਣ ਖੁਦ ਹੀ ਆਇਆ ਗਿਆ ਹੋ ਗਿਆ ਹੈ। ਹੁਣ ਤਾਂ ਪਾਣੀ ਉਬਾਲੋ, ਖੰਡ ਪੱਤੀ ਪਾਓ, ਭੋਰਾ ਦੁੱਧ ਦਾ ਛਿੱਟਾ ਦਿਓ ਤੇ ਚਾਹ ਤਿਆਰ, ਜੋ ਅਗਲਾ ਵੀ ਬੜੀ ਚਾਹ ਕੇ ਛਕਦਾ ਹੈ।



ਕਲਯੁੱਗ ਦੇ ਆਉਣ ਨਾਲ ਹੋਰ ਵੀ ਬਹੁਤ ਕੁਝ ਬਦਲਿਆ ਹੈ। ਜਿਵੇਂ ਸਾਡੇ ਅਖ਼ਾਣ ਮੁਹਾਵਰੇ। ਪਰ ਪਤਾ ਨਹੀਂ ਕਿਉਂ ਅਸੀਂ ਅਜੇ ਵੀ ਇਸ ਨਵੇਂ ਯੁੱਗ ਵਿਚ ਉਹੀ ਪੁਰਾਣੇ ਤੇ ਕੁਝ ਹਦ ਤੱਕ ਘਿਸੇ ਪਿਟੇ ਮੁਹਾਵਰੇ ਹੀ ਦੁਹਰਾਈ ਜਾਂਦੇ ਹਾਂ। ਮਿਸਾਲ ਵਜੋਂ, ਪਹਿਲਾਂ ਕਹਿੰਦੇ ਸਨ ਕਿ 'ਜਿੱਥੇ ਚਾਹ ਉੱਥੇ ਰਾਹ'। ਇਸ ਦਾ ਭਾਵ ਅਰਥ ਸਮਝਾਉਣ ਲਈ ਸਕੂਲਾਂ ਵਿਚ ਹੀ ਕਿਸੇ 'ਪਿਆਸੇ ਕਾਂ' ਦੀ ਕਹਾਣੀ ਨੂੰ ਘੋਟਾ ਲਾ ਕੇ ਯਾਦ ਕਰਵਾਇਆ ਜਾਂਦਾ ਸੀ ਕਿ ਕਿਵੇਂ ਇੱਕ ਲੋੜਵੰਦ ਕਾਂ ਨੇ ਆਪਣੀ 'ਚਾਹ' ਪੂਰੀ ਕਰਨ ਲਈ ਘੜੇ ਵਿਚੋਂ ਪਾਣੀ ਪੀਣ ਦਾ 'ਰਾਹ' ਲੱਭਿਆ ਸੀ। ਪਰ ਅੱਜ ਕੱਲ੍ਹ ਇਹ ਸਾਰਾ ਅਖਾਣ ਹੀ ਉਲਟ ਪੁਲਟ ਹੋ ਗਿਆ ਹੈ, 'ਜਿੱਥੇ ਜਾਹ, ਉੱਥੇ ਚਾਹ!' ਜਾਂ ਫ਼ਿਰ 'ਜਿਥੇ ਰਾਹ ਉਥੇ ਚਾਹ' ਇਸ ਦਾ ਮਤਲਬ ਸਮਝਣ ਲਈ ਸਾਨੂੰ ਉਸ ਵਿਚਾਰੇ ਕਾਂ ਜਿੰਨੀ ਮਿਹਨਤ ਕਰਨ ਦੀ ਲੋੜ ਨਹੀਂ। ਬੱਸ, ਜ਼ਰਾ ਆਪਣੇ ਕਿਸੇ ਦੋਸਤ ਮਿੱਤਰ, ਰਿਸ਼ਤੇਦਾਰ ਜਾਂ ਗੁਆਂਢੀ ਨੂੰ ਉਸਦੇ ਘਰ ਜਾਂ ਦਫ਼ਤਰ ਮਿਲਣ ਤਾਂ ਜਾਓ! ਉਥੇ ਤੁਹਾਡੀ 'ਹੁਣੇ ਪੀ ਕੇ ਆਇਆਂ' ਦੀ ਮੁਹਾਰਨੀ ਵੀ ਕਿਸੇ ਨਹੀਂ ਸੁਣਨੀ। ਸਵੇਰੇ ਕੰਮ ਤੇ ਜਾਣ ਤੋਂ ਪਹਿਲਾਂ ਚਾਹ, ਕੰਮ ਤੇ ਪਹੁੰਚ ਕੇ ਚਾਹ, ਦੁਪਹਿਰੇ ਚਾਹ, ਸ਼ਾਮ ਤਾਂ ਚਾਹ ਤੋਂ ਬਿਨਾਂ ਸੰਭਵ ਹੀ ਨਹੀਂ, ਏਨੀਆਂ ਸਾਰੀਆਂ ਬਾਕਾਇਦਾ ਚਾਹਾਂ ਤੋਂ ਇਲਾਵਾ ਜੇ ਕੋਈ ਮਿਲਣ ਵਾਲਾ ਆ ਜਾਏ ਜਾਂ ਤੁਸੀਂ ਕਿਸੇ ਨੂੰ ਮਿਲਣ ਚਲੇ ਜਾਓ ਤਾਂ ਚਾਹ......! 'ਜਿੱਥੇ ਜਾਹ, ਉਥੇ ਚਾਹ!!' ਮੁਹਾਵਰੇ ਬਦਲਦੇ ਰਹਿੰਦੇ ਹਨ।

ਹੋਰ ਵੇਖੋ, ਪਹਿਲਾਂ 'ਯਥਾ ਰਾਜਾ ਤਥਾ ਪਰਜਾ' ਹੁੰਦੀ ਸੀ। ਪਰ ਹੁਣ ਰਾਜੇ ਤਾਂ ਰਹੇ ਨਹੀਂ, ਨੇਤਾ ਆ ਗਏ ਹਨ ਤੇ ਰਾਜ ਵੀ ਲੋਕਾਂ ਦਾ, ਲੋਕਾਂ ਲਈ ਤੇ ਲੋਕਾਂ ਦੁਆਰਾ ਹੋਣ ਕਰਕੇ ਹੁਣ, ਪਹਿਲਾਂ ਪਰਜਾ ਰਹੇ ਵੋਟਰਾਂ ਦੀ ਚੌਧਰ ਹੈ। ਇਥੇ ਵੀ ਹੁਣ 'ਯਥਾ ਵੋਟਰ ਤਥਾ ਲੀਡਰ' ਵਾਲੀ ਗੱਲ ਬਣ ਚੁੱਕੀ ਹੈ।

ਪਹਿਲਾਂ ਚੋਰ ਨੂੰ ਚੋਰੀ ਕੀਤਾ ਮਾਲ ਕਿਸੇ ਪੰਡ ਜਾਂ ਗੱਠੜੀ ਵਿਚ ਬੰਨ੍ਹ ਕੇ ਲਿਜਾਣਾ ਪੈਂਦਾ ਸੀ ਅਤੇ ਚੋਰ ਵੀ ਅਕਸਰ ਕਾਹਲੀ ਵਿਚ ਹੁੰਦੇ ਸਨ। ਕਈ ਵਾਰ ਚੋਰ ਦੀ ਮਿਹਨਤ ਅਤੇ 'ਬਹਾਦਰੀ' ਵੇਖ ਕੇ 'ਪੰਡਾਂ' ਵੀ ਨਾਲ ਜਾਣ ਲਈ ਕਾਹਲੀਆਂ ਪੈ ਜਾਂਦੀਆਂ ਸਨ। ਇਸੇ ਲਈ ਕਹਿੰਦੇ ਸਨ, 'ਚੋਰ ਨਾਲੋਂ ਪੰਡ ਕਾਹਲੀ।' ਪਰ ਹੁਣ ਨਾ ਤਾਂ ਉਹ ਪਹਿਲਾਂ ਵਾਲੇ ਚੋਰ ਰਹੇ ਹਨ ਤੇ ਨਾ ਹੀ ਉਹ ਮਹਾਨ ਪੰਡਾਂ ਅਤੇ ਨਾ ਹੀ

ਚੋਰ ਨੂੰ ਕੋਈ ਕਾਹਲੀ ਰਹੀ ਹੈ। ਹੁਣ ਗੱਲ 'ਚੋਰ ਨਾਲੋਂ ਅਟੈਚੀ ਕਾਹਲਾ' ਤੱਕ ਜਾ ਪਹੁੰਚੀ ਹੈ। ਇਸ ਅਖਾਣ ਦੀ ਪ੍ਰਸੰਗ ਸਹਿਤ ਵਿਆਖਿਆ ਲਈ ਹਰਸ਼ਦ ਮਹਿਤਾ ਤੋਂ ਹੁਣ ਤੱਕ ਦੇ ਕਿਸੇ ਵੀ ਘਪਲੇ ਜਾਂ ਘੁਟਾਲੇ ਤੱਕ ਲਿਸਟ ਵੇਖੀ ਜਾ ਸਕਦੀ ਹੈ, ਪਰ ਮਾਫ਼ ਕਰਨਾ ਇਹ ਸੂਚੀ ਲੰਮੀ ਵੀ ਹੋ ਸਕਦੀ ਹੈ।

ਚੋਰਾਂ ਬਾਰੇ ਤਾਂ ਇਕ ਹੋਰ ਅਖਾਣ ਵੀ ਕਾਫ਼ੀ ਪ੍ਰਚਲਿਤ ਸੀ। 'ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ'। ਹੁਣ ਸੌ ਦਿਨ ਤੋਂ ਬਾਅਦ ਆਉਂਦੇ 'ਇੱਕ ਦਿਨ' ਦਾ ਭੇਤ ਚੋਰਾਂ ਨੇ ਸਮਝ ਲਿਆ ਹੈ ਤੇ ਉਹ 'ਇੱਕ ਦਿਨ' ਵਾਲੇ ਦਿਨ ਵਿਚ ਵੀ ਆਪਣਾ ਹੱਥ ਸਾਫ਼ ਕਰ ਜਾਂਦੇ ਹਨ ਤੇ ਸਾਧ ਵਿਚਾਰੇ 'ਘੋਰ ਕਲਯੁੱਗ ਹੈ' ਹੀ ਕਹਿੰਦੇ ਰਹਿ ਜਾਂਦੇ ਹਨ ਅਤੇ ਚੋਰ ਦੇ ਮੁੜ ਕੇ ਸੌ ਦਿਨ ਪੂਰੇ ਹੋਣ ਦਾ ਇੰਤਜ਼ਾਰ ਕਰਦੇ ਹਨ। ਜੋ ਹੁਣ ਚੋਰਾਂ ਦੀ ਚਲਾਕੀ ਕਰਕੇ ਅਮੁੱਕ ਬਣ ਗਏ ਹਨ। 'ਸੌ ਦਿਨ ਚੋਰ ਦੇ ਤੇ ਇਕ ਦਿਨ.....ਵੀ ਚੋਰ ਦਾ!'

ਵੈਸੇ ਸੌ ਨਾਲ ਸ਼ੁਰੂ ਹੋਣ ਵਾਲੀਆਂ ਲਗਪਗ ਸਾਰੀਆਂ ਹੀ ਕਹਾਵਤਾਂ ਤੇ ਹੁਣ ਕਲਯੁੱਗ ਦਾ ਪ੍ਰਭਾਵ ਪੈ ਚੁੱਕਿਆ ਹੈ। ਜਿਵੇਂ, 'ਸੌ ਹੱਥ ਰੱਸਾ ਸਿਰੇ ਤੇ ਗੰਢ' ਕਿਹੜੇ ਸਿਰੇ ਤੇ...?

'ਸੌ ਸੁਨਾਰ ਦੀ ਇਕ ਲੁਹਾਰ ਦੀ' ਤੇ ਬਾਕੀ ਬੰਦੇ ਹੀ ਨਹੀਂ..?

'ਸੌ ਦਾਰੂ ਤੇ ਇਕ ਘਿਓ' ਕਿਹੜਾ, ਡਾਲਡਾ ਜਾਂ ਵੇਰਕਾ..?

ਇਸ ਤੋਂ ਇਲਾਵਾ 'ਪੰਜ' ਨਾਲ ਸ਼ੁਰੂ ਹੋਣ ਵਾਲੀਆਂ ਕਹਾਵਤਾਂ ਵੀ ਇਸ ਪ੍ਰਭਾਵ ਤੋਂ ਬਚ ਨਹੀਂ ਸਕੀਆਂ। ਜਿਵੇਂ 'ਪੰਜਾਂ ਵਿਚ ਪ੍ਰਮੇਸ਼ਰ' ਤੇ ਫ਼ਿਰ ਚੱਪੇ ਚੱਪੇ 'ਚ..?, 'ਪੰਜੇ ਉਂਗਲਾਂ ਇਕੋ ਜਿਹੀਆਂ ਨਹੀਂ ਹੁੰਦੀਆਂ' ਇਹ ਤਾਂ ਅਖਾਣ ਹੀ ਗਲਤ ਹੈ, ਕਿਉਂਕਿ ਉਂਗਲਾਂ ਤਾਂ ਚਾਰ ਹੀ ਹੁੰਦੀਆਂ ਹਨ, ਪੰਜਵਾਂ ਤਾਂ ਅੰਗੂਠਾ ਹੁੰਦਾ ਹੈ ਨਾ!

ਦਰਅਸਲ, ਕਿਸੇ ਵੀ ਗੱਲ ਪ੍ਰਤੀ ਸਾਡਾ ਨਜ਼ਰੀਆ ਕਾਫ਼ੀ ਬਦਲ ਰਿਹਾ ਹੈ। ਕੰਪਿਊਟਰ ਆ ਗਏ ਹਨ। ਉਹ ਦਿਨ ਦੂਰ ਨਹੀਂ, ਜਦੋਂ ਇਨ੍ਹਾਂ ਤੇ ਕਹਾਵਤਾਂ ਬਣ ਜਾਣਗੀਆਂ, ਜਿਵੇਂ 'ਕੰਪਿਊਟਰ ਦਾ ਕੰਪਿਊਟਰ ਵੈਰੀ', 'ਸੀ. ਡੀ. ਇੱਕ ਤੇ ਪੰਨੇ ਵੀਹ ਸੌ', ਆਦਿ। ਸੋ, ਜੇ ਸੱਚਮੁਚ ਹੀ ਹੁਣ ਜ਼ਮਾਨਾ ਨਵਾਂ ਆ ਰਿਹਾ ਹੈ ਤਾਂ ਕਿਉਂ ਨਾ ਅਸੀਂ ਵੀ ਨਵੀਆਂ ਕਹਾਵਤਾਂ ਸਿਰਜੀਏ...ਕਲਯੁੱਗ ਜੁ ਚਲ ਰਿਹਾ ਹੈ।

* * *



# ਮੈਨੂੰ ਵਹਿਮ ਹੈ

ਵਹਿਮ, ਵਾਧੂ ਸਹਿਮ ਦਾ ਸੰਖੇਪ ਰੂਪ ਹੁੰਦਾ ਹੈ। ਕਹਿੰਦੇ ਨੇ ਵਹਿਮ ਕੋਈ ਵੀ ਹੋਵੇ, ਉਸ ਦਾ ਕੋਈ ਇਲਾਜ ਨਹੀ, ਇਹ ਉੱਕਾ ਹੀ ਲਾਇਲਾਜ ਹੁੰਦੇ ਹਨ। ਕਿਸੇ ਨੂੰ ਇਕ ਅੱਧਾ ਵਹਿਮ ਹੋਵੇ ਤਾਂ ਚਲ ਜਾਂਦਾ ਹੈ, ਪਰ ਮੈਨੂੰ ਤਾਂ ਆਪਣਾ ਸਾਰਾ ਆਲਾ ਦੁਆਲਾ ਹੀ ਵਹਿਮਾਂ ਨਾਲ ਭਰਪੂਰ ਜਾਪਦਾ ਹੈ। ਵੈਸੇ, ਮੈਂ ਇਹ ਕਦੇ ਵੀ ਮੰਨਣ ਲਈ ਤਿਆਰ ਨਹੀਂ ਕਿ ਮੈਂ ਵਹਿਮੀ ਹਾਂ। ਪਰ ਫ਼ਿਰ ਵੀ ਮੈਨੂੰ ਵਹਿਮ ਹੈ ਕਿ ਮੇਰੇ ਦੇਸ਼ ਦੀ ਧਰਤੀ ਤੇ ਵਸਦੇ ਲੋਕ ਕਈ ਤਰ੍ਹਾਂ ਦੀਆਂ ਲਾਇਲਾਜ ਬਿਮਾਰੀਆਂ ਦੀ ਚਪੇਟ ਵਿਚ ਹਨ, ਜਿਨ੍ਹਾਂ ਤੋਂ ਜਾਂ ਤਾਂ ਉਹ ਬਚ ਨਹੀਂ ਸਕਦੇ ਜਾਂ ਫ਼ਿਰ ਬਚਣਾ ਹੀ ਨਹੀਂ ਚਾਹੁੰਦੇ। ਯਾਨੀ ਜਾਣ ਬੁੱਝ ਕੇ ਵੀ ਕਈ ਤਰ੍ਹਾਂ ਦੀਆਂ ਬਲਾਵਾਂ ਗਲ ਪਾਈ ਬੈਠੇ ਹਨ। ਵਿਹਲੜਪੁਣੇ ਦੀ ਬਿਮਾਰੀ ਇਨ੍ਹਾਂ ਘਾਤਕ ਬਿਮਾਰੀਆਂ ਵਿਚੋਂ ਇਕ ਹੈ। ਆਪ ਨੂੰ ਇਹ ਜਾਣ ਕੇ ਉੱਕਾ ਹੀ ਹੈਰਾਨੀ ਨਹੀਂ ਹੋਵੇਗੀ ਕਿ ਆਪਣੇ ਦੇਸ਼ ਦੇ ਬਹੁਤੇ ਲੋਕ ਹੁਣ 'ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ' ਵਰਗੀਆਂ ਕਹਾਵਤਾਂ ਦੀ ਥਾਂ 'ਲੱਗੇ ਬੰਪਰ ਲਾਟਰੀ, ਤਾਂ ਮੌਜ ਬਹਾਰਾਂ ਹੋਣ' ਵਿਚ ਬਹੁਤੀ ਰੁਚੀ ਰੱਖਦੇ ਹਨ। ਇਹ ਬਿਲਕੁਲ ਵੱਖਰੀ ਗੱਲ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਲੋਕ ਆਪਣੇ ਵਿਹਲੜਪੁਣੇ ਦੇ ਐਬ ਉਤੇ ਕੋਈ ਨਾ ਕੋਈ ਦਿਲ ਫ਼ਰੇਬ ਲੇਬਲ ਲਾ ਕੇ ਇਹ ਭਰਮ ਪੈਦਾ ਕਰ ਦਿੰਦੇ ਹਨ ਕਿ ਅਸਲ ਵਿਚ ਤਾਂ ਉਹੀ ਸਭ ਤੋਂ ਵੱਧ 'ਮਸਰੂਫ਼' ਹਨ। ਜਿਵੇਂ ਸਾਡੇ ਮਾਨਯੋਗ ਨੇਤਾ ਅਤੇ ਅਭਿਨੇਤਾ। ਰਾਜੇ ਮਹਾਰਾਜਿਆਂ ਦਾ, ਨਵਾਬਾਂ ਦਾ ਯੁੱਗ ਅਜੇ ਵੀ ਆਪਣੇ ਪੂਰੇ ਦਬਦਬੇ ਅਤੇ ਰਵਾਇਤੀ ਸ਼ਾਨ ਨਾਲ ਕਾਇਮ ਹੈ। ਸਿਰਫ਼ ਇਨ੍ਹਾਂ ਰਾਜਿਆਂ ਮਹਾਰਾਜਿਆਂ ਦੀਆਂ ਪੁਸ਼ਾਕਾਂ ਵਿਚ ਫ਼ਰਕ ਪੈ ਗਿਆ ਹੈ। ਰਾਜਿਆਂ, ਨਵਾਬਾਂ ਦੀ ਤੜਕ ਭੜਕ ਵਾਲੀ ਸ਼ਾਹੀ ਪੁਸ਼ਾਕ ਤੇ ਅੱਜਕਲ੍ਹ ਦੇ ਨੇਤਾਵਾਂ ਦੀ ਦੁੱਧ ਚਿੱਟੀ 'ਫ਼ੁੱਲੀ ਇੰਪੋਰਟੇਡ' ਪੁਸ਼ਾਕ! ਪਰ ਇਹ ਪੁਸ਼ਾਕ ਚਿੱਟੀ ਹੀ ਕਿਉਂ ਹੈ? ਮੈਨੂੰ ਵਹਿਮ ਹੈ ਕਿ ਇਸ ਪਿੱਛੇ ਵੀ ਬਹੁਤ ਡੂੰਘੀ ਨੀਤੀ ਹੈ। ਗੱਲ ਇਹ ਹੈ ਹੁਣ ਭਾਰਤ ਵਿਚ ਲੋਕ ਰਾਜ ਹੈ ਅਤੇ ਇਥੋਂ ਦੇ ਲੋਕ ਹੁਣ ਪਹਿਲਾਂ ਵਾਂਗ ਕਿਸੇ ਦੀ ਪਰਜਾ ਨਹੀਂ ਰਹੇ, ਸਗੋਂ 'ਆਜ਼ਾਦ' ਵੋਟਰ ਬਣ ਗਏ ਹਨ। ਸੋ, ਜੇਕਰ ਲੋਕਤੰਤਰ ਦੇ ਇਸ ਮਹਾਂਸਰੋਵਰ ਵਿਚੋਂ ਇਸ ਵੋਟਰ ਜਨਤਾ ਦੇ ਹਿਤਾਂ ਨੂੰ ਮੱਛੀਆਂ ਵਾਂਗ ਛਕਣਾ ਹੈ ਤਾਂ ਫ਼ਿਰ ਨੇਤਾ ਜੀ ਨੂੰ

ਬਗਲੇ ਭਗਤ ਵਰਗੀ ਚਿੱਟੀ ਪੁਸ਼ਾਕ ਪਾਉਣੀ ਹੀ ਪਵੇਗੀ। ਹਾਂ, ਇਹ ਵੱਖਰੀ ਗੱਲ ਹੈ ਕਿ ਇਸ ਪੁਸ਼ਾਕ ਦਾ ਰੰਗ ਢੰਗ ਵੋਟਰਾਂ ਦੇ ਰੰਗ ਢੰਗ ਨੂੰ ਮੁੱਖ ਰੱਖ ਕੇ ਗਿਰਗਟ ਵਾਂਗ ਬਦਲਿਆ ਵੀ ਜਾ ਸਕਦਾ ਹੈ।

ਮਿਸਾਲ ਦੇ ਤੌਰ ਤੇ ਕੋਈ ਵੱਡਾ ਨੇਤਾ ਜਦ ਪੰਜਾਬ ਆਵੇ ਤਾਂ ਪੰਜਾਬੀਆਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਵਰਗੀ ਸ਼ਾਨਦਾਰ ਪੱਗ ਆਪਣੇ ਸਿਰ ਤੇ ਜ਼ਰੂਰ ਸਜਾਏਗਾ। ਜੇ ਹਿਮਾਚਲ ਪ੍ਰਦੇਸ਼ ਜਾਏ ਤਾਂ ਉਥੋਂ ਦੀ ਮਾਅਰਕੇਦਾਰ ਪਹਾੜੀ ਟੋਪੀ ਅਤੇ ਹਰਿਆਣੇ ਜਾਏ ਤਾਂ ਹਰਿਆਣਵੀ ਜਾਟਾਂ ਦੀ ਮਾਵੇ ਵਾਲੀ ਪੱਗ, ਤੁਰਲਾ ਛੱਡ ਕੇ ਆਪਦੀ ਟੋਟਣ ਤੇ ਨਿਸੰਕੋਚ ਸਜਾ ਲੈਂਦਾ ਹੈ। ਹੋਰ ਬਹੁਤ ਸਾਰੇ ਗੁਣਾਂ ਤੋਂ ਇਲਾਵਾ ਇਕ ਭਾਰਤੀ ਨੇਤਾ ਅਤੇ ਗਿਰਗਿਟ ਵਿਚ ਇਹ ਵੀ ਇਕ ਸਾਂਝਾ ਗੁਣ ਹੈ। ਇਕ ਆਦਰਸ਼ ਨੇਤਾ ਹਮੇਸ਼ਾ ਉਹੀ ਪੁਸ਼ਾਕ ਧਾਰਨ ਕਰਦਾ ਹੈ ਜਿਸਨੂੰ ਪਾ ਕੇ ਉਹ ਕਿਸੇ ਖ਼ਾਸ ਧਰਮ, ਜਾਤ, ਫ਼ਿਰਕੇ ਆਦਿ ਦੇ ਵੋਟਰਾਂ ਨੂੰ ਉਨ੍ਹਾਂ ਦਾ ਆਪਣਾ ਹੀ ਬੰਦਾ ਜਾਪੇ। ਕਿਉਂਕਿ ਨੇਤਾ ਜੀ ਨੂੰ ਪਤਾ ਹੁੰਦਾ ਹੈ ਕਿ ਇਕ ਵਾਰ, ਬਸ ਇਕ ਵਾਰ ਜੇ ਵੋਟਰ ਉਸ ਤੇ ਮਿਹਰਬਾਨ ਹੋ ਜਾਵੇ ਤਾਂ ਅਗਲੇ ਪੰਜ ਸਾਲ; ਬਲਕਿ ਪੂਰੀ ਜ਼ਿੰਦਗੀ ਲਈ ਉਸ ਦੀ 'ਕੁਰਸੀ' ਪੱਕੀ ਹੈ। ਮਗਰੋਂ ਤਾਂ ਉਨ੍ਹਾਂ ਨੇ ਆਪਣੀ 'ਕੁਰਸੀ ਬਚਾਓ' ਅਤੇ 'ਜੇਬਾਂ ਭਰੋ' ਵਰਗੇ ਹੀ ਕੰਮ ਕਰਨੇ ਹਨ, ਇਸ ਲਈ ਉਨ੍ਹਾਂ ਨੂੰ ਭਾਵੇਂ ਕਿੰਨੇ ਵੀ 'ਕਾਂਡ' ਕਿਉਂ ਨਾ ਕਰਨੇ ਪੈਣ। ਖੈਰ, ਗੱਲ ਨੇਤਾ ਲੋਕਾਂ ਦੀ 'ਪੁਸ਼ਾਕ ਨੀਤੀ' ਦੀ ਸੀ, ਜੋ ਰਾਜਨੀਤੀ ਵੱਲ ਆ ਗਈ। ਵੇਖਿਐ, ਕਿੰਨੀ ਡੂੰਘੀ ਨੀਤੀ ਹੈ ਇਸ ਪੁਸ਼ਾਕ ਦੀ...!

ਉਂਜ ਹੈ ਤਾਂ ਇਹ ਵਹਿਮ ਦੀ ਗੱਲ, ਪਰ ਫ਼ਿਰ ਵੀ ਮੈਨੂੰ ਲਗਦਾ ਹੈ ਕਿ ਆਪਣੇ ਦੇਸ਼ ਵਿਚ ਇਨ੍ਹਾਂ ਦੋ ਤਰ੍ਹਾਂ ਦੇ ਲੋਕਾਂ ਦਾ ਹੀ ਬੋਲਬਾਲਾ ਹੈ। ਨੇਤਾ ਅਤੇ ਅਭਿਨੇਤਾ। ਹੁਣ ਵੇਖੋ ਨਾ, ਇਨ੍ਹਾਂ ਦੋਹਾਂ ਵਿਚ ਕਈ ਗੱਲਾਂ ਬਿਲਕੁਲ ਸਾਂਝੀਆਂ ਹਨ। ਜਿਵੇਂ ਕਿ ਉਹ ਦੋਵੇਂ ਹੀ ਕਿਸਮ ਦੇ ਲੋਕ ਘੱਟ ਤੋਂ ਘੱਟ ਸਮੇਂ ਵਿਚ ਵੱਧ ਤੋਂ ਵੱਧ ਕਮਾਈ ਕਰ ਸਕਦੇ ਹਨ। ਜੇ ਫ਼ਿਲਮ ਅਭਿਨੇਤਾ ਕਿਸੇ ਫ਼ਿਲਮ ਵਿਚ ਕੰਮ ਕਰਨ ਦਾ ਲੱਖਾਂ ਰੁਪਿਆਂ ਤੋਂ ਲੈ ਕੇ ਦੋ ਚਾਰ ਕਰੋੜ ਰੁਪਿਆ ਲੈਂਦੇ ਹਨ ਤਾਂ ਸਾਡੇ ਰਾਜ ਨੇਤਾ ਵੀ ਚੋਰਾਂ ਠੱਗਾਂ ਤੇ ਬਲੈਕੀਆਂ ਤੋਂ ਘਰ ਬੈਠੇ ਹੀ ਕਰੋੜਾਂ ਰੁਪਏ ਅਟੈਚੀ ਭਰ ਕੇ ਵਸੂਲ ਕਰ ਲੈਂਦੇ ਹਨ। ਇਸ ਲਈ ਲੋਕਾਂ ਨੂੰ ਕੋਈ ਹੈਰਾਨੀ ਨਹੀਂ ਹੁੰਦੀ ਜਦੋਂ ਅਖ਼ਬਾਰਾਂ ਵਿਚ ਕਦੇ ਹਰਸ਼ਦ ਜਾਂ ਤੇਲਗੀ ਦੇ ਘੁਟਾਲੇ, ਕਦੇ ਬਿਹਾਰ ਦੇ ਚਾਰਾ ਘੁਟਾਲੇ, ਕਦੇ ਟੈਲੀਫ਼ੋਨ ਘੋਟਾਲਾ, ਕਦੇ ਹਵਾਲਾ ਕਾਂਡ ਦੀ ਖ਼ਬਰ ਹੁੰਦੀ ਹੈ। ਕਈਆਂ ਦਾ ਖਿਆਲ ਹੈ ਕਿ ਹੁਣ ਜਦ ਦੇਸ਼ ਵਿਚ ਭ੍ਰਿਸ਼ਟਾਚਾਰ ਹੀ 'ਸ਼ਿਸ਼ਟਾਚਾਰ' ਬਣ ਰਿਹਾ ਹੈ, ਤਾਂ ਗਿਲਾ ਕਾਹਦਾ ? ਮਹਿੰਗਾਈ, ਗ਼ਰੀਬੀ, ਬੇਰੁਜ਼ਗਾਰੀ, ਆਬਾਦੀ ਵਗੈਰਾ ਵਧਦੀ ਹੈ ਤਾਂ ਕਿਸੇ ਦੀ ਸਿਹਤ ਤੇ ਕੀ ਅਸਰ ? ਸਭ ਚਲਦਾ ਹੈ।



ਦੂਜੇ ਪਾਸੇ ਦੇਸ਼ ਦੇ ਫ਼ਿਲਮ ਸਟਾਰਾਂ ਬਾਰੇ ਵੀ ਮੈਨੂੰ ਪੱਕਾ ਵਹਿਮ ਹੈ ਕਿ ਉਨ੍ਹਾਂ ਨੂੰ ਕੰਮ ਬਦਲੇ ਦਿੱਤਾ ਜਾਂਦਾ 'ਮਿਹਨਤਾਨਾ' ਲੋੜ ਨਾਲੋਂ ਕਿਤੇ ਵੱਧ ਹੈ। ਇਹ ਸੜਕਾਂ ਤੇ ਰੁਲਦੇ ਬੇਰੁਜ਼ਗਾਰਾਂ ਅਤੇ ਝੁੱਗੀਆਂ ਝੌਂਪੜੀਆਂ ਵਿਚ ਗਲ ਸੜ ਰਹੇ ਲੱਖਾਂ ਗ਼ਰੀਬ ਗੁਰਬਿਆਂ ਨਾਲ ਧੱਕਾ ਹੈ। ਇਕ ਆਮ ਵਰਕਰ ਦੋ ਵਕਤ ਦੀ ਰੋਟੀ ਦਾ ਆਹਰ ਕਰਨ ਖਾਤਰ ਸੱਤ ਅੱਠ ਸੌ ਰੁਪਿਆ ਮਹੀਨਾ 'ਕਮਾਉਣ' ਵਿਚ ਅਠਾਰਾਂ ਅਠਾਰਾਂ ਘੰਟੇ ਮਿਹਨਤ ਮੁਸ਼ੱਕਤ ਕਰਦਾ ਹੈ ਅਤੇ ਇਕ ਮਾਮੂਲੀ ਟੀ. ਵੀ. ਕਲਾਕਾਰ ਨੂੰ ਸਿਰਫ਼ ਅੱਧੇ ਪੌਣੇ ਘੰਟੇ ਦਾ ਪ੍ਰੋਗਰਾਮ ਪੇਸ਼ ਕਰਨ ਬਦਲੇ ਆਸਾਨੀ ਨਾਲ ਦਸ ਪੰਦਰਾਂ ਹਜ਼ਾਰ ਰੁਪਏ ਮਿਲ ਜਾਂਦੇ ਹਨ। ਇਕ ਸਥਾਪਿਤ ਕਲਾਕਾਰ ਇਕ ਦੋ 'ਪ੍ਰੋਗਰਾਮਾਂ' ਨਾਲ ਹੀ ਏਨੇ ਪੈਸੇ ਕਮਾ ਲੈਂਦਾ ਹੈ ਜਿੰਨੇ ਦਾ ਕੋਈ ਦਿਹਾੜੀਦਾਰ ਪੂਰਾ ਸਾਲ ਮਰ ਖਪ ਕੇ ਵੀ ਸਿਰਫ਼ ਸੁਪਨਾ ਹੀ ਲੈ ਸਕਦਾ ਹੈ। ਕੌਣ ਨਹੀਂ ਜਾਣਦਾ ਕਿ ਅਮਿਤਾਭ ਬੱਚਨ ਜਿਸਨੂੰ ਹਿੰਦੀ ਫ਼ਿਲਮਾਂ ਦਾ ਸੁਪਰ ਸਟਾਰ ਕਿਹਾ ਜਾਂਦਾ ਹੈ, ਨੂੰ ਇਕ ਉੱਘੀ ਇਲੈਕਟ੍ਰਾਨਿਸ ਕੰਪਨੀ ਨੇ ਆਪਣੀਆਂ ਵਸਤਾਂ ਦੀ ਮਸ਼ਹੂਰੀ ਖਾਤਰ ਪੱਚੀ ਕਰੋੜ ਰੁਪਏ ਵਿਚ 'ਸਾਈਨ' ਕੀਤਾ ਹੈ। ਇਸੇ ਤਰ੍ਹਾਂ ਭਾਰਤੀ ਕ੍ਰਿਕਟ ਟੀਮ ਦੇ ਉਪ ਕਪਤਾਨ ਸਚਿਨ ਤੇਂਦੁਲਕਰ ਨੂੰ ਵੀ ਇਕ ਹੋਰ ਕੰਪਨੀ ਨੇ ਅਠਾਈ ਕਰੋੜ ਰੁਪਏ ਵਿਚ ਸਾਈਨ ਕਰ ਲਿਆ ਹੈ। ਅਜਿਹੀਆਂ ਅਨੇਕਾਂ, ਹੋਰ ਮਿਸਾਲਾਂ ਜੱਗ ਜਾਹਰ ਹਨ। ਅਨੇਕਾਂ ਹੋਰ ਮਾਡਲਾਂ ਦੀਆਂ ਕੀਮਤਾਂ ਵੀ ਅਸਮਾਨ ਛੂਹ ਰਹੀਆਂ ਹਨ। ਦੂਸਰੇ ਪਾਸੇ ਉੜੀਸਾ ਵਰਗੇ ਸੂਬਿਆਂ ਵਿਚ ਗੁਰਬਤ ਦਾ ਆਲਮ ਇਹ ਹੈ ਕਿ ਅਜੇ ਤਕ ਪਾਪੀ ਪੇਟ ਨੂੰ ਭਰਨ ਦੀ ਖ਼ਾਤਿਰ ਮਾਪਿਆਂ ਵੱਲੋਂ ਆਪਣੀ ਮਾਸੂਮ ਔਲਾਦ ਤਕ ਵੀਹ-ਵੀਹ ਰੁਪਏ ਵਿੱਚ ਵੇਚ ਦੇਣ ਦੀਆਂ ਖ਼ਬਰਾਂ ਆਮ ਹਨ। ਭੁਖਮਰੀ, ਗਰੀਬੀ ਦੇ ਪ੍ਰਛਾਵੇਂ ਹੇਠ ਹਰ ਤਰ੍ਹਾਂ ਦਾ ਜੁਰਮ ਪਲ ਰਿਹਾ ਹੈ ਤੇ ਵਧ ਫ਼ੁੱਲ ਰਿਹਾ ਹੈ। ਠੀਕ ਹੈ ਕਿ ਕਲਾਕਾਰ ਲੋਕ ਮਨੋਰੰਜਨ ਦਾ ਕੰਜਨ, ਜੋ ਆਪਾ-ਧਾਪੀ ਦੇ ਦੌਰ ਵਿਚ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਨਾਲ ਜੂਝਦੇ ਆਮ ਲੋਕਾਂ ਨੂੰ ਸਕੂਨ ਪਹੁੰਚਾਉਂਦਾ ਹੈ। ਰੂਹ ਦੀ ਖ਼ੁਰਾਕ ਹੈ। ਪਰ ਗੱਲ ਤਾਂ ਇਸ ਅਮੀਰੀ ਗਰੀਬੀ ਦੀ ਏਨੀ ਵੱਡੀ ਅਤੇ ਡੂੰਘੀ ਖ਼ਾਈ ਦੀ ਹੈ, ਜਿਸ ਉਤੇ ਪੁਲ ਦਾ ਹੋਣਾ ਜ਼ਰੂਰੀ ਹੈ। ਏਨੀਆਂ ਭਾਰੀ ਰਕਮਾਂ ਦੇ ਲੈਣ-ਦੇਣ ਦਾ ਕੋਈ ਤਾਂ ਲੇਖਾ-ਜੋਖਾ ਹੋਣਾ ਚਾਹੀਦਾ ਹੈ।

ਇਥੇ ਤਾਂ ਉਹ ਹਾਲ ਹੈ ਕਿ ਭਾਵੇਂ ਨੇਤਾ ਹੋਵੇ ਜਾਂ ਅਭਿਨੇਤਾ, ਕਰੋੜਾਂ ਰੁਪਏ ਇਥੋਂ ਕਮਾਉਂਦੇ ਹਨ ਅਤੇ ਚੁੱਪ ਚਾਪ ਕਿਸੇ ਸਵਿਸ ਬੈਂਕ ਵਰਗੇ ਖ਼ੂਹ ਵਿਚ ਸੁੱਟ ਆਉਂਦੇ ਹਨ। ਦੇਸ਼ ਦਾ ਪੈਸਾ, ਵਿਦੇਸ਼ਾਂ ਦੀ ਮੌਜ ਬਹਾਰ। ਭਾਰਤ ਵਿਚ ਗਰੀਬੀ ਤੇ ਵਿਦੇਸ਼ਾਂ ਵਿਚ ਰਹਿਮਤ। ਆਪਣੇ ਦੇਸ਼ ਦੇ ਹਜ਼ਾਰਾਂ ਨੌਜਵਾਨ ਰੋਜ਼ੀ-ਰੋਟੀ ਦੀ ਭਾਲ

ਵਿਚ ਬਿਗਾਨੇ ਮੁਲਕਾਂ ਦੀ ਖ਼ਾਕ ਛਾਣਦੇ ਹਨ ਤੇ ਏਧਰ ਵੀ ਰਹਿ ਜਾਂਦੇ ਲੱਖਾਂ ਨੌਜਵਾਨਾਂ ਦਾ ਭਵਿੱਖ ਬੇਕਾਰੀ ਦੇ ਭਵਜਲ ਅੰਦਰ ਗੋਤੇ ਖਾਂਦਾ ਫ਼ਿਰਦਾ ਹੈ।

ਜੇਕਰ ਇਕ ਅਜਿਹੀ ਨੀਤੀ ਬਣਾਈ ਜਾਵੇ, ਜਿਸ ਨਾਲ ਵੱਡੇ ਰਾਜਸੀ ਨੇਤਾਵਾਂ ਦੀ ਆਮਦਨ ਦਾ ਲੇਖਾ ਪੜਤਾਲ ਹੋਵੇ ਅਤੇ ਵੱਡੇ ਛੋਟੇ ਕਲਾਕਾਰਾਂ ਦਾ ਮਿਹਨਤਾਨਾ ਵੀ ਕਰੋੜਾਂ ਤੋਂ ਘਟਾ ਕੇ ਹਜ਼ਾਰਾਂ ਵਿਚ ਹੋ ਜਾਵੇ। ਸਿਨੇਮਾ ਘਰਾਂ ਵਿਚ ਫ਼ਿਲਮਾਂ ਦੀਆਂ ਟਿਕਟਾਂ ਬਹੁਤ ਹੀ ਮਾਮੂਲੀ ਭਾਅ ਦਿੱਤੀਆਂ ਜਾਣ ਅਤੇ ਸਮੁੱਚੇ ਰੂਪ ਵਿਚ ਇਹ ਸਭ ਕੁਝ ਇਕ ਆਰਥਿਕ ਕਾਨੂੰਨ ਦੇ ਘੇਰੇ ਵਿਚ ਲਿਆਂਦਾ ਜਾਵੇ। ਨਾਲ ਹੀ ਦੂਜੇ ਪਾਸੇ ਛੋਟੇ ਵੱਡੇ, ਹਰ ਪੱਧਰ ਤੇ ਭਾਰੀ ਗਿਣਤੀ ਵਿਚ ਉਦਯੋਗ ਕਾਰਖ਼ਾਨੇ ਲਾਏ ਜਾਣ, ਜਿਸ ਨਾਲ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਇਕ ਦਿਨ 'ਗਰੀਬੀ ਰੇਖਾ' ਦਾ ਕਲੰਕ ਖ਼ਤਮ ਹੋ ਜਾਵੇ। ......ਪਰ ਪਤਾ ਨਹੀਂ ਕਿਉਂ ਮੈਨੂੰ ਵਹਿਮ ਹੈ ਕਿ ਸਾਡੇ 'ਭਾਰਤ ਮਹਾਨ' ਵਿਚ ਇਹ ਸਭ ਇਕ ਸੁਪਨਾ ਹੀ ਰਹੇਗਾ, ਜੋ ਸ਼ਾਇਦ ਹੀ ਕਦੇ ਹਕੀਕਤ ਬਣ ਸਕੇ। ਕਾਰਨ ਸਪੱਸ਼ਟ ਹੈ, ਇਥੇ ਅਭਿਨੇਤਾਵਾਂ ਨੇ ਲੋਕ ਆਪਣੇ 'ਮੋਹ ਜਾਲ' ਵਿਚ ਫ਼ਸਾਏ ਹੋਏ ਹਨ ਅਤੇ ਨੇਤਾਵਾਂ ਨੇ ਆਪਣੇ 'ਮਾਇਆ ਜਾਲ' ਜਾਂ 'ਕੁਰਸੀ ਜਾਲ' ਵਿਚ। ਇਨ੍ਹਾਂ ਤੋਂ ਬਚ ਕੇ ਨਿਕਲਣਾ ਆਮ ਭਾਰਤ ਵਾਸੀ ਦੇ ਵਸ ਦੀ ਗੱਲ ਨਹੀਂ। ਉਸ ਨੂੰ 'ਸਭ ਚਲਦਾ ਹੈ' ਕਹਿਣ ਦੀ ਆਦਤ ਪੈ ਗਈ ਹੈ। ਫ਼ਿਰ ਵੀ ਕਾਫ਼ੀ ਲੋਕ ਅਜਿਹੇ ਮੌਜੂਦ ਹਨ, ਜੋ ਸੁਚੇਤ ਹਨ, ਤੇ ਦੇਸ਼ ਦਾ ਹਿਤ ਪੂਰੇ ਦਿਲੋਂ ਚਾਹੁੰਦੇ ਹਨ। ਉਹ ਚੁੱਪ ਨਹੀ ਰਹਿਣ ਵਾਲੇ। ਜ਼ਰੂਰ ਹੰਭਲਾ ਮਾਰਨਗੇ ਅਤੇ 'ਫ਼ਿਰ ਵੋ ਸੁਭਹ ਕਭੀ ਤੋ ਆਏਗੀ' ਜਦੋਂ ਇਹ ਸਾਰੇ ਵਹਿਮ ਵਾਕਈ ਸਿਰਫ਼ 'ਵਾਧੂ ਸਹਿਮ' ਹੀ ਸਾਬਿਤ ਹੋਣ। ਆਮੀਨ!

* * *



# ਪੁੱਤ ਜੱਟਾਂ ਦੇ

ਪੰਜਾਬੀ ਫ਼ਿਲਮਾਂ ਅਤੇ ਗੀਤਾਂ ਵਿਚ 'ਜੱਟ' ਸ਼ਬਦ ਦਾ ਫ਼ੈਸ਼ਨ ਹੈ। ਏਸ ਸ਼ਬਦ ਨੂੰ ਸੁਪਰਹਿੱਟ ਕਰਨ ਦਾ ਸਿਹਰਾ ਸੁਪਰਹਿੱਟ ਫ਼ਿਲਮ 'ਪੁੱਤ ਜੱਟਾਂ ਦੇ' ਨੂੰ ਜਾਂਦਾ ਹੈ। ਫ਼ਿਲਮ ਕਾਹਦੀ ਹਿੱਟ ਹੋਈ, ਫਿਰ ਤਾਂ ਹਰੇਕ ਕਲਾਕਾਰ ਨੂੰ ਇਉਂ ਜਾਪਣ ਲੱਗਾ ਜਿਵੇਂ ਜੇ ਉਸਦੀ ਫ਼ਿਲਮ ਦੇ ਟਾਈਟਲ ਵਿਚ 'ਜੱਟ' ਨਾ ਹੋਇਆ ਤਾਂ ਫ਼ਿਲਮ ਫ਼ਲਾਪ ਸਮਝੋ! ਗੀਤਕਾਰਾਂ ਤੇ ਗਾਇਕਾਂ ਨੂੰ ਵੀ ਜੱਟ ਆਪਣੀ ਬੇੜੀ ਤਾਰਨ ਵਾਲਾ ਫ਼ਾਰਮੂਲਾ ਲੱਗਿਆ।

ਕੋਈ ਸ਼ੱਕ ਨਹੀਂ ਕਿ ਜੱਟ ਕੌਮ ਨੇ ਸ਼ਾਨਾਂਮੱਤਾ ਇਤਿਹਾਸ ਸਿਰਜਿਆ ਹੈ। ਕੇਵਲ ਕਿਸਾਨੀ ਵਿਚ ਹੀ ਨਹੀਂ ਸਗੋਂ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ। ਕਈ ਵਾਰੀ ਤਾਂ 'ਜੱਟ' ਕਿਸੇ ਖਾਸ ਬਿਰਾਦਰੀ ਦਾ ਸ਼ਬਦ ਲੱਗਣ ਦੀਆਂ ਪੂਰੇ ਪੰਜਾਬੀਆਂ ਦੀ ਪ੍ਰਤੀਨਿਧਤਾ ਕਰਦਾ ਪ੍ਰਤੀਤ ਹੁੰਦਾ ਹੈ। ਪੰਜਾਬ ਦੀ ਸਿਆਸਤ ਜੱਟਾਂ ਦੇ ਦੁਆਲੇ ਹੀ ਘੁੰਮਦੀ ਹੈ। ਅਜਿਹੇ ਅਨੇਕਾਂ ਪਹਿਲੂ ਹਨ, ਜਿਹਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ।

ਨੁਕਤਾ ਇਹ ਹੈ ਕਿ ਅਜਿਹਾ ਕਿਉਂ ਪ੍ਰਤੀਤ ਹੁੰਦਾ ਹੈ ਜਿਵੇਂ ਸਾਡੀ ਸਾਰੀ ਗਾਇਕੀ ਜੱਟ ਨੂੰ ਕੇਵਲ ਸ਼ਰਾਬੀ ਹੋ ਕੇ ਕੁੜੀਆਂ ਪਿਛੇ ਖ਼ਰੂਦ ਪਾਉਣ ਵਾਲੇ ਪਾਤਰ ਵਜੋਂ ਹੀ ਪੇਸ਼ ਕਰਨ ਵੱਲ ਉਲਾਰ ਹੋ ਗਈ ਹੈ। 'ਪੁੱਤ ਜੱਟਾਂ ਦੇ' ਫ਼ਿਲਮ ਨੇ ਜੱਟ ਦੀ ਅਣਖ ਅਤੇ ਬਹਾਦਰੀ ਨੂੰ ਮੁਹੱਬਤ ਦੇ ਪ੍ਰਸੰਗ ਵਿਚ ਸਦਾਬਹਾਰ ਗੀਤਾਂ ਦੇ ਰੰਗ ਵਿਚ ਡੁਬੋ ਕੇ ਬੜੇ ਦਿਲਕਸ਼ ਅੰਦਾਜ਼ ਵਿਚ ਪੇਸ਼ ਕੀਤਾ। ਮਗਰੋਂ 'ਜੱਟ' ਦੇ ਟਾਈਟਲ ਨਾਲ ਬਣੀਆਂ ਇੱਕਾ ਦੁੱਕਾ ਫ਼ਿਲਮਾਂ ਨੂੰ ਛੱਡ ਕੇ ਬਾਕੀ ਸਭ ਨੇ ਕਲਾ ਪ੍ਰਦੂਸ਼ਣ ਹੀ ਪੈਦਾ ਕੀਤਾ। ਪਰ ਗੀਤਕਾਰਾਂ ਨੇ ਤਾਂ ਸਭ ਹੱਦਾਂ ਬੰਨੇ ਹੀ ਟੱਪ ਛੱਡੇ।

ਇਹਨਾਂ ਗੀਤਕਾਰਾਂ ਲਈ ਜੱਟ ਦੇ ਦੋ ਹੀ ਕੰਮ ਹਨ; ਦਾਰੂ ਪੀ ਕੇ ਕੁੜੀਆਂ ਪਿੱਛੇ ਖ਼ੌਰੂ ਪਾਉਣਾ ਜਾਂ ਫ਼ਿਰ ਦੰਗਾ ਫ਼ਸਾਦ ਕਰਨਾ। ਤੀਜਾ ਕੋਈ ਕੰਮ ਨਹੀਂ!

ਜੱਟ ਮੁੱਖ ਤੌਰ ਤੇ ਖੇਤੀ ਦੇ ਧੰਦੇ ਨਾਲ ਜੁੜੇ ਹੋਏ ਹਨ। ਪੰਜਾਬ ਦੀ ਖੇਤੀ ਨੂੰ ਕੌਮੀ ਸੰਕਟ ਐਲਾਨਿਆ ਜਾ ਚੁੱਕਾ ਹੈ। ਕਦੇ 'ਦੇਸ਼ ਦਾ ਅੰਨਦਾਤਾ' ਦਾ ਰੁਤਬਾ

ਰੱਖਣ ਵਾਲੇ ਪੰਜਾਬ ਵਿਚ ਆਰਥਿਕ ਬਦਹਾਲੀ ਕਾਰਨ ਕਈ ਪਿੰਡ 'ਵਿਕਣ' ਲਈ ਮਜ਼ਬੂਰ ਹਨ ਤਾਂ ਕਿ ਕਿਸੇ ਤਰ੍ਹਾਂ ਕਰਜ਼ ਦੀ ਪੰਡ ਸਿਰੋਂ ਲਾਹੀ ਜਾ ਸਕੇ। ਕਿਸਾਨ ਕਰਜੇ ਦੇ ਬੋਝ ਹੇਠ ਖੁਦਕੁਸ਼ੀਆਂ ਕਰ ਰਹੇ ਹਨ। ਪਰ ਗੀਤਕਾਰ ਖਾਮੋਸ਼ ਹਨ। ਹਾਂ! ਉਹ ਤਾਂ ਇਹਨਾਂ ਕਿਸਾਨਾਂ ਨੂੰ ਭੜਕਾਊ ਅਤੇ ਲੜਾਈ ਝਗੜੇ ਲਈ ਉਕਸਾਉਣ ਵਾਲੇ ਗੀਤ ਜ਼ਰੂਰ ਫ਼ਿਜਾਵਾਂ ਵਿਚ ਭੇਜ ਰਹੇ ਹਨ।

ਲੋਕ ਆਖਦੇ ਹਨ ਕਿ ਪੰਜਾਬ ਵਿਚ ਨਸ਼ਿਆਂ ਦੇ ਦਰਿਆ ਵਗ ਰਹੇ ਹਨ। ਸਤਲੁਜ, ਬਿਆਸ ਤੇ ਰਾਵੀ ਦਰਿਆ ਤਾਂ ਵਿਚਾਰੇ ਕੱਚੀਆਂ ਪੱਕੀਆਂ ਨਹਿਰਾਂ ਦੀਆਂ ਵਲਗਣਾਂ ਵਿਚ ਕੈਦ ਹੋ ਕੇ ਬੰਦੇ ਦੀ ਕਠਪੁਤਲੀ ਬਣ ਚੁੱਕੇ ਹਨ। ਹੁਣ ਇਹਨਾਂ ਵਿਚ ਕਦੇ ਹੜ੍ਹ ਨਹੀਂ ਆਉਂਦੇ। ਪਰ ਨਸ਼ਾ ਰੂਪੀ ਦਰਿਆ ਵਿਚ ਤਾਂ ਹੜ੍ਹ ਸਿਖਰਾਂ ਤੇ ਪੁਜ ਗਿਆ ਹੈ। ਪੰਜਾਬ ਵਿਚ ਸ਼ਰਾਬੀਆਂ ਦੀ ਸਹੂਲਤ ਲਈ ਹਰ ਗਲੀ ਮੁਹੱਲੇ ਵਿਚ ਠੇਕੇ ਖੁੱਲ੍ਹ ਗਏ ਹਨ। ਅਮਲੀਆਂ ਦੀ ਨਵੀਂ ਪਨੀਰੀ ਵਿਚ ਸਮੈਕੀਏ, ਮੈਡੀਕਲ ਨਸ਼ੇ ਕਰਨ ਵਾਲਿਆਂ ਦੀ ਗਿਣਤੀ ਵਿਚ ਕਲਪਨਾ ਤੋਂ ਪਰੇ ਵਾਧਾ ਹੋ ਰਿਹਾ ਹੈ। ਨੌਜਵਾਨ ਪੜ੍ਹਾਈ ਤੋਂ ਬਾਦ ਬੇਕਾਰੀ ਅਤੇ ਨਿਰਾਸ਼ਾ ਦਾ ਸ਼ਿਕਾਰ ਹਨ। ਆਮ ਲੋਕ ਸਿਆਸਤ ਅਤੇ ਪਰਿਵਾਰ ਪਾਲਣ ਦੀ ਚੱਕੀ ਦੇ ਪੁੜਾਂ ਵਿਚ ਪਿਸ ਰਹੇ ਹਨ। ਪਰ ਗੀਤਕਾਰ ਚੁੱਪ ਨਹੀਂ ਹਨ। ਉਹ ਲਿਖ ਰਹੇ ਹਨ। ਆਪਣੇ ਖੁਰਾਫ਼ਾਤੀ ਦਿਮਾਗਾਂ ਵਿਚ ਅਜਿਹੇ ਗੀਤ 'ਬਣਾ' ਕੇ ਵੇਚ ਰਹੇ ਹਨ ਕਿਹੜੇ ਅਮਲੀਆਂ ਦੀ ਫ਼ੌਜ ਨੂੰ ਹੱਲਾਸ਼ੇਰੀ ਦੇਣ ਵਾਲੇ ਹਨ। 'ਇੱਕ ਪੈੱਗ ਹੋਰ ਯਾਰਾ ਇੱਕ ਪੈੱਗ ਹੋਰ ... '! ਗੀਤਕਾਰ ਨਸ਼ਿਆਂ ਦੀ ਅੱਗ ਨੂੰ ਹੋਰ ਪ੍ਰਚੰਡ ਕਰਨ ਲਈ ਪੂਰਾ ਟਿੱਲ ਲਗਾ ਰਹੇ ਹਨ। ਧੰਨ ਗੀਤਕਾਰੀ!

ਗੀਤਾਂ ਵਿਚਲੇ 'ਜੱਟਾਂ ਦੇ ਮੁੰਡੇ' ਕਿਸੇ ਹੋਰ ਕਾਲਪਨਿਕ ਦੁਨੀਆਂ ਦੇ ਬੰਦੇ ਲਗਦੇ ਹਨ। ਹੁਣ ਤਾਂ ਇਹ ਕਾਕੇ ਆਪਣੇ ਬਾਪੂ ਵਾਂਗ ਸਾਰਾ ਦਿਨ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋਣ ਦੀ ਬਜਾਏ ਹਰ ਨਿੱਕੇ ਮੋਟੇ ਕੰਮ ਲਈ ਪੂਰਬੀ ਪ੍ਰਦੇਸ਼ਾਂ ਦੇ ਮਜ਼ਦੂਰਾਂ ਉਤੇ ਨਿਰਭਰ ਹੋ ਗਏ ਹਨ। ਅਸਲੀ ਜੱਟਪੁਣਾ ਤਾਂ ਹੁਣ ਯੂ. ਪੀ. ਅਤੇ ਬਿਹਾਰ ਦੇ ਇਹ ਮਿਹਨਤਕਸ਼ ਪ੍ਰਵਾਸੀ ਮਜਦੂਰ ਕਰਦੇ ਹਨ। ਪਿਓ ਵਿਚਾਰਾ ਕੁੜ੍ਹਦਾ ਹੀ ਰਹਿ ਜਾਂਦਾ ਹੈ ਅਤੇ ਮੁੰਡਾ ਆਪਣੀ ਹਥੇਲੀ ਤੇ ਜ਼ਰਦੇ ਦਾ ਪਟਾਕਾ ਜਿਹਾ ਪਾ ਕੇ ਸਾਰੇ ਦੁੱਖ, ਜ਼ਿੰਮੇਵਾਰੀ ਦਾ ਮੱਕੂ ਠੱਪ ਦਿੰਦਾ ਹੈ। ਇਹ ਤਾਂ ਕੁਝ ਪਹਿਲੂ ਹੀ ਹਨ ਜਿਹਨਾਂ ਦੇ ਨੇੜੇ ਜਾਣ ਤੋਂ ਪਤਾ ਨਹੀਂ ਕਿਉਂ ਸਾਡੇ ਗੀਤਾਂ ਦੇ ਵਣਜਾਰੇ ਤ੍ਰਹਿੰਦੇ ਹਨ।

ਜੱਟਾਂ ਨੇ ਆਪਣੀ ਸਾਦਗੀ, ਹੱਡ ਭੰਨਵੀਂ ਮਿਹਨਤ, ਦ੍ਰਿੜਤਾ, ਆਤਮਵਿਸ਼ਵਾਸ਼ ਤੇ ਮੁਹੱਬਤ ਨਾਲ ਜਿੰਨੀ ਸ਼ਿੱਦਤ ਨਾਲ ਦੇਸ਼ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ,



ਕਲਾ ਦੇ ਨਾਮ ਤੇ ਚਾਰ ਛਿੱਲੜਾਂ ਦੀ ਝਾਕ ਵਿਚ ਉਨ੍ਹਾਂ ਨਾਲ ਉਤਨੀ ਹੀ ਸ਼ਿੱਦਤ ਨਾਲ ਬੇਇਨਸਾਫ਼ੀ ਕੀਤੀ ਗਈ ਹੈ। ਕਾਸ਼! ਸਾਡੇ ਲੇਖਕ, ਗੀਤਕਾਰ ਤੇ ਗਾਇਕ 'ਬੋਤਲ' ਅਤੇ 'ਕੁੜੀ' ਵਿਸ਼ੇ ਤੋਂ ਜ਼ਰਾ ਉਪਰ ਉੱਠ ਕੇ ਲੋਕਾਂ ਨੂੰ ਜ਼ਮੀਨੀ ਹਕੀਕਤ ਨਾਲ ਵੀ ਰੂਬਰੂ ਕਰਾਉਣ ਦੀ ਹਿੰਮਤ ਕਰਨ।

* * *

# ਮੁਲਾਜ਼ਮ ਤਾਂ ਸਾਧ ਹੁੰਦੇ ਨੇ

ਮੁਲਾਜ਼ਮ ਤਾਂ ਸਾਧ ਹੁੰਦੇ ਨੇ। ਸਾਧ ਜਾਂ ਸਾਧੂ ਸਾਰੀ ਉਮਰ ਰੱਬ ਦੀ ਭਾਲ ਵਿੱਚ ਧੂਣੀਆਂ ਧੁਖਾਉਂਦੇ ਬਿਤਾ ਛੱਡਦੇ ਹਨ। ਸਾਧਾਂ ਦੀ ਮਹਿਮਾ ਵੇਦਾਂ ਕਤੇਬਾਂ ਦੀ ਸਮਝ ਤੋਂ ਪਰ੍ਹੇ ਦੀ ਗੱਲ ਹੈ ਅਤੇ ਮੁਲਾਜ਼ਮਾਂ ਦੀ ਰਮਜ਼ ਕਿਸੇ ਖੱਬੀ ਖਾਨ ਲੀਡਰ ਲਈ ਵੀ ਸਮਝਣਾ ਮੁਸ਼ਕਿਲ ਹੈ। ਇਥੇ ਕੇਵਲ ਉਨ੍ਹਾਂ ਮੁਲਾਜ਼ਮਾਂ ਦੀ ਗੱਲ ਕੀਤੀ ਜਾ ਰਹੀ ਹੈ ਜਿਹੜੇ ਕੇਵਲ ਆਪਣੀ ਤਨਖ਼ਾਹ ਵਿਚ ਹੀ ਆਪਣਾ ਅਤੇ ਆਪਣੇ ਟੱਬਰ ਦਾ ਗੁਜ਼ਾਰਾ ਕਰਦੇ ਹਨ। ਇਥੇ ਉਨ੍ਹਾਂ ਦੀ ਚਰਚਾ ਨਹੀਂ ਕੀਤੀ ਜਾ ਰਹੀ ਜਿਨ੍ਹਾਂ ਨੂੰ ਕਦੇ ਤਨਖ਼ਾਹ ਦੀ ਲੋੜ ਨਹੀਂ ਪੈਂਦੀ ਕਿਉਂਕਿ ਵਿਚਾਰਿਆਂ ਨੂੰ 'ਉੱਪਰਲੀ' ਕਮਾਈ ਹੀ ਐਨੀ ਹੋ ਜਾਂਦੀ ਹੈ ਕਿ ਆਪਣੇ ਟੱਬਰ ਲਈ ਸ਼ਾਇਦ ਹੀ ਕਦੇ ਹੱਕ ਹਲਾਲ ਦਾ ਨੇਕ ਸੌਦਾ ਖ਼ਰੀਦਦੇ ਹਨ। ਅਜਿਹੇ 'ਓਪਰੀ ਕਮਾਈ' ਵਾਲੇ ਮੁਲਾਜ਼ਮ ਘੱਟ ਅਤੇ 'ਮੁੱਲ ਦੇ ਜ਼ਮਦੂਤ' ਜ਼ਿਆਦਾ ਆਖੇ ਜਾ ਸਕਦੇ ਹਨ।

ਸਾਧਾਂ ਦੀ ਬਹੁਗਿਣਤੀ ਛੜਿਆਂ ਦੀ ਹੁੰਦੀ ਹੈ ਪਰ ਮੁਲਾਜ਼ਮਾਂ ਵਿਚ ਜ਼ਿਆਦਾਤਰ ਵਿਆਹੇ ਵਰ੍ਹੇ ਹੁੰਦੇ ਹਨ, ਟੱਬਰਦਾਰ, ਕਬੀਲਦਾਰ, ਕਰਜ਼ਦਾਰ, ਗਰਜ਼ਦਾਰ ਤੇ ਕਈ ਹੋਰ ਤਰ੍ਹਾਂ ਦੇ ਦਾਰ....! ਅਕਸਰ ਕਿਹਾ ਜਾਂਦਾ ਹੈ ਕਿ ਬੰਦੇ ਦੀ ਤ੍ਰਿਸ਼ਨਾ ਹਮੇਸ਼ਾ ਵਧਦੀ ਰਹਿੰਦੀ ਹੈ, ਅਮਰ ਵੇਲ ਵਾਂਗ। ਇਸੇ ਲਈ ਬਹੁਤ ਘੱਟ ਲੋਕ ਹੀ ਰੱਬ ਦਾ ਸ਼ੁਕਰੀਆ ਅਦਾ ਕਰਨ ਲਈ ਧਾਰਮਿਕ ਸਥਾਨਾਂ ਤੇ ਜਾਂਦੇ ਹਨ। ਪਰ ਫ਼ਿਰ ਵੀ ਅਜਿਹੇ ਸਥਾਨਾਂ ਤੇ ਲੋਕਾਂ ਦੀ ਭੀੜ ਕੁਰਬਲ ਕੁਰਬਲ ਕਰਦੀ ਹੈ, ਕਿਤੇ ਤਿਲ ਸੁੱਟਣ ਨੂੰ ਥਾਂ ਨਹੀਂ ਲੱਭਦੀ। ਇਸ ਭੀੜ ਵਿਚ ਦਰਅਸਲ ਬਹੁਤੇ ਤਾਂ ਆਪਣੇ ਇਸ਼ਟ ਅੱਗੇ ਧੇਲੀ ਚੁਆਨੀ ਦਾ ਮੱਥਾ ਟੇਕ ਕੇ ਆਪਣੀਆਂ ਮੰਗਾਂ ਦੀ 'ਨਵੀਂ ਲਿਸਟ' ਦੇਣ ਹੀ ਜਾਂਦੇ ਹਨ। ਰੱਬਾ ਮੈਨੂੰ ਵਧੀਆ ਸਾਈਕਲ ਲੈ ਦੇ, ਸਾਈਕਲ ਮਿਲਿਆ ਤਾਂ ਸਕੂਟਰ, ਫ਼ਿਰ ਕਾਰ, ਫ਼ਿਰ ਕੋਠੀ, ਫ਼ਿਰ ਪੈਸਾ, ਹੋਰ ਪੈਸਾ, ਟੱਬਰ ਦੀ ਖੁਸ਼ਹਾਲੀ....ਹੋਰ ਲੋੜਾਂ, ਨਿੱਤ ਵਧਦੇ ਖ਼ਰਚੇ....ਸਭ ਨਾਸ਼ਵਾਨ ਚੀਜ਼ਾਂ ਰੱਬ ਕੋਲੋਂ ਮੰਗ ਰਹੇ ਹੁੰਦੇ ਹਨ। ਤੇ ਫ਼ਿਰ ਸ਼ਾਇਦ ਹੀ ਮਨਚਾਹੀ ਮੁਰਾਦ ਪ੍ਰਾਪਤ ਕਰਕੇ ਕਿਸੇ ਦੇ ਮੂੰਹੋਂ ਸ਼ੁਕਰ ਨਿਕਲਦਾ ਹੋਵੇ। ਸਗੋਂ ਆਖਣਗੇ ਕਿ ਰੱਬਾ ਆਹ ਕੀ ਕੀਤਾ....ਮੇਰੇ ਕਰਮਾਂ 'ਚ ਆਹ ਖਟਾਰਾ ਕਾਰ ਹੀ ਲਿਖੀ ਸੀ, ਦੇਣੀ ਸੀ ਤਾਂ ਕੋਈ ਨਵੀਂ ਨਕੋਰ



ਗੱਡੀ ਦਿੰਦਾ, ਜਿਵੇਂ ਸਾਡੇ ਉਸ ਦੋ ਟਕੇ ਗੁਆਂਢੀ ਨੂੰ ਦੇ ਦਿੱਤੀ ਹੈ....! ਰੱਬ ਜਿਵੇਂ ਕੋਈ ਸਰਬ ਸ਼ਕਤੀਮਾਨ ਪ੍ਰਭੂ ਨਹੀਂ, ਬੱਸ ਐਵੇਂ ਹੀ ਕੋਈ ਮੁੱਲ ਖਰੀਦਿਆ ਐਰਾ ਗੈਰਾ ਨੱਥੂ ਖੈਰਾ ਗ਼ੁਲਾਮ ਹੋਵੇ, ਰੱਬਾ ਆਹ ਕਰ, ਔਹ ਲਿਆ, ਧੁੱਪੇ ਖਲੋ...!

ਪਰ ਮੁਲਾਜ਼ਮਾਂ ਦੀ ਸ਼ਰਧਾ ਜ਼ਰਾ ਹਟ ਕੇ ਹੈ। ਉਨ੍ਹਾਂ ਦਾ ਸਬੰਧ ਅਸਮਾਨ ਤੋਂ ਜ਼ਰਾ ਕੁ ਹੇਠਾਂ ਮੌਜੂਦ 'ਆਪਣੀ' ਸਰਕਾਰ ਨਾਲ ਜੁੜਿਆ ਹੋਇਆ ਹੈ। ਉਹ ਵੀ ਸਰਕਾਰ ਕੋਲੋਂ ਹਮੇਸ਼ਾ ਹੀ ਕੁਝ ਨਾ ਕੁਝ ਮੰਗਦੇ ਰਹਿੰਦੇ ਹਨ। ਨਿੱਤ ਨਵੇਂ ਮੰਗ ਪੱਤਰ, ਧਿਆਨ ਦਿਵਾਊ ਪੱਤਰ, ਨਾਹਰੇ, ਝੰਡੇ, ਮੁਜ਼ਾਹਰੇ ਆਦਿ ਉਨ੍ਹਾਂ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਏ ਹਨ। ਸਰਕਾਰ ਨੇ ਮਹਿੰਗਾਈ ਭੱਤੇ ਦੀ ਹੋਰ ਕਿਸ਼ਤ ਦਿੱਤੀ, ਕਾਹਦੀ ਕਿਸ਼ਤ ? ...ਨਾਲ ਟੈਕਸਾਂ ਦਾ ਬੋਝ ਵੀ ਨੱਥੀ ਕਰ ਦਿੱਤਾ...ਸਰਕਾਰ ਨੇ ਮਕਾਨ ਕਿਰਾਇਆ ਭੱਤਾ ਵਧਾਇਆ, ਇਹ ਵੀ ਕੋਈ ਵਾਧਾ ਹੈ..ਸਰਕਾਰ ਨੇ ਤਨਖ਼ਾਹ ਦੁੱਗਣੀ ਕੀਤੀ, ਪਰ ਮਹਿੰਗਾਈ ਚੌਗੁਣੀ ਕਿਉਂ ਕਰ ਦਿੱਤੀ....!

ਸ਼ਿਕਵੇ ਸ਼ਿਕਾਇਤਾਂ ਦੇ ਬਾਵਜੂਦ 'ਰੱਬ ਅਤੇ ਸਰਕਾਰ ਤੇ ਘਰ ਦੇਰ ਹੈ ਹਨੇਰ ਨਹੀਂ' ਇਸੇ ਇੱਕ ਮਾਤਰ ਮੰਤਰ ਦੇ ਸਹਾਰੇ ਮੁਲਾਜ਼ਮ ਉਮਰਾਂ ਗੁਜ਼ਾਰ ਛੱਡਦੇ ਹਨ। ਗਿਲੇ ਸ਼ਿਕਵਿਆਂ ਦੀ ਪੰਡ ਦਾ ਭਾਰ ਮੋਢਿਆਂ ਤੇ ਚੁੱਕੀ ਕਿਸੇ ਮੁਲਾਜ਼ਮ ਨੂੰ ਜਦੋਂ ਮੈਂ ਵੇਖਦਾ ਹਾਂ ਤਾਂ ਉਹ ਮੈਨੂੰ ਹਿਮਾਲਿਆ ਪਰਬਤ ਦੀ ਚੋਟੀ 'ਤੇ ਕਠਿਨ ਤਪੱਸਿਆ ਵਿਚ ਲੀਨ ਕਿਸੇ ਹਠੀ ਸਾਧੂ ਵਰਗਾ ਜਾਪਦਾ ਹੈ। ਵੇਖਿਆ ਜਾਵੇ ਤਾਂ ਮੁਲਾਜ਼ਮ ਕੋਲ ਜੀਵਨ ਬਸਰ ਕਰਨ ਲਈ ਕੇਵਲ ਤਨਖ਼ਾਹ ਹੀ ਹੁੰਦੀ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਪੂਰੇ ਇੱਕ ਮਹੀਨੇ ਦੀ ਉਡੀਕ ਕਰਨੀ ਪੈਂਦੀ ਹੈ। ਤਨਖ਼ਾਹ ਮਿਲਣ ਤੋਂ ਬਾਅਦ ਪਹਿਲਾਂ ਇਕ ਹਫ਼ਤਾ ਬੇਹੱਦ ਸੁਖਾਵਾਂ ਲੰਘਦਾ ਹੈ। ਫ਼ਿਰ ਅਚਾਨਕ ਤੰਗੀਆਂ ਤੁਰਸ਼ੀਆਂ ਦਾ ਡੇਰਾ ਲੱਗ ਜਾਂਦਾ ਹੈ। ਜਿਉਂ ਜਿਉਂ ਤਨਖ਼ਾਹ ਲੈਣ ਦਾ ਦਿਨ ਨੇੜੇ ਆਉਂਦਾ ਹੈ, ਬੇਰੁਖ਼ੀ ਦੀ ਤੀਬਰਤਾ ਵੀ ਅਸਹਿ ਹੁੰਦੀ ਜਾਂਦੀ ਹੈ। ਫ਼ਿਰ ਜੇਬ ਵਿਚ ਆਪਣੀ ਤਨਖ਼ਾਹ ਪਾ ਕੇ ਮੁਲਾਜ਼ਮ ਦੇ ਚਿਹਰੇ 'ਤੇ ਰੌਣਕ ਪਰਤਦੀ ਹੈ, ਚਾਹੇ ਕੁਝ ਪਲਾਂ ਲਈ ਹੀ....!

ਬੰਦੇ ਦੀਆਂ ਲੋੜਾਂ ਵਧਦੀਆਂ ਘਟਦੀਆਂ ਰਹਿੰਦੀਆਂ ਹਨ। ਧੁੱਪ ਛਾਂ ਵਾਂਗ ਦੁਖ ਸੁਖ ਦਾ ਆਉਣਾ ਜਾਣਾ ਜ਼ਿੰਦਗੀ ਨੂੰ ਆਪਣੇ ਰੰਗਾਂ ਵਿਚ ਰੰਗਦਾ ਆਪਣੀ ਤੋਰੇ ਚਲਦਾ ਰਹਿੰਦਾ ਹੈ। ਸਾਲ ਬਾਅਦ ਤਨਖਾਹ ਵਿਚ ਇੰਨਕ੍ਰੀਜ਼ਮੈਂਟ ਜਾਂ ਕਦੇ ਕਦੇ ਨਸੀਬ ਹੋਣ ਵਾਲਾ ਮਹਿੰਗਾਈ ਭੱਤਾ ਜੇ ਖ਼ੁਸ਼ੀ ਦਿੰਦਾ ਹੈ ਤਾਂ ਕਟੌਤੀਆਂ ਦੀ ਤਲਵਾਰ ਜੇਬ ਨੂੰ ਲੀਰੋ ਲੀਰ ਕਰ ਦਿੰਦੀ ਹੈ। ਆਹ ਟੈਕਸ, ਔਹ ਟੈਕਸ..! ਆਪਣੀ ਤਨਖ਼ਾਹ ਨੂੰ ਟੈਕਸ ਤੋਂ ਬਚਾਈ ਰੱਖਣ ਲਈ ਵਿਚਾਰੇ ਕਈ ਤਰ੍ਹਾਂ ਦੇ ਪਾਪੜ ਵੇਲਦੇ

ਹਨ, ਛੋਟੀਆਂ ਵੱਡੀਆਂ ਬੱਚਤਾਂ ਦਾ ਅਮੁੱਕ ਤਾਣਾ ਬਾਣਾ ਅਕਸਰ ਰਾਤਾਂ ਦੀ ਨੀਂਦ ਉਡਾਉਂਦਾ ਹੈ। ਸ਼ਾਇਦ ਇਸੇ ਲਈ ਕਿਸੇ ਭੱਤੇ ਆਦਿ ਦਾ ਐਲਾਨ ਸੁਣਨ ਤੋਂ ਬਾਅਦ ਮੁਲਾਜ਼ਮ ਤਬਕੇ ਵਿਚ ਇਹ ਚੁੰਝ ਚਰਚਾ ਜ਼ੋਰ ਫੜ ਜਾਂਦੀ ਹੈ ਕਿ ਯਾਰ, ਜੇ ਇਕ ਰੁਪਿਆ ਦਿੱਤੈ ਤਾਂ ਦੋ ਰੁਪਈਏ ਟੈਕਸ ਵੀ ਲੱਗੂ...! ਨਾ ਹਾੜ੍ਹ ਸੁੱਕੇ, ਨਾ ਸਾਉਣ ਹਰੇ।

ਮੈਨੂੰ ਇਸ ਹਾਲਤ ਦੀ ਤਰਜ਼ਮਾਨੀ ਕਰਦਾ ਅਕਬਰ ਬੀਰਬਲ ਦਾ ਇਕ ਮਨਘੜਤ ਕਿੱਸਾ ਯਾਦ ਆਉਂਦਾ ਹੈ। ਕਹਿੰਦੇ ਹਨ ਕਿ ਅਕਬਰ ਅਕਸਰ ਆਪਣੇ ਮੁਲਾਜ਼ਮਾਂ ਦੀ ਅਕਲ ਦਾ ਟੈਸਟ ਲੈਣ ਲਈ ਕੋਈ ਨਾ ਕੋਈ ਪੇਚਾ ਪਾਈ ਰੱਖਦਾ ਸੀ।

ਇਕ ਦਿਨ ਉਸਨੇ ਆਪਣੇ ਵਜ਼ੀਰ ਦੇ ਸਾਹਮਣੇ ਇਕ ਦਿਲਚਸਪ ਟੈਸਟ ਰੱਖਿਆ। ਉਸਨੇ ਕਿਹਾ ਕਿ ਸ਼ਾਹੀ ਇੱਜੜ ਵਿਚੋਂ ਚਾਲੀ ਦਿਨਾਂ ਲਈ ਇਕ ਬੱਕਰੀ ਦਿੱਤੀ ਜਾਵੇਗੀ, ਜਿਸ ਦੇ ਰਹਿਣ ਅਤੇ ਖ਼ਾਣ ਪੀਣ ਦਾ ਖ਼ਰਚਾ ਸ਼ਾਹੀ ਖਜ਼ਾਨੇ ਵਿਚੋਂ ਦਿੱਤਾ ਜਾਵੇਗਾ, ਪਰ ਸ਼ਰਤ ਇਹ ਹੈ ਕਿ ਇਸ ਬੱਕਰੀ ਦਾ ਭਾਰ ਚਾਲੀ ਦਿਨਾਂ ਬਾਅਦ ਵੀ ਠੀਕ ਓਨਾ ਹੀ ਹੋਣਾ ਚਾਹੀਦਾ ਹੈ ਜਿੰਨਾ ਕਿ ਅੱਜ ਹੈ। ਸਭ ਕੁਝ ਠੀਕ ਠਾਕ ਹੋਇਆ ਤਾਂ ਢੇਰ ਸਾਰੇ ਇਨਾਮ ਸਨਮਾਨ ਅਤੇ ਭਾਰ ਜ਼ਰਾ ਵੀ ਵੱਧ ਘੱਟ ਹੋਇਆ ਤਾਂ ਵਜ਼ੀਰੀ ਖ਼ਤਮ ਅਤੇ ਬਾਰਾਂ ਸਾਲ ਦੀ ਬਾਮੁਸ਼ੱਕਤ ਸਜ਼ਾ। ਯਾਦ ਰਹੇ ਕਿ ਬੱਕਰੀ ਇਕ ਦਿਨ ਵੀ ਭੁੱਖੀ ਨਹੀਂ ਰਹਿਣੀ ਚਾਹੀਦੀ। ਬੱਕਰੀ ਤੋਲ ਕੇ ਵਜ਼ੀਰ ਨੂੰ ਦੇ ਦਿੱਤੀ ਗਈ। ਇਸ ਮਾਮੂਲੀ ਜਿਹੀ ਲੱਗਣ ਵਾਲੀ ਗੱਲ ਨੇ ਛੇਤੀ ਹੀ ਵਜ਼ੀਰ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ। ਖ਼ੁਰਾਕ ਨਾਲ ਬੱਕਰੀ ਦਾ ਭਾਰ ਤਾਂ ਮਹਿੰਗਾਈ ਵਾਂਗ ਵਧਦਾ ਹੀ ਜਾ ਰਿਹਾ ਸੀ, ਜਿਸ ਦਾ ਮਤਲਬ ਸੀ ਕਿ ਸਭ ਕੁਝ ਅੱਛਾ ਨਹੀਂ ਹੈ...! ਆਖ਼ਿਰ ਉਸਨੇ ਬੀਰਬਲ ਕੋਲੋਂ ਸਲਾਹ ਲਈ, ਜੋ ਕਾਮਯਾਬ ਰਹੀ। ਸਲਾਹ ਸੀ ਕਿ ਬੱਕਰੀ ਦੇ ਭੋਜਨ ਵਿਚ ਕੋਈ ਕਟੌਤੀ ਨਾ ਕੀਤੀ ਜਾਵੇ ਪਰ ਭੋਜਨ ਤੋਂ ਬਾਅਦ ਬੱਕਰੀ ਨੂੰ ਇੱਕ ਪਿੰਜਰਾ ਬੰਦ ਭਿਆਨਕ ਬੱਬਰ ਸ਼ੇਰ ਦੇ ਦਰਸ਼ਨ ਕਰਵਾਏ ਜਾਣ। ਅਜਿਹਾ ਹੀ ਕੀਤਾ ਗਿਆ। ਰੋਜ਼ਾਨਾ ਖੁਰਾਕ ਦੇਣ ਤੋਂ ਬਾਅਦ ਕੁਝ ਪਲ ਲਈ ਬੱਕਰੀ ਨੂੰ ਸ਼ੇਰ ਦੇ ਪਿੰਜਰੇ ਸਾਹਮਣੇ ਲਿਆਂਦਾ ਜਾਂਦਾ। ਸ਼ੇਰ ਦੀ ਗਰਜ ਸੁਣ ਕੇ ਵਿਚਾਰੀ ਬੱਕਰੀ ਦੀਆਂ ਨਬਜ਼ਾਂ ਰੁਕ ਰੁਕ ਜਾਂਦੀਆਂ, ਸੁਆਦੀ ਭੋਜਨ ਕਰਕੇ ਜਿਹੜਾ ਪਾਈਆ ਖ਼ੂਨ ਵਧਦਾ, ਸ਼ੇਰ ਦੇ ਲਲਕਾਰੇ ਸੁਣਦਿਆਂ ਹੀ ਖ਼ਾਧਾ ਪੀਤਾ ਬਰਾਬਰ ਹੋ ਜਾਂਦਾ। ਚਾਲੀ ਦਿਨਾਂ ਬਾਅਦ ਜਦੋਂ ਬੱਕਰੀ ਨੂੰ ਦਰਬਾਰ ਵਿਚ ਫ਼ਿਰ ਤੋਲਿਆ ਗਿਆ ਤਾਂ ਉਸਦਾ ਭਾਰ ਠੀਕ ਪਹਿਲਾਂ ਜਿੰਨਾ ਹੀ ਨਿਕਲਿਆ।

ਮੁਲਾਜ਼ਮਾਂ ਦਾ ਹਾਲ ਵੀ ਵਿਚਾਰੀ ਉਸ ਬੱਕਰੀ ਵਾਲਾ ਹੀ ਹੁੰਦਾ ਹੈ। ਜੇ



ਮਾਸਿਕ ਤਨਖ਼ਾਹ ਰੂਪੀ ਖ਼ੁਰਾਕ ਉਨ੍ਹਾਂ ਨੂੰ ਜੀਵਨ ਦਿੰਦੀ ਹੈ ਤਾਂ ਕਟੌਤੀਆਂ ਰੂਪੀ ਬੱਬਰ ਸ਼ੇਰ ਉਨ੍ਹਾਂ ਨੂੰ ਕਦੇ ਵੀ ਸੁੱਖ ਦਾ ਸਾਹ ਨਹੀਂ ਲੈਣ ਦਿੰਦਾ। ਨਾ ਉਹ ਭੁੱਖੇ ਮਰਦੇ ਹਨ, ਨਾ ਹੀ ਰੱਜਦੇ ਹਨ। ਸ਼ਾਇਦ ਇਸੇ ਲਈ ਉਨ੍ਹਾਂ ਦੀਆਂ ਮੰਗਾਂ ਅਮਰ ਵੇਲ ਵਾਂਗ ਚਿਰਾਂ ਤੱਕ ਲਟਦੀਆਂ ਰਹਿੰਦੀਆਂ ਹਨ।

ਤਨਖ਼ਾਹਦਾਰ ਬੰਦੇ ਲਈ ਸਰਕਾਰੀ ਟੈਕਸਾਂ ਤੋਂ ਬਚਣਾ ਬੇਹੱਦ ਔਖਾ ਹੈ, ਪਰ ਦੋ ਨੰਬਰ ਧੰਦੇ ਵਾਲੇ ਮੁਨਾਫ਼ਾਖੋਰ ਵਪਾਰੀਆਂ ਅਤੇ ਰਿਸ਼ਵਤਖ਼ੋਰ ਕਿਸਮ ਦੇ ਮੁੱਠੀ ਭਰ ਲੋਕਾਂ ਦੀ ਮੋਟੀ ਜੇਬ ਉਪਰ ਕਦੇ ਕੋਈ ਟੈਕਸ ਨਹੀਂ ਸੁਣਿਆ। ਹਰ ਬਜਟ ਵਿਚ ਸਰਕਾਰ ਨੂੰ ਸਭ ਤੋਂ ਪਹਿਲਾਂ ਮੁਲਾਜ਼ਮਾਂ ਦੀ ਤਨਖ਼ਾਹ ਹੀ ਦਿਸਦੀ ਹੈ, ਪਰ ਸਵਿਸ ਬੈਂਕਾਂ ਦੇ ਖ਼ਾਤੇ ਵਾਲੇ ਕਾਲੇ ਚੋਰਾਂ ਦੀ ਟੋਲੀ ਅਤੇ ਕਾਲੇ ਧਨ ਦੀ ਤਿਜੋਰੀ ਕਦੇ ਨਹੀਂ ਦਿਸਦੀ...।

ਜਿਵੇਂ ਭਗਤਾਂ ਨੂੰ ਪ੍ਰਭੂ ਦੀ ਪ੍ਰਾਪਤੀ ਲਈ ਆਪਣੀ ਭਗਤੀ ਦਾ ਜ਼ੋਰਦਾਰ ਪ੍ਰਦਰਸ਼ਨ ਕਰਨਾ ਪੈਂਦਾ ਹੈ, ਉਸੇ ਤਰ੍ਹਾਂ ਹੀ ਮੁਲਾਜ਼ਮ ਵੀ ਬੇਨਿਯਮੀਆਂ, ਬੇਇਨਸਾਫ਼ੀਆਂ ਅਤੇ ਬੇਕਾਰ ਦੀਆਂ ਗੱਲਾਂ ਵਿਰੁੱਧ ਸਰਕਾਰ ਰੂਪੀ ਮੱਝ ਅੱਗੇ ਬੀਨ ਵਜਾਉਣ ਦਾ ਯਤਨ ਕਰਦੇ ਰਹਿੰਦੇ ਹਨ। ਪਰ ਇਤਿਹਾਸ ਦੱਸਦਾ ਹੈ ਕਿ ਅਜਿਹੀ ਬੀਨ ਮਾੜੀ ਮੋਟੀ ਹਿਲਜੁੱਲ ਤੋਂ ਬਿਨਾਂ ਬੇਅਸਰ ਹੀ ਰਹਿੰਦੀ ਹੈ। ਇਸ ਗੱਲ ਦਾ ਸਬੂਤ ਹਰ ਮੁਜ਼ਾਹਰੇ ਤੋਂ ਬਾਅਦ ਹੋਣ ਵਾਲਾ ਅਗਲਾ ਮੁਜ਼ਾਹਰਾ ਦੇ ਦਿੰਦਾ ਹੈ। ਜਿਵੇਂ ਸਾਧਾਂ ਦੀਆਂ ਧੂਣੀਆਂ ਅਮਰ ਹਨ, ਇਸੇ ਤਰ੍ਹਾਂ ਮੁਲਾਜ਼ਮਾਂ ਦੇ ਧਰਨੇ ਵੀ ਅਮਰ ਹਨ।

* * *

## ਬੁਰੀ ਨਜ਼ਰ ਵਾਲੇ

ਬੁਰੀ ਨਜ਼ਰ ਕਾਫ਼ੀ ਖ਼ਤਰਨਾਕ ਸ਼ੈਅ ਮੰਨੀ ਜਾਂਦੀ ਹੈ। ਕਿਸੇ ਦਾ ਚੰਗਾ ਭਲਾ ਕਾਰੋਬਾਰ ਮੰਦਾ ਪੈ ਜਾਵੇ ਤਾਂ ਲੋਕ ਝੱਟ ਆਖਦੇ ਹਨ, 'ਬੜਾ ਵਧੀਆ ਕੰਮ ਸੀ ਵਿਚਾਰੇ ਦਾ, ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ...' ਕਈ ਆਖਦੇ ਹਨ ਕਿ ਨਜ਼ਰ ਤਾਂ ਪੱਥਰਾਂ ਨੂੰ ਪਾੜ ਸਕਦੀ ਹੈ, ਬੰਦੇ ਦੀ ਕਿਸਮਤ ਤਾਂ ਕਿਸ ਦੇ ਪਾਣੀਹਾਰ ਹੈ। ਜਿਵੇਂ ਆਖਦੇ ਹੀ ਹਨ ਕਿ ਜੇ ਅਲਾਮਤ ਹੈ ਤਾਂ ਇਸ ਦਾ ਇਲਾਜ ਵੀ ਜ਼ਰੂਰ ਲੱਭਿਆ ਜਾ ਸਕਦਾ ਜਾਂਦਾ ਹੈ। ਸੋ, ਬੁਰੀ ਨਜ਼ਰ ਤੋਂ ਬਚਾਅ ਲਈ ਕੀਤੇ ਜਾਂਦੇ ਕੁਝ ਕੁ ਤੁੱਛ ਇਨਸਾਨੀ ਪ੍ਰਬੰਧਾਂ ਤੇ ਝਾਤ ਮਾਰਦੇ ਹਾਂ।

ਜ਼ਿਆਦਾ ਪੜ੍ਹੇ ਲਿਖੇ ਨੂੰ, ਸਮਝਦਾਰ ਬੰਦੇ ਨੂੰ ਨਜ਼ਰ ਨਾ ਲਗ ਜਾਵੇ, ਤਾਂ ਉਸਨੂੰ 'ਅਕਲਮੰਦ' ਕਹਿ ਦਿੰਦੇ ਹਨ। ਕਈ ਬਜ਼ੁਰਗ ਬੀਬੀਆਂ ਤਾਂ ਸਿਆਣੇ ਤੇ ਸੂਝਵਾਨ ਜੁਆਕ ਨੂੰ 'ਅਕਲਬੰਦ' ਹੀ ਕਹਿ ਦਿੰਦੀਆਂ ਹਨ। ਕੋਈ ਪੁੱਛੇ ਕਿ ਜੇ ਅਕਲ ਹੀ 'ਮੰਦ' ਹੈ ਜਾਂ 'ਬੰਦ' ਹੈ ਤਾਂ ਸਿਆਣਪ ਕਾਹਦੀ ? ਪਰ ਜਨਾਬ ਇਹੀ ਤਾਂ ਨਜ਼ਰਬੱਟੂ ਦੀ ਸ਼ਾਬਦਿਕ ਕਿਸਮ ਹੈ। ਠੀਕ ਉਸੇ ਤਰ੍ਹਾਂ ਦੀ ਕੋਸ਼ਿਸ਼ ਜਿਵੇਂ ਕੋਈ ਪੰਸਾਰੀ ਖੰਡ ਵਾਲੀ ਬੋਰੀ ਉਤੇ 'ਨਮਕ' ਲਿਖ ਕੇ ਚੂਹਿਆਂ ਨੂੰ ਚਕਮਾ ਦੇਣ ਦਾ ਯਤਨ ਕਰੇ। ਗੋਰੇ ਚਿੱਟੇ ਬੱਚੇ ਦਾ ਨਾਂਅ 'ਕਾਲਾ' ਰੱਖ ਲੈਣਾ, ਇਸੇ ਸੋਚ ਦਾ ਪ੍ਰਤੀਕ ਹੈ।

ਉਂਜ ਨਜ਼ਰ ਫ਼ਜ਼ਰ ਤੋਂ ਬਚਣ ਦੇ ਕਈ ਹੋਰ ਵੀ ਤਰੀਕੇ ਹਨ। ਆਪਦੇ ਲੀਡਰਾਂ ਨੂੰ ਲਵੋ। ਸਾਡੇ ਗੁਆਂਢੀ ਸ਼ਾਹ ਜੀ ਲੋਕ ਸੇਵਾ ਲਈ ਸਿਆਸਤ ਵਿਚ ਕੁੱਦ ਤਾਂ ਪਏ, ਪਰ ਭੋਰਾ ਕੁ ਕਾਮਯਾਬੀ ਮਿਲਣ ਮਗਰੋਂ ਉਹ ਲੋਕ ਸੇਵਾ ਦੀ ਥਾਂ 'ਟੱਬਰ ਸੇਵਾ' ਵਿਚ ਜੁਟ ਗਏ। ਉਹਨਾਂ ਦੇ ਖਾਂਦੇ ਪੀਂਦੇ ਟੱਬਰ ਨੂੰ ਕਿਸੇ ਦੀ ਭੈੜੀ ਨਜ਼ਰ ਨਾ ਲੱਗ ਜਾਵੇ, ਇਹ ਸੋਚ ਕੇ ਉਹ ਕੋਈ ਚੱਜ ਦਾ ਕੰਮ ਕਰਨ ਦੀ ਥਾਂ ਹਮੇਸ਼ਾ ਬਦਨਾਮੀ ਖੱਟਣ ਵਾਲੇ ਕੰਮਾਂ ਬਾਰੇ ਹੀ ਸੋਚਦੇ ਰਹਿੰਦੇ ਹਨ। ਕਿੱਥੋਂ ਚਾਰ ਪੈਸੇ ਕਮਾਈਏ ? ਕਿਸ ਦੀ ਜੇਬ ਕੱਟੀਏ ? ਪੁੱਤ ਭੰਬੀਰੀ ਨੂੰ ਕਿੱਥੇ ਅਫ਼ਸਰ ਲਾਈਏ..?

ਉਨ੍ਹਾਂ ਨੇ ਤਾਂ ਸ਼ਾਇਦ ਅਸੂਲ ਬਣਾ ਲਿਆ ਕਿ ਜੇ ਬਦ ਨਾਲੋਂ ਬਦਨਾਮ ਬੁਰਾ ਹੈ ਤਾਂ 'ਬਦ' ਹੋਣ ਵਿਚ ਹੀ ਸਭ ਦੀ ਭਲਾਈ ਹੈ। ਉਨ੍ਹਾਂ ਦੇ ਭ੍ਰਿਸ਼ਟ ਕਾਰਨਾਮੇ



ਅਕਸਰ ਮੁੱਖ ਖ਼ਬਰਾਂ ਬਣ ਕੇ ਲੋਕਾਂ ਦੇ ਕੰਨਾਂ ਵਿਚ ਸ਼ੀਸ਼ਾ ਘੋਲਦੇ ਰਹਿੰਦੇ ਹਨ। ਲੋਕ ਦੁਖੀ ਹੋ ਕੇ ਸ਼ਾਹ ਹੁਰਾਂ ਨੂੰ ਗੱਡ ਗੱਡ ਕੇ ਗਾਲ੍ਹਾਂ ਕੱਢਦੇ ਹਨ। ਕੁਝ ਬਾਹਲੇ ਅੱਕੇ ਹੋਏ ਤਾਂ ਉਨ੍ਹਾਂ ਦੇ ਪੁਤਲੇ ਵੀ ਬਣਾ ਬਣਾ ਕੇ ਫ਼ੂਕਦੇ ਵੇਖੇ ਗਏ ਹਨ। ਜ਼ਰਾ ਸੋਚੋ, ਅਜਿਹੇ ਹਾਲਾਤ ਵਿਚ ਸ਼ਾਹ ਨੂੰ ਕਿਸੇ ਬੁਰੀ ਨਜ਼ਰ ਦੀ ਕੀ ਪ੍ਰਵਾਹ ? ਕਿਹੜਾ ਕੋਈ ਚੰਗਾ ਕੰਮ ਕੀਤਾ ਕਿ ਨਜ਼ਰ ਲਗ ਜਾਵੇਗੀ। ਸੱਪ ਦੇ ਡੰਗ ਨਾਲ ਸੱਪ ਥੋੜ੍ਹੀ ਮਰੇਗਾ। ਬੁਰੇ ਕੰਮਾਂ ਦਾ ਲੋਕਾਂ ਦੀਆਂ ਬੁਰੀਆਂ ਗਾਲ੍ਹਾਂ ਕੀ ਵਿਗਾੜਨਗੀਆਂ ? ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਸ਼ਾਹ ਹੁਰਾਂ ਨੇ ਆਪਣੇ ਆਲੀਸ਼ਾਨ ਬੰਗਲੇ ਦੀ ਝਾਲਰ ਉੱਤੇ ਟੰਗੇ ਪੁੱਠੇ ਤਵੇ ਉੱਤੇ ਬਣਾਏ ਨਜ਼ਰ ਬੱਟੂ ਨੂੰ ਲਾਹ ਕੇ ਉਥੇ ਆਪਣੀ ਮੁਸਕਰਾਹਟਾਂ ਵੰਡਦੀ ਫ਼ੋਟੋ ਟੰਗ ਛੱਡੀ, ਜਿਸ ਨੂੰ ਵੇਖਣ ਵਾਲੇ ਦੇ ਮੱਥੇ ਉੱਪਰ ਮੱਲੋ ਮੱਲੀ ਤਿਊੜੀਆਂ ਪੈ ਜਾਂਦੀਆਂ ਹਨ। ਕੋਈ ਬੱਲੇ ਬੱਲੇ ਨਹੀਂ, ਪਰ ਪਾਸੇ ਲਾਹਨਤਾਂ ਦੇ ਨਜ਼ਰਬੱਟੂ..!

ਮਾਵਾਂ ਨੂੰ ਆਪਣੇ ਲਾਲ ਬੇਹੱਦ ਪਿਆਰੇ ਹੁੰਦੇ ਹਨ। ਉਹ ਇਸ ਬਲਾ ਤੋਂ ਬਚਾਅ ਲਈ ਬੱਚਿਆਂ ਦੇ ਪੈਰ ਹੇਠਾਂ ਜਾਂ ਕੰਨ ਦੇ ਪਿੱਛੇ ਤਵੇ ਦੀ ਕਾਲਖ਼ ਜਾਂ ਕੱਜਲ ਦਾ ਟਿੱਕਾ ਲਾ ਦਿੰਦੀਆਂ ਹਨ। ਜਿਸ ਨਾਲ ਟਕਰਾ ਕੇ ਕੋਈ ਵੀ ਬੁਰੀ ਨਜ਼ਰ ਚੂਰ ਚੂਰ ਹੋ ਸਕਦੀ ਹੈ। ਅਜਿਹੇ ਇਲਾਜ ਵੇਖਕੇ ਖਾੜੀ ਯੁੱਧ ਦੀ ਯਾਦ ਤਾਜ਼ਾ ਹੋ ਜਾਂਦੀ ਹੈ, ਜਿਸ ਵਿਚ ਇਰਾਕ ਅਤੇ ਅਮਰੀਕਾ ਨੇ ਇੱਕ ਦੂਜੇ ਉੱਪਰ 'ਸਕੱਡ' ਅਤੇ 'ਪੈਟ੍ਰੀਆਟ' ਮਿਜ਼ਾਈਲਾਂ ਛੱਡੀਆਂ ਸਨ। ਇਨ੍ਹਾਂ ਵਿਚੋਂ ਇਕ ਹਮਲਾ ਕਰ ਸਕਦੀ ਹੈ ਤੇ ਦੂਜੀ ਆਉਂਦੀ ਮਿਜ਼ਾਈਲ ਨੂੰ ਰਾਹ ਵਿਚ ਖ਼ਤਮ ਕਰ ਦਿੰਦੀ ਹੈ। ਨਜ਼ਰ ਤੇ ਕਾਲਖ਼ ਦਾ ਟਿੱਕਾ...! ਵੈਸੇ ਆਪਣੇ ਟਰੱਕਾਂ, ਬੱਸਾਂ ਵਾਲੇ ਡਰਾਈਵਰ ਵੀਰ ਇਸ ਪੱਖੋਂ ਕਾਫ਼ੀ 'ਜਾਗਰੂਕ' ਹੁੰਦੇ ਹਨ। ਬੜੇ ਸੁੰਦਰ ਅੱਖਰਾਂ ਵਿਚ ਗੱਡੀ ਦੇ ਪਿੱਛੇ ਲਿਖਵਾ ਲੈਂਦੇ ਹਨ, 'ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ।' ਕਈ ਕਾਵਿਕ ਬਿਰਤੀ ਵਾਲੇ ਸ਼ਾਇਰਾਨਾ ਅੰਦਾਜ਼ ਵਿਚ ਲਿਖਾਉਂਦੇ ਹਨ, 'ਬੁਰੀ ਨਜ਼ਰ ਵਾਲੇ ਤੇਰੇ ਉਡ ਜਾਣ ਤਿੱਤਰ, ਘਰੋਂ ਪੈਣ ਗਾਲ੍ਹਾਂ ਤੈਨੂੰ ਬਾਹਰੋਂ ਪੈਣ ਛਿੱਤਰ।' ਰਹਿੰਦੀ ਕਸਰ ਉਹ ਗੱਡੀ ਦੇ ਬੋਨਟ ਜਾਂ ਬੰਪਰ ਉੱਤੇ ਟੁੱਟਿਆ ਛਿੱਤਰ ਲਟਕਾ ਕੇ ਪੂਰੀ ਕਰ ਦਿੰਦੇ ਹਨ। ਜੋ ਮਾੜੀ ਨੀਅਤ ਅਤੇ ਨਜ਼ਰ ਵਾਲਿਆਂ ਲਈ ਬੜਾ ਸਾਫ਼ ਸੰਦੇਸ਼ ਦਿੰਦੀ ਹੈ...!

ਕਈ ਮਿੱਤਰ ਪੁੱਛ ਲੈਂਦੇ ਹਨ ਕਿ 'ਯਾਰ ਆਖ਼ਰ ਇਹ ਬੁਰੀ ਨਜ਼ਰ ਵਾਲੇ ਲੋਕ ਹੁੰਦੇ ਕੌਣ ਹਨ ?' ਇਸ ਸਿੱਧੇ ਸਵਾਲ ਦਾ ਜਵਾਬ ਏਨਾ ਸਿੱਧਾ ਨਹੀਂ। ਟਰੱਕਾਂ ਵਾਲਿਆਂ ਲਈ ਹਰ ਉਹ ਬੰਦਾ ਬੁਰੀ ਨਜ਼ਰ ਵਾਲਾ ਹੈ ਜੋ ਉਨ੍ਹਾਂ ਦੇ ਕੰਮਕਾਰ ਜਾਂ ਗੱਡੀ ਨਾਲ ਈਰਖਾ ਦੀ ਭਾਵਨਾ ਰੱਖਦਾ ਹੈ। ਉਂਜ ਈਰਖਾ ਹੀ ਨਹੀਂ, ਗੱਲਾਂ ਹੋਰ ਵੀ ਬਣ ਜਾਂਦੀਆਂ ਹਨ। ਅੱਖ ਬਚਾ ਕੇ ਗੱਡੀ 'ਚੋਂ ਸਮਾਨ ਚੋਰੀ ਕਰਨ ਜਾਂ ਸਾਰੀ ਦੀ

ਸਾਰੀ ਗੱਡੀ ਨੂੰ ਹੀ ਉਡਾਉਣ ਦੀ ਤਾਕ ਵਿਚ ਬੈਠੇ ਠੱਗਾਂ, ਚੋਰਾਂ ਦੀ ਨਜ਼ਰ ਤਾਂ ਸ਼ੱਕੀ ਹੀ ਰਹਿੰਦੀ ਹੈ। ਜੇ ਕਿਸੇ ਈਰਖਾਲੂ, ਮਾੜੀ ਨੀਅਤ ਵਾਲੇ ਦੀ ਕੁਵੱਲੀ ਨਜ਼ਰ ਲੱਗ ਜਾਵੇ ਤਾਂ ਅਗਲੇ ਦਾ ਬੇੜਾ ਡੁੱਬਣਾ ਸ਼ੁਰੂ ਹੋ ਜਾਂਦਾ ਹੈ, ਕੰਪਨੀ ਘਾਟੇ ਵਿਚ ਚੱਲਣ ਲੱਗ ਪੈਂਦੀ ਹੈ। ਚੰਗਾ ਭਲਾ ਕਾਰੋਬਾਰੀ ਬੰਦਾ ਕੌਡੀਆਂ ਵਾਂਗ ਰੁਲਣ ਲੱਗ ਪੈਂਦਾ ਹੈ....!

ਹੁਣ ਇਹ ਗੱਲਾਂ ਆਪਣੇ ਕੁਝ ਮਿੱਤਰ ਨਹੀਂ ਮੰਨਦੇ। ਉਹ ਆਖਦੇ ਹਨ ਕਿ ਜਦ ਸਾਰੀ ਧਰਤੀ, ਕਾਇਨਾਤ, ਦੁਨੀਆਂ ਇੱਕੋ ਰੱਬ ਨੇ ਆਪ ਬਣਾਈ ਹੈ ਤਾਂ ਫ਼ਿਰ 'ਬੁਰੀ ਨਜ਼ਰ' ਵਾਲਿਆਂ ਦਾ ਸਵਾਲ ਹੀ ਪੈਦਾ ਕਿਵੇਂ ਹੋ ਸਕਦਾ ਹੈ ? ਸਭ ਏਕ ਹੀ ਰੂਪ ਹਨ, ਚੰਗਾ ਕੌਣ ਤੇ ਮਾੜਾ ਕੌਣ ? ਬਹਰਹਾਲ, ਇਹ ਤਾਂ ਕਾਫ਼ੀ ਡੂੰਘੀਆਂ ਗੱਲਾਂ ਹਨ, ਜੋ ਆਪਣੇ ਵਰਗੇ ਕਲਯੁਗੀ ਜੀਵਾਂ ਦੀ ਸਮਝ ਤੋਂ ਬਾਹਰ ਹਨ। ਅਸੀਂ ਤਾਂ ਇਥੇ ਨਜ਼ਰ ਤੋਂ ਬਚਣ ਦੇ ਆਹਰ 'ਚ ਲੱਗੇ ਲੋਕਾਂ ਦੀ ਗੱਲ ਕਰਨੀ ਹੈ, ਜੋ ਨਵੇਂ ਨਵੇਂ ਢੰਗ ਤਰੀਕੇ ਅਪਣਾਅ ਕੇ ਆਪੋ ਆਪਣੇ ਕੰਮ ਧੰਦਿਆਂ ਨੂੰ ਕਿਸੇ ਤਰਾਂ ਚਲਦਾ ਰੱਖਣ ਲਈ ਯਤਨਸ਼ੀਲ ਰਹਿੰਦੇ ਹਨ।

ਜਿਵੇਂ ਅਦਾਲਤਾਂ ਵਿਚ ਚੋਰ ਤੇ ਸਾਧ ਦੋਵੇਂ ਗੀਤਾ ਜਾਂ ਕੁਰਾਨ ਸ਼ਰੀਫ਼ ਵਰਗੇ ਪਵਿੱਤਰ ਗ੍ਰੰਥਾਂ ਦੀ ਸਹੁੰ ਖਾਂਦੇ ਹਨ ਕਿ 'ਜੋ ਵੀ ਕਹਾਂਗੇ ਸੱਚ ਹੀ ਕਹਾਂਗੇ, ਸੱਚ ਤੋਂ ਸਿਵਾ ਕੁਝ ਨਹੀਂ ਕਹਾਂਗੇ...!' ਪਰ ਸਭ ਜਾਣਦੇ ਹਨ ਕਿ ਦੋਹਾਂ ਵਿਚੋਂ ਇਕ ਜਣਾ ਸ਼ਰ੍ਹੇਆਮ ਝੂਠਾ ਹੈ। ਫ਼ਿਰ ਵੀ ਕਸਮ ਦੋਵੇਂ ਖਾਂਦੇ ਹਨ। ਇਹੀ ਹਾਲ ਆਪਣੀ 'ਬੁਰੀ ਨਜ਼ਰ ਵਿਰੋਧੀ' ਜਨਤਾ ਦਾ ਹੈ। ਚੰਗੇ, ਨੇਕ ਲੋਕ ਤਾਂ ਨਜ਼ਰਬੱਟੂਆਂ ਦਾ ਸਹਾਰਾ ਲੈਂਦੇ ਹੀ ਹਨ, ਪਰ ਵੱਡੇ ਨਾਢੂ ਖਾਂ, ਚੋਰ, ਠੱਗ, ਬੇਈਮਾਨ ਵੀ ਨਜ਼ਰਬੱਟੂ ਲਾ ਕੇ ਬੁਰੀ ਨਜ਼ਰ ਵਾਲੇ ਲੋਕਾਂ ਨੂੰ ਦੂਰ ਰੱਖਣ ਦਾ ਯਤਨ ਕਰਦੇ ਹਨ।ਆਪਣੇ ਮਹਿੰਗਾ ਰਾਮ ਜੀ ਨੇ ਆਪਣੀ ਝੁੱਗੀ ਅੱਗੇ ਭੂਤ ਟੰਗਿਆ ਹੈ ਅਤੇ ਸੇਠ ਘਾਟੇ ਰਾਮ ਹੁਰਾਂ ਦੀ ਉੱਚੀ ਹਵੇਲੀ ਦੇ ਬਾਹਰ ਵੀ 'ਭੂਤ' ਬਿਰਾਜਮਾਨ ਹੈ। ਪਰ ਅਫ਼ਸੋਸ, ਕਿਸੇ ਨੇ ਇਸ ਮਹਾਨ ਦੇਸ਼ ਦੇ ਭਵਿੱਖ ਉੱਤੇ ਕੋਈ ਨਜ਼ਰਬੱਟੂ ਨਹੀਂ ਟੰਗਿਆ....!

ਆਪਣੇ ਜੁਆਕਾਂ ਦੀ ਨਜ਼ਰ ਲਾਹੁਣ ਲਈ ਤਾਂ ਲੋਕ ਝੱਟ ਸਿਰ ਤੋਂ ਮਿਰਚਾਂ ਵਾਰਦੇ ਹਨ ਪਰ ਐਨੀਆਂ ਕੁਵੱਲੀਆਂ ਨਜ਼ਰਾਂ ਦੇ ਸ਼ਿਕਾਰ ਇਸ ਦੇਸ਼ ਦੇ ਸਿਰ ਤੋਂ ਵਾਰਨ ਲਈ ਸ਼ਾਇਦ ਅਜੇ ਤੱਕ 'ਮਿਰਚਾਂ' ਪੈਦਾ ਹੀ ਨਹੀਂ ਹੋਈਆਂ...! ਜ਼ਰਾ ਸੋਚੋ, ਜੇ ਦੇਸ਼ ਹੀ ਨਾ ਰਿਹਾ ਤਾਂ ਘਰਾਂ, ਕੋਠੀਆਂ, ਟਰੱਕਾਂ ਤੇ ਟੰਗੀਆਂ ਜੁੱਤੀਆਂ, ਨਜ਼ਰਬੱਟੂ, ਨਜ਼ਰ ਵਿਰੋਧੀ ਸ਼ਿਅਰਾਂ ਅਤੇ ਭੂਤਾਂ ਆਦਿ ਦਾ ਕੀ ਅਰਥ ਰਹਿ ਜਾਵੇਗਾ ?

ਬਹਰਹਾਲ, ਬਦਨਜ਼ਰਾਂ ਦੇ ਟਾਲੇ ਤੇ ਉਪਾਓ ਕਰਨ ਵਾਲੇ ਜੋਤਸ਼ੀਆਂ, ਸਾਧਾਂ,



ਤਾਂਤਰਿਕਾਂ ਦਾ ਬਾਜ਼ਾਰ ਗਰਮ ਹੈ। ਲੋਕ ਧੜਾਧੜ ਨਜ਼ਰਬੱਟੂ ਖ਼ਰੀਦ ਰਹੇ ਹਨ। ਕੁਝ ਨਜ਼ਰਬੱਟੂ ਘਰ ਦੇ ਬਾਹਰ ਟੰਗਣ ਲਈ ਤੇ ਕੁਝ ਆਪਣੀ ਜ਼ਿੰਦਗੀ ਦੇ ਬੂਹੇ ਤੇ ਲਾਉਣ ਲਈ। ਇਸ ਸਭ ਕਾਸੇ ਵਿਚ ਮੈਨੂੰ ਵਹਿਮ ਹੈ ਕਿ ਬੁਰੀ ਨਜ਼ਰ ਤੋਂ ਭੂਤ ਪ੍ਰੇਤਾਂ ਦੀ ਸ਼ਕਲ ਜਾਂ ਮਿਰਚਾਂ ਦੇ ਹਾਰ ਨਹੀਂ, ਬਲਕਿ ਚੰਗੇ ਕਰਮ ਅਤੇ ਰੱਬ ਦੀ ਸਵੱਲੀ ਨਜ਼ਰ ਜੋ ਹਮੇਸ਼ਾ ਸਵੱਲੀ ਹੀ ਹੁੰਦੀ ਹੈ, ਬੰਦੇ ਨੂੰ ਬਚਾ ਸਕਦੀ ਹੈ।

* * *

# ਫੂਕ ਦਿਆਂਗੇ ਪੁਤਲਾ ਬਣਾ ਕੇ

ਦੁਸ਼ਹਿਰਾ ਲੰਘ ਗਿਆ। ਉਸ ਦਿਨ ਪੁਤਲੇ ਬਣ ਰਹੇ ਸਨ, ਰਾਵਣ, ਮੇਘਨਾਥ, ਕੁੰਭਕਰਨ ਹੁਰਾਂ ਦੇ, ਤੇ ਸ਼ਾਮ ਸੂਰਜ ਡੁੱਬਦੇ ਹੀ ਇਨ੍ਹਾਂ ਤਿੰਨਾਂ ਨੂੰ ਸ਼ਹਿਰ ਦੇ ਖੁੱਲ੍ਹੇ ਮੈਦਾਨ ਵਿਚ ਸਾੜ ਦਿੱਤਾ ਗਿਆ। ਅਸੀਂ ਵੀ ਗਏ ਸੀ, ਭੀੜ ਵੇਖਣ, ਸੜਦੇ ਪੁਤਲੇ ਵੇਖਣ। ਕਿੰਨਾ ਅਜੀਬ ਹੈ ਇਕ ਬੰਦੇ ਨੂੰ ਇਕੋ ਮੈਦਾਨ ਵਿਚ ਇਤਨੀ ਵਾਰ ਫੂਕਣਾ, ਹਰ ਸਾਲ। ਕੀ ਲੋੜ ਹੈ ? ਕੀ ਇਕੋ ਵਾਰੀ ਸਾੜਿਆਂ ਗੱਲ ਨਹੀਂ ਬਣਦੀ ? ਪਹਿਲਾਂ ਸਾਡੇ ਦਾਦੇ ਪੜਦਾਦਿਆਂ ਨੇ ਰਾਵਣ ਹੁਰਾਂ ਨੂੰ ਪੁਤਲਾ ਬਣਾ ਬਣਾ ਫੂਕਿਆ, ਫ਼ੇਰ ਸਾਡੇ ਬਾਪੂ ਹੁਰੀਂ ਬਕਾਇਦਾ ਇਸ ਲੀਕ ਤੇ ਚੱਲਦੇ ਰਹੇ ਅਤੇ ਅਸੀਂ ਵੀ ਜਾਂਦੇ ਹਾਂ...ਪੁਤਲੇ ਫ਼ੂਕਣ। ਕਈ ਵਾਰੀ ਦਿਲ ਵਿਚ ਖਿਆਲ ਆਉਂਦਾ ਹੈ ਕਿ ਰਾਵਣ ਤੋਂ ਵੀ ਕਿਤੇ ਵੱਧ ਪਾਪੀ, ਵਹਿਸ਼ੀ, ਅੱਤਿਆਚਾਰੀ ਦਰਿੰਦੇ ਹੋਏ ਹਨ, ਜਿਨ੍ਹਾਂ ਨੇ ਕਾਲੇ ਕਾਰਨਾਮਿਆਂ ਵਿਚ ਰਾਵਣ ਭਾਅ ਜੀ ਨੂੰ ਕਿਤੇ ਪਿਛਾਂਹ ਛੱਡ ਦਿੱਤਾ, ਪਰ ਪੁਤਲੇ ਸਿਰਫ਼.....ਮੈਦਾਨ ਵਿਚ ਖੜ੍ਹੇ ਵੱਡ ਅਕਾਰੀ ਤਿੰਨ ਪੁਤਲੇ, ਇਨ੍ਹਾਂ ਦੁਆਲੇ ਜੁੜੀ ਕੀੜੀ ਕਾਢਿਆਂ ਵਾਂਗ ਖਲਕਤ। ਸੜਦਾ ਰਾਵਣ ਤੇ ਉਸ ਦੇ ਸਕੇ ਸਬੰਧੀ, ਪੁੱਤ ਭਰਾ ਜਦੋਂ ਲੜਖੜਾ ਕੇ ਧਰਤੀ ਤੇ ਡਿੱਗਦੇ ਹਨ ਤਾਂ ਸਾਡੇ ਚਿਹਰੇ ਤੇ ਇਕ ਚਮਕ, ਇਕ ਮੁਸਕਾਨ ਆਪ ਮੁਹਾਰੇ ਹੀ ਆ ਜਾਂਦੀ ਹੈ। ਜਿਵੇਂ ਉਹ ਅਗਨਬਾਣ ਰਾਮ ਨੇ ਨਹੀਂ ਸਗੋਂ ਅਸੀਂ ਹੀ ਚਲਾਇਆ ਹੋਵੇ। ਠਾਹ ਠੂਹ, ਧੂੰਆਂ...ਸ਼ੋਰ...ਤੇ ਤਮਾਸ਼ਾ ਖ਼ਤਮ!

ਬਦੀ ਉਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਇਸ 'ਤਿਓਹਾਰ' ਦੀ ਬਣ ਚੁੱਕੀ ਰਸਮ ਵਿਚਲਾ ਰਹੱਸ ਸਾਡੇ ਦਿਲ ਵਿਚ ਧੁਰ ਅੰਦਰ ਤੱਕ ਘਰ ਕਰੀ ਬੈਠਾ ਹੈ। ਧਰਤੀ ਉਤੇ ਸਾਡੇ ਆਸੇ ਪਾਸੇ ਜਿੰਨੀ ਮਰਜ਼ੀ ਬੁਰਾਈ ਵਧੇ ਫ਼ੁੱਲੇ, ਅੱਤਿਆਚਾਰ ਹੋਣ, ਬਦੀ ਦਾ ਬੋਲਬਾਲਾ ਹੋ ਜਾਵੇ, ਕੁਝ ਵੀ ਗਲਤ ਮਲਤ ਹੁੰਦਾ ਰਹੇ, ਅਸੀਂ ਤਾਂ ਹਮੇਸ਼ਾ ਹੀ ਕਿਸੇ 'ਭਗਵਾਨ ਰਾਮ' ਦੀ ਉਡੀਕ ਵਿਚ ਰਹਿੰਦੇ ਹਾਂ, ਜੋ 'ਪ੍ਰਗਟ' ਹੋ ਕੇ ਸਾਨੂੰ ਮੁਸ਼ਕਿਲਾਂ ਤੋਂ ਨਿਜ਼ਾਤ ਦਿਵਾਏਗਾ। ਵੈਸੇ ਵੀ ਲੜਾਈ ਝਗੜਾ ਆਮ ਬੰਦੇ ਦੇ ਵਸ ਦੀ ਗੱਲ ਨਹੀਂ ਰਹੀ, ਉਂਜ ਵੀ ਜਿੱਦ ਬਹਿਸ ਵਿਚ ਕੀ ਰੱਖਿਆ ਹੈ, ਜਿਸ ਦਾ ਢਿੱਡ ਦੁਖੇਗਾ, ਉਹੀ ਪੰਗਾ ਲਵੇ...। ਬਾਕੀ 'ਮਾਸੂਮ' ਤੇ 'ਭੋਲੇ ਭਾਲੇ' ਸਿਰਦਰਦੀ ਕਿਉਂ



ਲੈਣ ? ਇਹੀ ਆਸਾਨ ਹੈ, ਕਿਸੇ ਜੁਲਮੀ ਬੰਦੇ ਦੀ ਕਹਾਣੀ ਦੁਹਰਾਓ ਤੇ ਫ਼ਿਰ ਫੂਕ ਦਿਓ, ਪੁਤਲਾ ਬਣਾ ਕੇ। ਨਾਲੇ ਜਿਸ ਤੇ ਬੰਦੇ ਦਾ ਵਸ ਹੀ ਨਾ ਚੱਲੇ, ਉਸ ਚੀਜ਼ ਦਾ ਪੁਤਲਾ ਬਣਾ ਕੇ ਫ਼ੂਕ ਦੇਣਾ ਹੀ ਸਹੀ ਹੱਲ ਹੈ। ਬੁਰਾਈ ਅਸੀਂ ਖ਼ਤਮ ਕਰ ਨਹੀਂ ਸਕਦੇ, ਪਰ ਬੁਰੇ ਆਦਮੀ ਜਾਂ 'ਅਲਾਮਤ' ਦਾ ਪੁਤਲਾ ਝੱਟ ਬਣਾ ਕੇ ਸਾੜਿਆ ਜਾ ਸਕਦਾ ਹੈ।

ਹੁਣ ਗੱਲ ਰਾਵਣ ਤਕ ਹੀ ਸੀਮਿਤ ਨਹੀਂ ਰਹੀ। ਲੋਕਤੰਤਰ ਆ ਗਿਆ ਹੈ। ਜੋ ਸਰਕਾਰ, ਜੋ ਨੇਤਾ, ਜੋ ਅਫ਼ਸਰ, ਜੋ ਕੋਈ ਵੀ ਸਾਡੀ ਗੱਲ ਨਾ ਮੰਨਦਾ ਹੋਵੇ ਤਾਂ ਉਸ ਦਾ ਪੁਤਲਾ ਸਾੜਿਆ ਜਾਂਦਾ ਹੈ। ਮੁਰਦਾਬਾਦ ਦੇ ਨਾਹਰਿਆਂ ਦੀ ਗੂੰਜ ਵਿਚ ਸੜਦਾ ਪੁਤਲਾ ਵੇਖ ਕੇ ਕਈ ਵਾਰੀ ਪੁਤਲੇ ਸਾੜਨ ਵਾਲਿਆਂ ਉੱਤੇ ਤਰਸ ਆਉਂਦਾ ਹੈ। ਵਿਚਾਰੇ! ਬੇਬਸ ਬੰਦੇ!! ਗਰੀਬੀ, ਭੁੱਖਮਰੀ, ਬੇਰੁਜ਼ਗਾਰੀ ਤੇ ਮਹਿੰਗਾਈ ਤੋਂ ਤੰਗ ਆ ਕੇ ਅੱਕੇ ਹੋਏ ਲੋਕ ਅਕਸਰ ਸੜਕਾਂ ਤੇ ਨਿਕਲਦੇ ਹਨ। ਨਾਹਰੇ ਲਾਉਂਦੇ ਹਨ, ਚੱਕ ਦਿਆਂਗੇ, ਫ਼ੂਕ ਦਿਆਂਗੇ, ਮੁਰਦਾਬਾਦ..ਹਾਏ! ਹਾਏ!! ...ਕਿਸੇ ਚੌਕ ਵਿਚ ਜਾ ਕੇ ਪਰਾਲੀ ਦੇ ਰੁੱਗ ਦੇ ਬਣੇ, ਅਖਬਾਰਾਂ ਵਿਚ ਲਿਪਟੇ, ਲੀਡਰ ਦੇ ਪੁਤਲੇ ਨੂੰ ਸਾੜ ਦਿੰਦੇ ਹਨ ਅਤੇ ਫ਼ਿਰ ਗੁਆਚ ਜਾਂਦੇ ਹਨ ਭੀੜ ਭੜੱਕੇ ਵਾਲੇ ਬਾਜ਼ਾਰਾਂ ਵਿਚ, ਖੇਤਾਂ ਵਿਚ, ਦਫ਼ਤਰਾਂ ਵਿਚ, ਗਲੀ ਦੇ ਮੋੜਾਂ ਵਿਚ..ਸਿਲਸਿਲਾ ਚਲਦਾ ਰਹਿੰਦਾ ਹੈ, ਚਲਦਾ ਰਹੇਗਾ, ਬੁਰਾਈ ਤੋਂ ਅੱਕੇ ਲੋਕਾਂ ਨੇ ਪਤਾ ਨਹੀਂ ਅਜੇ ਕਿੰਨੇ ਕੁ ਪੁਤਲੇ ਹੋਰ ਸਾੜਨੇ ਹਨ....ਨਿਰੰਤਰ..।

ਸਿਆਣੇ ਕਹਿ ਗਏ ਹਨ ਕਿ ਵੈਰੀ ਨੂੰ ਮਾਰਨਾ ਹੈ ਤਾਂ ਦਿਲੋਂ ਮਾਰ ਦਿਓ, ਉਹ ਮਰ ਜਾਵੇਗਾ। ਵਿਰੋਧੀ ਦਾ ਪੁਤਲਾ ਫ਼ੂਕ ਕੇ ਵੀ ਸ਼ਾਇਦ ਅਸੀਂ ਇਸੇ ਉਪਦੇਸ਼ ਤੇ ਅਮਲ ਕਰਦੇ ਹਾਂ ਕਿ 'ਜਾਹ ਓਇ, ਸਾਡੇ ਲਈ ਤੂੰ ਨਹੀਂ ਰਿਹਾ, ਤੇਰੇ ਲਈ ਅਸੀਂ ਨਹੀਂ ਰਹੇ..ਗੱਲ ਖ਼ਤਮ!' ਪਰ ਗੱਲ ਤਾਂ ਇਥੋਂ ਹੀ ਸ਼ੁਰੂ ਹੁੰਦੀ ਹੈ। ਜੇਕਰ ਅਸੀਂ ਸੱਚਮੁਚ ਵੈਰੀ ਨੂੰ ਮਾਰ ਮੁਕਾਈਏ, ਫ਼ਿਰ ਤਾਂ ਕਹਾਣੀ ਹੀ ਮੁੱਕ ਜਾਵੇਗੀ, ਕਹਾਣੀ ਖ਼ਤਮ ਤਾਂ ਜ਼ਿੰਦਗੀ ਖ਼ਤਮ...ਕਿਉਂਕਿ ਸਾਡੀਆਂ ਜ਼ਿੰਦਗੀਆਂ ਤਾਂ ਵੈਰੀਆਂ ਦੇ ਆਸਰੇ ਹੀ ਚੱਲਦੀਆਂ ਹਨ। ਉਹ ਗੱਲ ਹੋਰ ਹੈ ਕਿ ਇਹ 'ਵੈਰੀ' ਕਦੇ ਬੰਦੇ ਬਣ ਜਾਂਦੇ ਹਨ ਤੇ ਕਦੇ ਗ਼ਮ..। ਇਸ ਲਈ ਅਸੀਂ ਪੁਤਲਾ ਹੀ ਫ਼ੂਕਦੇ ਹਾਂ, ਵੈਰੀ ਦੀ ਕਾਰਬਨ ਕਾਪੀ। ਉਂਜ ਵੀ ਜਿੰਨੇ ਕਿਸੇ ਦੇ ਅਸੀਂ ਪੁਤਲੇ ਵੱਧ ਫ਼ੂਕਦੇ ਹਾਂ, ਓਨਾ ਹੀ ਵੱਧ ਉਹ ਆਦਮੀ 'ਅਮਰ' ਹੋ ਜਾਂਦਾ ਹੈ। ਰਾਵਣ ਦੀ ਮਿਸਾਲ ਸਾਹਮਣੇ ਹੈ, ਸ਼ਾਇਦ ਹੀ ਕਿਸੇ ਹੋਰ ਦੇ ਪੁਤਲੇ ਉਸ ਨਾਲੋਂ ਵੱਧ ਸਾੜੇ ਜਾਂਦੇ ਹੋਣ...ਪਰ ਸਿਰਫ਼ ਪੁਤਲੇ...ਅਸਲੀ ਰਾਵਣ ਤਾਂ ਅਜੇ ਜਿਉਂਦਾ ਹੈ। ਅਮਰ ਹੈ। ਬਿਲਕੁਲ ਉਸ ਦਿਓ ਵਾਂਗ ਜਿਸ ਦੇ ਖ਼ੂਨ ਦੀ ਇਕ ਬੂੰਦ

ਤੋਂ ਦੂਸਰਾ ਦਿਓ ਬਣ ਜਾਂਦਾ ਸੀ, ਬਿਲਕੁਲ ਉਹੋ ਜਿਹਾ ਹੀ ਇੰਨ ਬਿੰਨ ਤੇ ਜਿੰਨੀਆਂ ਬੂੰਦਾਂ ਧਰਤੀ ਤੇ ਡਿੱਗੀਆਂ, ਉਨੇ ਹੀ ਦਿਓ....ਜਿੰਨੇ ਪੁਤਲੇ, ਉਤਨੇ ਹੀ ਰਾਵਣ...!

ਸਾਡੀ ਇਸ ਪੁਤਲੇ ਫੂਕਣੀ ਸੋਚ ਨੇ ਸਾਨੂੰ ਕੀ ਤੋਂ ਕੀ ਬਣਾ ਦਿੱਤਾ ਹੈ। ਅਸੀਂ ਤੇ ਸਾਡੀ ਵਿਚਾਰਗੀ....ਖ਼ੈਰ, ਕੋਈ ਗੱਲ ਨਹੀਂ, ਕਿਸੇ ਦਿਨ ਇਸ ਵਿਚਾਰਗੀ ਦਾ ਵੀ ਫੂਕ ਦਿਆਂਗੇ ਪੁਤਲਾ ਬਣਾ ਕੇ!

* * *



## ਸਿਆਣੇ ਬੰਦੇ ਦੀ ਵਿਚਾਰਗੀ

ਕਈ ਵਾਰੀ ਸਿਆਣਿਆਂ ਦੀ ਆਖੀ ਗੱਲ ਮੰਨ ਲੈਣ ਵਿਚ ਹੀ ਬੰਦੇ ਦੀ ਭਲਾਈ ਹੁੰਦੀ ਹੈ। ਜਿਵੇਂ ਨਸ਼ਾ ਵੇਚਣ ਵਾਲੇ ਲੋਕ ਡੱਬੀ ਦੇ ਉੱਪਰ ਹੀ ਲਿਖ ਦਿੰਦੇ ਹਨ ਕਿ ਇਸ ਬਲਾ ਨੂੰ ਨਾ ਖਾਇਓ, ਰੱਬ ਦਿਓ ਬੰਦਿਓ। ਇਸ ਨੂੰ ਖਾਣਾ ਸਿਹਤ ਲਈ ਹਾਨੀਕਾਰਕ ਹੈ। ਪਰ ਕੌਣ ਪੜ੍ਹਦਾ ਹੈ ਅਜਿਹੀ ਘਿਸੀ ਪਿਟੀ ਲਾਈਨ ਨੂੰ! ਫ਼ਿਰ ਇਹੋ ਜਿਹੀਆਂ ਕੁਝ ਗੱਲਾਂ ਤਾਂ ਸਿਰਫ਼ ਲਿਖਣ ਲਈ ਹੀ ਹੁੰਦੀਆਂ ਹਨ। ਜਿਵੇਂ 'ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ ਹੈ', 'ਰਿਸ਼ਵਤ ਲੈਣਾ ਤੇ ਦੇਣਾ ਕਾਨੂੰਨੀ ਜੁਰਮ ਹੈ', 'ਸਦਾ ਸੱਚ ਬੋਲੋ', 'ਇਮਾਨਦਾਰੀ ਚੰਗੀ ਨੀਤੀ ਹੈ' ਵਗੈਰਾ ਵਗੈਰਾ।

ਲਿਖਣ ਨੂੰ ਤਾਂ ਅਸੀਂ ਬੜੇ ਭਾਰੀ ਕਾਨੂੰਨ ਵੀ ਲਿਖੇ ਹਨ। ਪ੍ਰੰਤੂ ਇਨ੍ਹਾਂ ਦੀ ਪਰਵਾਹ ਕੌਣ ਕਰਦਾ ਹੈ ? ਕਾਨੂੰਨ ਆਮ ਬੰਦੇ ਲਈ ਖ਼ਤਰਨਾਕ ਹੈ, ਹਊਆ ਹੈ, ਇਸੇ ਲਈ ਕਾਨੂੰਨ ਦੀ ਪ੍ਰਵਾਹ ਕਰਨੀ ਚਾਹੀਦੀ ਹੈ। ਲੋਕ ਆਖਦੇ ਹਨ ਕਿ ਕਾਨੂੰਨੀ ਜਾਂ ਦਫ਼ਤਰੀ ਕਾਗਜ਼ ਬੰਦੇ ਦੇ ਮਗਰ ਤੁਰ ਪਵੇ ਤਾਂ ਇਸ ਤੋਂ ਪਿੱਛਾ ਛੁਡਾਉਣਾ ਕਿਸੇ ਕਰਮਾਂ ਵਾਲੇ ਜਾਂ 'ਪਹੁੰਚ ਵਾਲੇ' ਨੂੰ ਹੀ ਨਸੀਬ ਹੁੰਦਾ ਹੈ। ਵੱਡੇ ਹਾਦਸਿਆਂ ਵਿਚ ਤਾਂ ਸਾਡੇ ਪਿੰਡਾਂ ਦੇ ਪਿੰਡ ਹੀ ਜ਼ਖਮੀਆਂ ਦੀ ਮਦਦ ਲਈ ਉਮੜ ਪੈਂਦੇ ਹਨ ਅਤੇ ਆਪਣੀ ਮਾਨਵਤਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹਨ। ਪਰ ਛੋਟੇ ਮੋਟੇ ਹਾਦਸੇ ਵਿਚ ਸੜਕ ਉੱਤੇ ਕੋਈ ਜਖ਼ਮੀ ਪਿਆ ਹੋਵੇ ਤਾਂ ਬੰਦੇ ਨੂੰ ਹਜ਼ਾਰ ਵਾਰ ਸੋਚਣਾ ਪੈਂਦਾ ਹੈ। ਕਈ ਵਾਰੀ ਦੇਖੀਦਾ ਹੈ ਕਿ ਜੇਕਰ ਬੰਦਾ ਜਖ਼ਮੀ ਹਾਲਤ ਵਿਚ ਸੜਕ ਤੇ ਪਿਆ ਹੈ ਤਾਂ ਅਸੀਂ ਇਕ ਦੂਸਰੇ ਤੋਂ ਅੱਖ ਬਚਾ ਕੇ ਉਥੋਂ ਨਿਕਲਣ ਦੀ ਕਰਦੇ ਹਾਂ। ਇਹ ਵੀ ਧਿਆਨ ਰੱਖਦੇ ਹਾਂ ਕਿ ਅਜਿਹਾ ਕਰਦੇ ਸਮੇਂ ਸਾਨੂੰ ਕੋਈ ਵੇਖੇ ਨਾ। ਸਾਡੇ ਕੋਲ ਦੂਸਰਿਆਂ ਦੀ ਸਹਾਇਤਾ ਲਈ 'ਟਾਈਮ ਨਹੀਂ' ਦਾ ਬਹਾਨਾ ਵੱਟ ਤੇ ਪਿਆ ਹੁੰਦਾ ਹੈ। ਬਾਅਦ ਵਿਚ ਢਾਣੀ ਵਿਚ ਬਹਿ ਕੇ ਅਸੀਂ ਲੋਕਾਂ ਦੀ ਅਜਿਹੀ ਪ੍ਰਵਿਰਤੀ ਦੀ ਤਿੱਖੀ ਨੁਕਤਾਚੀਨੀ ਕਰਦੇ ਹਾਂ।

ਕਹਿੰਦੇ ਹਨ ਕਿ ਵਿਦੇਸ਼ਾਂ ਵਿਚ ਖ਼ਾਸ ਕਰਕੇ ਯੂਰਪੀ ਦੇਸ਼ਾਂ ਦੀ ਪੁਲੀਸ ਨੂੰ ਵੇਖ ਕੇ ਲੋਕ ਰਾਹਤ ਮਹਿਸੂਸ ਕਰਦੇ ਹਨ। ਉਸ ਦੀ ਮੌਜੂਦਗੀ ਵਿਚ ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ। ਪਰ ਆਪਣੇ ਇੱਧਰ ਪਤਾ ਨਹੀਂ ਕਿਉਂ ਲੋਕ

ਪੁਲੀਸ ਵਾਲਿਆਂ ਨੂੰ ਵੇਖ ਕੇ ਆਪਣੇ ਸਾਹ ਸੁਕਾ ਲੈਂਦੇ ਹਨ। ਆਖਿਆ ਜਾਂਦਾ ਹੈ ਕਿ ਪੁਲੀਸ ਵਾਲਿਆਂ ਦੀ ਨਾ ਤਾਂ ਦੋਸਤੀ ਚੰਗੀ ਹੈ ਤੇ ਨਾ ਹੀ ਦੁਸ਼ਮਣੀ। ਇਨ੍ਹਾਂ ਤੋਂ ਤਾਂ ਦੂਰ ਹੀ ਚੰਗੇ। ਅਜਿਹੀ ਆਮ ਲੋਕਾਂ ਦੀ ਰਾਇ ਹੈ ਪਰ ਸ਼ਾਇਦ ਚੋਰਾਂ ਠੱਗਾਂ ਨੂੰ ਕਦੇ ਪੁਲੀਸ ਤੋਂ ਡਰ ਭੈਅ ਨਹੀਂ ਆਉਂਦਾ। ਉਹ ਇਸ ਮਾਮਲੇ ਵਿਚ ਕਾਫ਼ੀ ਬੇਬਾਕ ਹੁੰਦੇ ਹਨ। ਉਹ ਪੁਲੀਸ ਨੂੰ ਆਪਣਾ 'ਭਾਈਵਾਲ' ਸਮਝਦੇ ਹਨ, ਹਮਰਾਜ਼, ਹਮਦਮ, ਹਮਦਰਦ...!

ਹੁਣ ਉੱਪਰਲੀ ਗੱਲ ਨੂੰ ਇਥੇ ਹੀ ਠੱਪ ਕਰਨ ਵਿਚ ਭਲਾਈ ਹੈ। ਆਪਾਂ ਫ਼ਿਰ ਸਿਆਣਿਆਂ ਦੀ ਗੱਲ ਵੱਲ ਜਾਂਦੇ ਹਾਂ। ਸਾਡੇ ਕਰੋੜਪਤੀ ਕਾਰਖ਼ਾਨੇਦਾਰ ਭਾਈਚਾਰੇ ਦੇ ਲੋਕਾਂ ਲਈ ਦੇਸ਼ ਇਕ ਬਾਜ਼ਾਰ ਹੈ, ਜਿਸ ਵਿਚ ਉਹ ਕੁਝ ਵੀ ਖ਼ਪਾ ਸਕਦੇ ਹਨ, ਕੁਝ ਵੀ। ਚਾਹੇ ਉਹ ਮਿਆਰੀ ਹੋਵੇ ਜਾਂ ਸਤਹੀ, ਇਸ ਗੱਲ ਦੀ ਕਿਸੇ ਨੂੰ ਪ੍ਰਵਾਹ ਨਹੀਂ। ਇਥੋਂ ਤੱਕ ਕਿ ਲੋਕਾਂ ਦੀ ਆਪਣੀ ਚੁਣੀ ਹੋਈ ਸਰਕਾਰ ਵੀ ਬੇਬਸ ਕਠਪੁਤਲੀ ਬਣ ਕੇ ਉਨ੍ਹਾਂ ਦੇ ਹਿੱਤ ਪੂਰਦੀ ਹੈ। ਜਿਵੇਂ ਸਰਕਾਰ ਆਪਣੀਆਂ ਬੱਸਾਂ ਦੀ ਹਾਲਤ ਵਿਚ ਕਦੇ ਵੀ ਸੁਧਾਰ ਨਹੀਂ ਕਰਨਾ ਚਾਹੇਗੀ ਕਿਉਂਕਿ ਸਰਕਾਰ ਚਲਾ ਰਹੇ ਨੇਤਾ ਤਾਂ ਖ਼ੁਦ ਆਪਣੀਆਂ ਨਿੱਜੀ ਟਰਾਂਸਪੋਰਟ ਕੰਪਨੀਆਂ ਚਲਾਉਂਦੇ ਹਨ। ਉਹ ਵਿਚਾਰੇ ਆਪਣੇ ਪੈਰੀਂ ਕੁਹਾੜਾ ਕਿਉਂ ਮਾਰਨ!

ਇਕ ਰਾਹ ਤੁਰਿਆ ਬੰਦਾ ਆਖ ਰਿਹਾ ਹੈ ਕਿ ਸਰਕਾਰੀ ਬੱਸਾਂ ਦੀ ਮੰਦੀ ਹਾਲਤ ਇਨ੍ਹਾਂ ਨੂੰ ਚਲਾਉਣ ਵਾਲਿਆਂ ਨੇ ਹੀ ਕੀਤੀ ਹੈ ਤੇ ਇਨ੍ਹਾਂ ਨੂੰ 'ਚਲਾਉਣ' ਵਾਲੇ ਕੇਵਲ ਡਰਾਈਵਰ ਤੇ ਕੰਡਕਟਰ ਹੀ ਤਾਂ ਨਹੀਂ! ਕਈ ਵਾਰ ਤਾਂ ਇਉਂ ਲਗਦਾ ਹੈ ਕਿ ਜਿਵੇਂ 'ਸਰਕਾਰੀ' ਸ਼ਬਦ ਨੂੰ 'ਘਟੀਆ' ਆਖਣ ਦਾ ਰਿਵਾਜ਼ ਖ਼ੁਦ ਸਰਕਾਰ ਹੀ ਪਾ ਰਹੀ ਹੈ। ਇਸ ਦਾ ਪ੍ਰਚਾਰ ਪਰਦੇ ਪਿੱਛੇ ਸਰਕਾਰੀ ਮਸ਼ੀਨਰੀ ਦੇ ਚਾਲਕਾਂ, ਭਾਵ ਸਾਡੇ ਆਪਣੇ ਹੀ ਚੁਣੇ ਹੋਏ ਪ੍ਰਤੀਨਿਧੀਆਂ ਵੱਲੋਂ ਹੀ ਕੀਤਾ ਜਾ ਰਿਹਾ ਹੈ। ਵਰਨਾ ਜੇ ਇਕ ਸੜਕ ਤੇ ਚੱਲਕੇ ਪ੍ਰਾਈਵੇਟ ਬੱਸ ਮੁਨਾਫ਼ਾ ਦਿਖਾ ਸਕਦੀ ਹੈ ਤਾਂ ਉਸੇ ਰੂਟ ਤੇ ਸਰਕਾਰੀ ਗੱਡੀ ਦਾ ਵਾਜਾ ਕਿਉਂ ਵੱਜ ਜਾਂਦਾ ਹੈ?

ਆਖਿਰ ਉਹ ਕਿਹੜੇ ਢੰਗ ਤਰੀਕੇ ਹਨ ਜਿਨ੍ਹਾਂ ਤੇ ਚੱਲ ਕੇ ਪ੍ਰਾਈਵੇਟ ਕੰਪਨੀਆਂ ਵਾਲੇ ਹਰ ਸਾਲ ਨਵੀਆਂ ਗੱਡੀਆਂ ਬਣਾ ਰਹੇ ਹਨ ਅਤੇ ਸਰਕਾਰੀ ਬੱਸਾਂ ਵਰਕਸ਼ਾਪਾਂ ਵਿਚ ਖੜ੍ਹੀਆਂ ਮੁਰੰਮਤ ਅਤੇ ਡੀਜ਼ਲ ਦੀ ਉਡੀਕ ਵਿਚ ਹੀ ਜੰਗਾਲ ਦਾ ਸ਼ਿਕਾਰ ਹੋ ਜਾਂਦੀਆਂ ਹਨ!

ਰਹੀ ਗੱਲ ਚੰਗੇ ਮਿਆਰ ਦੀ, ਤਾਂ ਲੋਕਾਂ ਨੂੰ ਖ਼ੁਦ ਹੀ ਚਾਹੀਦਾ ਹੈ ਕਿ ਉਹ ਆਲਤੂ ਫ਼ਾਲਤੂ ਰੌਲਾ ਰੱਪਾ ਪਾਉਣ ਦੀ ਥਾਂ ਚੁੱਪ ਕਰਕੇ ਲੀਡਰਾਂ ਦੀਆਂ ਡੀਲਕਸ



ਬੱਸਾਂ ਦੇ ਝੂਟੇ ਲਈ ਜਾਣ। ਹੁਣ ਉਹ ਆਪਣੀ ਬੱਸ ਦੇ ਡਰੈਵਰ ਜਾਂ ਕੰਡਕਟਰ ਨੂੰ ਸਰਕਾਰੀ ਮੁਲਾਜ਼ਮਾਂ ਦੇ ਬਰਾਬਰ ਤਨਖਾਹ ਦੇਣ ਜਾਂ ਨਾ ਦੇਣ, ਲੋਕਾਂ ਨੂੰ ਕੀ?

ਉਹ ਤੀਜੇ ਪਾਸੇ ਸਿੰਗ ਕਿਉਂ ਫਸਾਉਂਦੇ ਹਨ? ਨਾਲੇ ਜੇ ਸਾਡੇ ਪ੍ਰਾਈਵੇਟ ਮੁਲਾਜ਼ਮਾਂ ਨੂੰ ਕੋਈ ਇਤਰਾਜ਼ ਨਹੀਂ, ਉਹ ਆਪਣੀ ਜਾਨ ਅਤੇ ਜ਼ਰਦਾ ਹਥੇਲੀ ਤੇ ਧਰ ਕੇ, ਪੱਲਿਓਂ ਨਸ਼ਾ ਪੱਤਾ ਛਕ ਕੇ, ਬੱਸਾਂ ਨੂੰ ਨ੍ਹੇਰੀ ਤੂਫ਼ਾਨ ਦੀ ਤਰ੍ਹਾਂ ਚਲਾ ਰਹੇ ਹਨ ਤਾਂ ਕਿਸੇ ਨੂੰ ਕੀ? ਗੱਡੀ ਤੇਜ਼ ਚਲਾਉਣ ਦੇ ਚੱਕਰ ਵਿਚ ਜੇ ਉਸ ਦੀ ਜਾਂ ਬੱਸ ਦੀਆਂ ਸਵਾਰੀਆਂ ਦੀ ਜਾਨ ਮਾਲ ਨੂੰ ਖਤਰਾ ਹੁੰਦਾ ਹੈ ਤਾਂ ਹੋਵੇ, ਇਸੇ ਨੂੰ ਤਾਂ ਕਿਹਾ ਜਾਂਦਾ ਹੈ, 'ਚਲਤੀ ਕਾ ਨਾਮ ਗਾੜੀ, ਬੈਠਨਾ ਹੈ ਤੋ ਬੈਠ ਨਹੀਂ ਤੋ ਹੱਟ ਪਿਛਾੜੀ!'

ਨਾਲੇ ਬਾਈ ਜੀ, ਇਹੋ ਜਿਹੀਆਂ ਗੱਲਾਂ ਅੱਜ ਕੱਲ੍ਹ ਕਰਦਾ ਕੌਣ ਹੈ, ਜਿਨ੍ਹਾਂ ਨਾਲ ਸਮਾਜ ਦਾ ਭਲਾ ਹੁੰਦਾ ਹੋਵੇ। ਸਿਆਣੇ ਆਖਦੇ ਹਨ ਕਿ 'ਪਹਿਲਾਂ ਆਪਣੀ ਸੋਚ, ਇਹ ਯੱਭ ਤਾਂ ਐਂ ਈ ਚੱਲਦਾ ਰਹੂ..' 'ਕਬੀਰਾ ਤੇਰੀ ਝੌਂਪੜੀ ਗਲ ਕਟੀਅਨ ਕੇ ਪਾਸ, ਜੋ ਕਰਨਗੇ ਸੋ ਭਰਨਗੇ ਤੂ ਕਿਉਂ ਭਇਓ ਉਦਾਸ' ਦਾ ਰਾਗ ਆਮ ਬੰਦੇ ਦੀ ਬੇਵਸੀ ਦਾ ਸਿਖਰ ਹੈ। ਅਸੀਂ ਹਰ ਗੱਲ ਆਈ ਗਈ ਕਰਨ ਵਿਚ ਬਿੰਦ ਲਾਉਂਦੇ ਹਾਂ। ਯਾਦ ਕਰੋ ਅੱਜ ਸਾਨੂੰ ਭਾਰਤ ਮਹਾਨ ਦੇ ਅਖੌਤੀ ਲੀਡਰਾਂ ਅਤੇ ਉਨ੍ਹਾਂ ਦੇ ਚਮਚਿਆਂ ਵੱਲੋਂ ਕੀਤੇ ਕਿੰਨੇ ਕੁ ਘਪਲੇ ਘੁਟਾਲੇ ਯਾਦ ਹਨ? ਸ਼ਾਇਦ ਇੱਕ ਵੀ ਨਹੀਂ। ਪੈਸਾ ਹਜ਼ਮ, ਖੇਲ ਖ਼ਤਮ। ਇਥੇ ਈਮਾਨ ਡਰਾਇੰਗ ਰੂਮ ਵਿਚ ਸਜਾਉਣ ਦੀ ਵਸਤੂ ਤੋਂ ਵੱਧ ਕੇ ਕੁਝ ਵੀ ਨਹੀਂ। ਇਸ ਦਾ ਜ਼ਿਕਰ ਵੀ ਅਸੀਂ ਲੋਕ ਸ਼ੁਗਲ ਵਜੋਂ ਹੀ ਕਰਦੇ ਹਾਂ।

ਕਈ ਵਾਰੀ ਲਗਦਾ ਹੈ ਜਿਵੇਂ ਅਸੀਂ ਘਪਲਿਆਂ ਦੀ ਮਾਰ ਝੱਲਣ ਲਈ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਤਿਆਰ ਕਰ ਲਿਆ ਹੈ। ਅਸੀਂ ਇਸੇ ਲਈ ਹੁਣ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਨਹੀਂ ਗੌਲਦੇ। ਕਾਨੂੰਨਾਂ ਦੀ ਗੱਲ ਕਰਦਿਆਂ ਮੈਨੂੰ ਬਚਪਨ ਦੀ ਇਕ ਘਟਨਾ ਚੇਤੇ ਆ ਜਾਂਦੀ ਹੈ। ਮੇਰੇ ਦਾਦੀ ਜੀ ਨੂੰ ਆਦਤ ਸੀ ਕਿ ਘਰੋਂ ਜਦ ਵੀ ਜਾਣਾ ਹੋਵੇ ਤਾਂ ਹਰ ਚੀਜ਼, ਹਰ ਸੰਦੂਕ ਨੂੰ ਤਾਲਾ ਲਾ ਕੇ ਜਾਂਦੀ। ਪਿਤਾ ਜੀ ਦੀ ਰੀਸ ਸਾਰੇ ਹੀ ਬੱਚੇ ਉਨ੍ਹਾਂ ਨੂੰ ਹਮੇਸ਼ਾ ਬੇਬੇ ਆਖ ਕੇ ਹੀ ਬੁਲਾਂਦੇ। ਬੇਬੇ ਦੇ ਲਾਏ ਤਾਲੇ ਵੀ ਮਿਸਰ ਦੇ ਪਿਰਾਮਿਡਾਂ ਵਾਂਗ ਬੜੇ ਖ਼ਾਸ ਹੁੰਦੇ। ਮੈਨੂੰ ਉਹ ਹਮੇਸ਼ਾ ਹੀ ਬੜੇ ਰਹੱਸਮਈ ਜਾਪਦੇ, ਕਿਸੇ ਖ਼ਜ਼ਾਨੇ ਦੇ ਖ਼ਾਮੋਸ਼ ਪਹਿਰੇਦਾਰ। ਪਰ ਕਦੇ ਬੇਬੇ ਦੇ ਲਾਏ ਤਾਲੇ ਨੂੰ ਖੋਲ੍ਹਣ ਦਾ ਹੀਆ ਨਹੀਂ ਸੀ ਪੈਂਦਾ। ਹਾਂ, ਉਹਨਾਂ ਤਾਲਿਆਂ ਦੇ ਪਿੱਛੇ ਪਈਆਂ ਚੀਜ਼ਾਂ, ਵਸਤਾਂ ਸਾਡੇ ਲਈ ਬੜੀਆਂ ਖ਼ਾਸ ਹੋ ਜਾਂਦੀਆਂ। ਅਸੀਂ ਕਲਪਨਾ ਕਰਕੇ ਸੋਚ ਲੈਂਦੇ ਕਿ ਫ਼ਲਾਂ ਸ਼ੈਅ ਕਿਹੋ ਜਿਹੀ ਹੋਵੇਗੀ। ਹੁੰਦਾ ਵੀ ਕੀ ਸੀ, ਫੁਲਕਾਰੀਆਂ, ਰੰਗ ਬਰੰਗੀਆਂ ਪੱਖੀਆਂ, ਭਾਂਤ ਭਾਂਤ ਦੇ ਕੱਪੜੇ, ਪਿੱਤਲ ਦੇ ਭਾਂਡੇ, ਜਾਂ ਕਿਤੇ ਕਿਤੇ

ਸੰਦੂਕ ਵਿਚ ਪੁਰਾਣੇ ਗਹਿਣੇ ਹੁੰਦੇ, ਜੋ ਸ਼ਾਇਦ ਹੀ ਕਿਸੇ ਨੇ ਕਦੇ ਪਾਏ ਹੁੰਦੇ। ਕਈ ਵਾਰ ਪੰਜੀਰੀ ਵਰਗੀ ਖਾਣ ਵਾਲੀ ਸੁਗਾਤ ਨੂੰ ਵੀ ਬੇਬੇ ਸਾਂਭ ਸਾਂਭ ਰੱਖਦੀ ਤਾਂ ਕਿ ਸਾਰੇ ਬੱਚਿਆਂ ਨੂੰ ਵੰਡੀ ਜਾ ਸਕੇ। ਪਰ ਇਕ ਦਿਨ ਅਨਹੋਣੀ ਹੋ ਹੀ ਗਈ। ਘਰ ਕੋਈ ਨਹੀਂ ਸੀ। ਜਦੋਂ ਪਰਤੇ ਤਾਂ ਬਹੁਤ ਦੇਰ ਹੋ ਚੁੱਕੀ ਸੀ। ਕਿਸੇ ਨੇ ਮਗਰੋਂ ਬੇਬੇ ਦੇ ਲਾਏ ਕੀਮਤੀ ਤਾਲੇ ਤੋੜ ਦਿੱਤੇ ਸਨ। ਚੋਰ ਹਰ ਚੁੱਕੀ ਜਾ ਸਕਣ ਵਾਲੀ ਚੀਜ਼ ਲੈ ਗਏ। ਤਾਲਿਆਂ ਉੱਤੋਂ ਮੇਰਾ ਵਿਸ਼ਵਾਸ਼ ਉੱਠ ਗਿਆ ਸੀ। ਉਹ ਬੇਬੇ ਦੀ ਕੋਈ ਵੀ ਅਮਾਨਤ ਸਾਂਭ ਨਹੀਂ ਸਨ ਸਕੇ। ਉਦੋਂ ਬਾਈ, ਮੇਰੇ ਦਾਦਾ ਜੀ, ਦੀ ਆਖੀ ਗੱਲ ਮੇਰੇ ਜ਼ਿਹਨ ਵਿਚ ਹਮੇਸ਼ਾ ਲਈ ਉੱਕਰੀ ਗਈ, 'ਤਾਲੇ ਤਾਂ ਸਾਧਾਂ ਵਾਸਤੇ ਹੁੰਦੇ ਐ, ਚੋਰਾਂ ਲਈ ਇਨ੍ਹਾਂ ਦਾ ਕੋਈ ਮਤਲਬ ਨਹੀਂ।' ਭਾਵ ਜਿਨ੍ਹਾਂ ਤੋਂ ਬਚਣ ਲਈ ਇਹ ਲਗਾਏ ਜਾਂਦੇ ਹਨ, ਉਨ੍ਹਾਂ ਲਈ ਇਹ ਕੇਵਲ ਖੇਡ ਖਿਡੌਣੇ ਹੀ ਹਨ।

ਨਿਯਮ ਅਤੇ ਕਾਨੂੰਨ ਵੀ ਇਨ੍ਹਾਂ ਤਾਲਿਆਂ ਵਰਗੇ ਹੀ ਹੁੰਦੇ ਹਨ। ਹੁਣ ਜਦੋਂ ਆਪਣੇ ਸਾਹਮਣੇ ਨਿੱਤ ਕਾਨੂੰਨ ਦੇ ਤਾਲਿਆਂ ਨੂੰ ਟੁੱਟਦਾ ਵੇਖਦਾ ਹਾਂ ਤਾਂ ਬਚਪਨ ਦੀ ਘਟਨਾ ਯਾਦ ਆ ਜਾਂਦੀ ਹੈ। ਤਾਲੇ ਤਾਂ ਕੇਵਲ ਸਾਧਾਂ ਲਈ ਹੁੰਦੇ ਹਨ। ਜਿਹੜਾ ਕਾਨੂੰਨ ਦੀ ਅਹਿਮੀਅਤ ਸਮਝੇ, ਉਹਦੇ ਲਈ ਹੀ ਉਸ ਦਾ ਕੋਈ ਮਤਲਬ ਹੈ। ਕਈ ਲੋਕ ਆਖਦੇ ਹਨ ਕਿ ਜਿਵੇਂ ਚੋਰੀ ਦਾ ਅਮਰੂਦ ਖਾਣਾ ਜ਼ਿਆਦਾ ਸੁਆਦਲਾ ਹੁੰਦਾ ਹੈ, ਉਵੇਂ ਹੀ ਅਸਲੀ ਜ਼ਿੰਦਗੀ ਵਿਚ ਵੀ ਅਜਿਹਾ ਕਰਨਾ ਕਾਫ਼ੀ ਰੌਚਕ ਹੁੰਦਾ ਹੈ। ਸ਼ਾਇਦ ਇਸੇ ਲਈ ਹੀ ਲੋਕ ਅਕਸਰ ਛੋਟੀਆਂ ਛੋਟੀਆਂ ਗੱਲਾਂ ਲਈ ਵੀ ਕਾਨੂੰਨ ਛਿੱਕੇ ਟੰਗ ਦਿੰਦੇ ਹਨ। ਜਿਵੇਂ ਬਿਨਾਂ ਹੈਲਮੈਟ ਤੋਂ ਦੁਪਹੀਆ ਵਾਹਨ ਚਲਾਉਣਾ, ਬਿਨਾਂ ਸੀਟ ਬੈਲਟ ਲਾਇਆਂ ਕਾਰ ਚਲਾਉਣਾ, ਬਿਨਾਂ ਟਿਕਟ ਸਫ਼ਰ ਕਰਨਾ, ਸਰਕਾਰੀ ਜ਼ਮੀਨਾਂ ਉੱਤੇ ਕਬਜ਼ਾ ਕਰਨਾ ਤੇ ਇਸ ਘੇਰੇ ਦੀ ਵਿਸ਼ਾਲਤਾ ਏਨੀ ਵਿਰਾਟ ਹੋ ਜਾਂਦੀ ਹੈ ਕਿ ਇਸ ਦਾ ਅੰਦਾਜ਼ਾ ਲਾਉਣਾ ਵੀ ਮੁਸ਼ਕਲ ਹੈ।

ਦਰਅਸਲ ਇਹ ਸਾਡੀ ਵਿਲਾਸਤਾ ਨਹੀਂ ਤਾਂ ਹੋਰ ਕੀ ਹੈ ਕਿ ਅਸੀਂ ਆਪਣੇ ਲਈ ਹਮੇਸ਼ਾ ਖੁੱਲ੍ਹੀ ਖੇਡ ਚਾਹੁੰਦੇ ਹਾਂ ਅਤੇ ਇਹ ਛੋਟੀ ਮੋਟੀ ਗੱਲ ਨਹੀਂ ਹੈ। ਇਸ ਦੇ ਤਾਰ ਜੁੜੇ ਹੋਏ ਹਨ ਹਰ ਤਰ੍ਹਾਂ ਦੇ ਭ੍ਰਿਸ਼ਟ ਵਿਹਾਰ ਨਾਲ। ਸਤਿਜੁਗ, ਤ੍ਰੇਤਾ ਅਤੇ ਦੁਆਪਰ ਤੋਂ ਬਾਅਦ ਕਲਜੁਗ ਦੇ ਮਾਹੌਲ ਵਿਚ ਰਹਿੰਦਿਆਂ ਅਸੀਂ ਏਨੇ ਜ਼ਿਆਦਾ ਸਵਾਰਥੀ ਮਨ ਵਾਲੇ ਹੋ ਗਏ ਹਾਂ ਕਿ ਸਾਡੇ ਲਈ 'ਆਪ ਮੋਏ ਜਗ ਪਰਲੋ' ਵਾਲੀ ਹਾਲਤ ਹੈ। ਅਸੀਂ ਹਰ ਹਰਬਾ ਜ਼ਰਬਾ ਵਰਤ ਕੇ ਮੁਕਾਬਲੇ ਵਿਚੋਂ ਅੱਗੇ ਨਿਕਲਣਾ ਚਾਹੁੰਦੇ ਹਾਂ। ਇਹ ਰਸਤਾ ਬਿਲਕੁਲ ਹਨੇਰਗਰਦੀ ਵਾਲਾ ਹੈ। ਆਪਾਧਾਪੀ ਦਾ ਇਹ ਆਲਮ ਸਾਨੂੰ ਅਰਾਜਕਤਾ ਵਾਲੇ ਪਾਸੇ ਲਿਜਾ ਰਿਹਾ ਹੈ। ਇਸ ਵਰਤਾਰੇ ਦੀ



ਰਫ਼ਤਾਰ ਬਹੁਤ ਜ਼ਿਆਦਾ ਹੈ। ਸਿਆਣੀਆਂ ਗੱਲਾਂ ਕਰਨ ਵਾਲੇ ਵੱਡੇ ਭਲੇ ਲੋਕ ਵੀ ਬੇਬਸ ਤੇ ਵਿਚਾਰੇ ਜਿਹੇ ਪ੍ਰਤੀਤ ਹੁੰਦੇ ਹਨ। ਉਨ੍ਹਾਂ ਦੀਆਂ ਆਖੀਆਂ ਗੱਲਾਂ ਹੁਣ ਭ੍ਰਿਸ਼ਟਾਚਾਰ ਦੇ ਘਨਘੋਰ ਮੀਂਹ ਵਿਚ ਕੱਚੀਆਂ ਕੰਧਾਂ ਵਾਂਗ ਖ਼ੁਰਦੀਆਂ ਜਾਪਦੀਆਂ ਹਨ। ਹੱਕ ਸੱਚ ਦੀਆਂ ਰੌਸ਼ਨ ਮੀਨਾਰਾਂ ਲਈ ਅਜੋਕੇ ਸਮੇਂ ਵਿਚ ਕੰਮ ਕਰਨਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਪ੍ਰੰਤੂ, ਹਰ ਹਾਲਤ ਵਿਚ ਮੁਸੀਬਤ ਦੀ ਚਰਮ ਸੀਮਾ ਤੱਕ ਵੀ ਆਸ ਦੀ ਇਕ ਕਿਰਨ ਹਮੇਸ਼ਾ ਬਣੀ ਰਹਿੰਦੀ ਹੈ।

ਇਸ ਦਾ ਭੇਤ ਛੁਪਿਆ ਹੈ ਆਤਮ ਚਿੰਤਨ ਵਿਚ। ਜੇਕਰ ਅਸੀਂ ਅੱਜ ਵੀ ਆਪਣੇ ਆਪ ਨਾਲ ਧੁਰ ਅੰਦਰੋਂ ਕੋਈ ਸੰਵਾਦ ਸਿਰਜ ਸਕੀਏ ਤਾਂ ਯਕੀਨਨ ਸਾਡੀਆਂ ਸਮੱਸਿਆਵਾਂ ਦਾ ਹੱਲ ਆਪਣੇ ਆਪ ਸਾਹਮਣੇ ਦਿਖਾਈ ਦੇ ਜਾਵੇਗਾ। ਆਪਣੀ ਕਹਿਣੀ ਤੇ ਕਰਨੀ ਨੂੰ ਹੀ ਜੇਕਰ ਅਸੀਂ ਇਕ ਕਰ ਸਕੀਏ ਤਾਂ ਮੁਸੀਬਤ ਦੇ ਬੱਦਲ ਛਟਦਿਆਂ ਦੇਰ ਨਹੀਂ ਲੱਗੇਗੀ। ਸੱਚ ਦਾ ਸੂਰਜ ਤਾਂ ਸਦੀਆਂ ਤੋਂ ਓਵੇਂ ਹੀ ਰੌਸ਼ਨੀ ਵੰਡਦਾ ਆ ਰਿਹਾ ਹੈ। ਕੇਵਲ ਅਸੀਂ ਹੀ ਆਪਣੀ ਚੇਤਨਾ ਦੇ ਦੁਆਲੇ ਆਪਣੇ ਸਵਾਰਥ ਅਤੇ ਲਾਲਸਾਵਾਂ ਦੇ ਪਰਦੇ ਪਾ ਕੇ ਹਨੇਰਾ ਕਰ ਰੱਖਿਆ ਹੈ। ਲੋੜ ਹੈ ਤਾਂ ਕੇਵਲ ਇਨ੍ਹਾਂ ਬੇਲੋੜੇ ਪਰਦਿਆਂ ਨੂੰ ਪਰ੍ਹੇ ਕਰਨ ਦੀ! ਵਿਚਾਰਗੀ ਦਾ ਸ਼ਿਕਾਰ ਹੋ ਕੇ ਸੌ ਸਾਲ ਜੀਣ ਨਾਲੋਂ ਬਿਹਤਰ ਹੈ, ਸਵੈਮਾਣ ਨਾਲ ਦੋ ਘੜੀਆਂ ਰੱਜ ਕੇ ਜੀਅ ਲੈਣਾ ਕਿਉਂਕਿ ਇਨ੍ਹਾਂ ਦੋ ਪਲਾਂ ਦਾ ਨਾਮ ਹੀ ਜ਼ਿੰਦਗੀ ਹੈ।

* * *

# ਕੀ ਮੈਂ ਝੂਠ ਬੋਲਿਆ ?

ਜੋਤਿਸ਼ੀਆਂ ਬਾਰੇ ਕੁਝ ਕਹਿਣ ਤੋਂ ਪਹਿਲਾਂ ਇਹ ਸਪੱਸ਼ਟ ਕਰ ਦੇਣਾ ਲਾਜ਼ਮੀ ਲੱਗਦਾ ਹੈ ਕਿ ਇਨ੍ਹਾਂ ਵਿਚਾਰਾਂ ਦਾ ਭਾਵ ਕਿਸੇ ਵਿਅਕਤੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਣਾ ਨਹੀਂ। ਬਲਕਿ ਇਸ ਦਾ ਭਾਵ ਕੇਵਲ ਇਸ 'ਵਿੱਦਿਆ' ਦੇ ਨਾਂ ਤੇ ਲੋਕਾਂ ਦੇ ਹੋ ਰਹੇ ਸ਼ੋਸ਼ਣ ਅਤੇ ਫ਼ੈਲ ਰਹੇ ਅੰਧਵਿਸ਼ਵਾਸ ਵੱਲ ਪਾਠਕਾਂ ਦਾ ਧਿਆਨ ਦਿਵਾਉਣਾ ਹੈ।

ਅਕਸਰ ਅਖ਼ਬਾਰਾਂ ਵਿਚ ਇਸ਼ਤਿਹਾਰ ਵੇਖੀਦੇ ਹਨ। ਜੋਤਿਸ਼ ਸਮਰਾਟਾਂ ਵੱਲੋਂ ਰੋਜ਼ਾਨਾ ਆਕਾਸ਼ ਭੇਦੀ ਦਾਅਵਿਆਂ ਨਾਲ ਕਾਲਮ ਭਰੇ ਹੁੰਦੇ ਹਨ। ਲੋਕ ਆਪਣੀਆਂ ਮੁਸ਼ਕਿਲਾਂ ਅਤੇ ਗ੍ਰਹਿ ਟਾਲੇ ਲਈ ਯਤਨ ਕਰਦੇ ਹਨ। ਇਹ ਦਾਅਵੇ ਆਮ ਹੁੰਦੇ ਹਨ ਕਿ ਜੋਤਿਸ਼ੀਆਂ ਵੱਲੋਂ ਦੱਸੇ ਜਾਂਦੇ 'ਹੱਲ' ਜਾਂ 'ਇਲਾਜ' ਨਾਲ ਵੱਡੀ ਤੋਂ ਵੱਡੀ ਸਮੱਸਿਆ, ਅਸੰਭਵ ਤੋਂ ਅਸੰਭਵ ਮਾਮਲੇ ਚੁਟਕੀ ਵਜਾਂਦੇ ਹੀ ਹੱਲ ਹੋ ਜਾਂਦੇ ਹਨ। ਉਨ੍ਹਾਂ ਮੁਤਾਬਕ ਇਹ ਇੱਕ ਵਿਗਿਆਨ ਹੈ, ਜਾਦੂ ਹੈ, ਮੰਤਰ ਹੈ, ਜੰਤਰ ਹੈ; ਇਹ ਉਹ ਚਾਬੀ ਹੈ ਜਿਸ ਨਾਲ ਕਿਸੇ ਦੀ ਕਿਸਮਤ ਦਾ ਕੋਈ ਵੀ ਤਾਲਾ ਖੁੱਲ੍ਹ ਜਾਂ ਬੰਦ ਹੋ ਸਕਦਾ ਹੈ। ਪਰ ਇਹ ਤਾਲੇ ਚਾਬੀ ਦਾ ਖੇਲ ਸਦੀਆਂ ਤੋਂ ਭਾਰਤ ਵਿਚ ਹੀ ਨਹੀਂ, ਸਗੋਂ ਪੂਰੀ ਧਰਤੀ ਉੱਤੇ ਖੇਡਿਆ ਜਾ ਰਿਹਾ ਹੈ। ਬਸ ਇਸ ਨੂੰ ਖੇਡਣ ਅਤੇ ਖਿਡਾਉਣ ਵਾਲੇ ਪਾਤਰ ਬਦਲਦੇ ਹਨ, ਬਾਕੀ 'ਨਿਯਮ' ਉਹੀ ਰਹਿੰਦੇ ਹਨ। ਕਈਆਂ ਲਈ ਇਹ ਖੇਡ ਹੈ ਵਿਸ਼ਵਾਸ ਦੀ, ਭਰੋਸੇ ਦੀ। ਫ਼ਿਰ ਕੋਈ ਮੰਨੇ ਜਾਂ ਨਾ ਮੰਨੇ।

ਕਈ ਵਾਰੀ ਦਿਲ ਵਿਚ ਖਿਆਲ ਆਉਂਦਾ ਹੈ ਕਿ ਇਹ ਧਰਤੀ ਦੇ ਅਖੌਤੀ ਰੱਬ ਬਣੇ ਫ਼ਿਰਦੇ ਬੰਦੇ ਆਖ਼ਿਰ ਕਿਸ ਦੁਨੀਆਂ ਦੀਆਂ ਗੱਲਾਂ ਦੱਸਦੇ ਹਨ ? ਕਿਸੇ ਦੂਸਰੀ ਦੁਨੀਆਂ ਦੀਆਂ ਜਾਂ ਫ਼ਿਰ ਇਸੇ ਧਰਤੀ ਮਾਂ ਦੀ ਗੋਦ ਦੀਆਂ। ਪਤਾ ਨਹੀਂ। ਪਰ ਇਕ ਗੱਲ ਜ਼ਰੂਰ ਹੈ ਕਿ ਇਨ੍ਹਾਂ ਦੇ ਪੱਲੇ ਅਕਸਰ ਗੱਲਾਂ ਹੀ ਹੁੰਦੀਆਂ ਹਨ, ਸੱਚ ਤੋਂ ਕੋਹਾਂ ਦੂਰ। ਜੇ ਵਿਅਕਤੀ ਵਿਸ਼ੇਸ਼ ਦੀਆਂ ਅਗਲੀਆਂ ਪਿਛਲੀਆਂ ਦੱਸਣ ਵਾਲੀ ਕੋਈ ਐਡੀ ਹੀ ਵੱਡੀ ਸ਼ਕਤੀ ਹੈ ਤਾਂ ਫ਼ਿਰ ਉਸ ਸ਼ਕਤੀ ਦੀ ਵਰਤੋਂ ਧਰਤੀ ਉਤੇ ਨਿੱਤ ਆਉਂਦੀਆਂ ਕੁਦਰਤੀ ਆਫ਼ਤਾਂ ਤੋਂ ਬਚਣ ਲਈ ਕਿਉਂ ਨਹੀਂ ਕੀਤੀ ਜਾਂਦੀ ? ਕਿੰਨਾ ਚੰਗਾ ਹੁੰਦਾ ਜੇ ਕੋਈ ਜੋਤਿਸ਼ੀ ਦੱਸ ਸਕਦਾ ਕਿ 'ਲੋਕੋ ਬਚਿਓ ਵੇ ! ਸਮੁੰਦਰ ਵਿਚ



ਸੁਨਾਮੀ ਤੂਫ਼ਾਨ ਆਉਣ ਵਾਲਾ ਹੈ !' ਲੋਕ ਬਚ ਜਾਂਦੇ। ਲੱਖਾਂ ਘਰ ਵਸਦੇ ਰਹਿ ਜਾਂਦੇ। ਬਰਬਾਦੀਆਂ ਦੀ ਉਹ ਕਾਲੀ ਸਵੇਰ ਇੰਨੀ ਭਿਅੰਕਰ ਨਾ ਹੁੰਦੀ। ਜੱਗ ਨੇ ਸੰਭਲ ਜਾਣਾ ਸੀ। ਦੱਸਦੇ ਹਨ ਕਿ ਇਸ ਕਹਿਰ ਵਿਚ ਜੰਗਲੀ ਜੀਵਾਂ ਨੂੰ ਕੋਈ ਖ਼ਾਸ ਨੁਕਸਾਨ ਨਹੀਂ ਹੋਇਆ। ਮਲਬੇ ਵਿਚੋਂ ਕੇਵਲ ਤੇ ਕੇਵਲ ਇਨਸਾਨਾਂ ਦੀਆਂ ਲੋਥਾਂ ਹੀ ਮਿਲੀਆਂ, ਕਿਸੇ ਵੀ ਹੋਰ ਜੀਵ ਦੀਆਂ ਨਹੀਂ। ਇਨਸਾਨ, ਜੋ ਦੁਨੀਆਂ ਦਾ ਸਭ ਤੋਂ ਸਮਝਦਾਰ ਹੋਣ ਦਾ ਦਾਅਵਾ ਕਰਦਾ ਹੈ। ਇਨਸਾਨ, ਜਿਸ ਕੋਲ ਜੋਤਿਸ਼ ਹੈ। ਜੋਤਿਸ਼, ਜੋ ਕਿਸੇ ਵੀ ਘਟਨਾ ਨੂੰ ਪਹਿਲਾਂ ਹੀ ਦੱਸ ਸਕਦਾ ਹੈ। ਮਾੜੇ ਗ੍ਰਹਿਆਂ ਦਾ ਟਾਲਾ ਕਰ ਸਕਦਾ ਹੈ। ਕੁੱਲ ਮਿਲਾ ਕੇ ਬੰਦੇ ਨੂੰ ਕਿਸੇ ਅਣਹੋਣੀ ਤੋਂ ਬਚਾ ਸਕਦਾ ਹੈ। ਬਸ ਕੇਵਲ ਕੋਈ ਮੰਤਰ ਵਾਲਾ ਧਾਗਾ ਜਾਂ ਤਵੀਤ ਪਾ ਕੇ ਵੱਡੀ ਤੋਂ ਵੱਡੀ ਮੱਲ ਮਾਰੀ ਜਾ ਸਕਦੀ ਹੈ। ਪਰ, ਸ਼ਾਇਦ ਸਮਾਜ ਦਾ ਸਥਾਨ ਪਾਪੀ ਪੇਟ ਤੋਂ ਬਾਦ ਹੀ ਆਉਂਦਾ ਹੈ। ਪਹਿਲਾਂ ਦਾਲ ਫੁਲਕਾ ਤੋਰਨ ਦੀ ਗੱਲ, ਮਗਰੋਂ ਹੋਰ ਆਲਤੂ ਫ਼ਾਲਤੂ ਲੱਲਾ ਭੱਬਾ।

ਕਹਿੰਦੇ ਹਨ ਕਿ ਜੋਤਿਸ਼ ਬਾਰਾਂ ਰਾਸ਼ੀਆਂ ਦੇ ਉੱਤੇ ਚਲਦਾ ਹੈ। ਦੁਨੀਆਂ ਵਿਚ ਦੋ ਤਰ੍ਹਾਂ ਦੇ ਮੁੱਖ ਜੋਤਿਸ਼ੀ ਸਾਧਨ ਹਨ। ਇਕ ਯੂਰਪੀ, ਜਿਸ ਵਿਚ ਰਾਸ਼ੀ ਬੰਦੇ ਦੇ ਜਨਮ ਦਿਨ ਨਾਲ ਜੋੜੀ ਜਾਂਦੀ ਹੈ, ਬਾਰਾਂ ਮਹੀਨੇ ਬਾਰਾਂ ਰਾਸ਼ੀਆਂ। ਦੂਸਰਾ, ਭਾਰਤੀ ਜਿਸ ਵਿਚ ਰਾਸ਼ੀ ਬੰਦੇ ਦੇ ਨਾਮ ਦੇ ਪਹਿਲੇ ਅੱਖਰ ਨਾਲ ਜੋੜੀ ਜਾਂਦੀ ਹੈ। ਸੁਨਾਮੀ ਵਿਚ ਆਪਣਾ ਘਰ ਬਾਰ, ਪਿਆਰੇ ਸਨੇਹੀ ਗੁਆਣ ਵਾਲੇ ਲੋਕ ਇਨ੍ਹਾਂ ਦੋਹਾਂ ਤਰ੍ਹਾਂ ਦੇ ਰਾਸ਼ੀਆਂ ਵਾਲੇ ਸਨ। ਕਈ ਅਖ਼ਬਾਰਾਂ ਵੀ ਰਾਸ਼ੀਫ਼ਲ ਛਾਪਦੀਆਂ ਹਨ। ਟੀ. ਵੀ. ਉੱਤੇ ਤਾਂ ਜੋਤਿਸ਼ ਦਾ ਘਸਮਾਣ ਹੀ ਪਿਆ ਹੁੰਦਾ ਹੈ। ਇਉਂ ਲਗਦਾ ਹੈ ਕਿ ਜਿਵੇਂ ਇਸ ਵਿੱਦਿਆ ਨੂੰ ਘਰ ਘਰ ਪੁਚਾਣ ਵਿਚ ਕਿਧਰੇ ਕੋਈ ਕਸਰ ਨਹੀਂ ਹੈ। ਸੁਨਾਮੀ ਲਹਿਰਾਂ ਦੇ ਤਾਂਡਵ ਵਾਲੀ ਸਵੇਰ ਵੀ ਅਖ਼ਬਾਰ ਰੋਜ਼ਾਨਾ ਵਾਂਗ ਰਾਸ਼ੀਫ਼ਲ ਰੂਪੀ ਗੱਪਾਂ ਨਾਲ ਭਰੇ ਹੋਏ ਸਨ। ਜਿਵੇਂ, ਅੱਜ ਕੁੰਭ ਰਾਸ਼ੀ ਵਾਲਿਆਂ ਦਾ ਸਿਤਾਰਾ ਚਮਕੇਗਾ, ਵਿਗੜੇ ਕੰਮ ਬਣਨ ਦੇ ਪੂਰੇ ਆਸਾਰ। ਹੱਥਾਂ ਤੇ ਸਰ੍ਹੋਂ ਜਮਾਉਣ ਵਾਲੇ ਇਹ ਕਲਯੁੱਗ ਦੇ 'ਰੱਬ' ਪਤਾ ਨਹੀਂ ਕਿਉਂ ਆਪਣੀ ਇਸ ਅਲੌਕਿਕ ਸ਼ਕਤੀ ਦੀ ਵਰਤੋਂ ਹਜ਼ਾਰਾਂ ਜ਼ਿੰਦਗੀਆਂ ਨੂੰ ਫ਼ਿਰਕੂ ਦੰਗਿਆਂ, ਕੁਦਰਤੀ ਆਫ਼ਤਾਂ ਦੀ ਭਵਿੱਖਬਾਣੀ ਕਰਨ ਲਈ ਕਿਉਂ ਨਹੀਂ ਕਰਦੇ ?

ਪਰ ਕੁਝ ਵੀ ਹੋਵੇ ਇਹ ਧੰਦਾ ਹੈ ਬੜਾ ਵਧੀਆ। ਦੋ ਚਾਰ ਰੰਗ ਬਰੰਗੀਆਂ ਕਿਤਾਬਾਂ, ਹੱਥ ਅਤੇ ਮੱਥੇ ਦੀਆਂ ਲੀਕਾਂ ਪੜ੍ਹਨ ਲਈ ਮੋਟਾ ਜਿਹਾ ਸ਼ੀਸ਼ਾ। ਵੈਸੇ ਤਾਂ ਧਰਤੀ ਉਤੇ ਕਈ ਤਰ੍ਹਾਂ ਦੇ ਜੋਤਸ਼ੀ ਮਿਲ ਜਾਂਦੇ ਹਨ। ਕੁਝ ਤੁਹਾਡੀ ਰਾਸ਼ੀ ਤੁਹਾਡੇ

ਨਾਮ ਦੇ ਪਹਿਲੇ ਅੱਖਰ ਮੁਤਾਬਕ ਮੰਨਦੇ ਹਨ ਅਤੇ ਕੁਝ ਤੁਹਾਡੇ ਜਨਮ ਦਿਨ ਦੇ ਆਧਾਰ ਤੇ ਰਾਸ਼ੀ ਬਣਾਉਂਦੇ ਹਨ। ਇਸ ਤੋਂ ਇਲਾਵਾ ਕਈ ਤੋਤਿਆਂ ਦੀ ਵਰਤੋਂ ਨਾਲ ਤੁਹਾਡੇ ਭਵਿੱਖ ਬਾਰੇ 'ਸਿੱਧਾ ਪ੍ਰਸਾਰਣ' ਕਰਦੇ ਹਨ। ਕਈ ਉਂਝ ਹੀ ਲੰਮੇ ਚੱਕਰਾਂ ਵਿਚ ਪੈਣ ਦੀ ਥਾਂ ਸਿੱਧਾ ਬੰਦੇ ਦਾ ਹੱਥ ਜਾਂ ਮੱਥਾ ਹੀ 'ਪੜ੍ਹ' ਲੈਂਦੇ ਹਨ। ਜੋਤਸ਼ੀਆਂ ਦੇ ਸੰਵਾਦ ਬੜੇ ਹੀ ਗੋਲਮੋਲ ਤੇ ਡੰਗ ਟਪਾਊ ਹੁੰਦੇ ਹਨ। ਜਿਵੇਂ 'ਬਈ ਤੂੰ ਤਾਂ ਸਾਰੀ ਜ਼ਿੰਦਗੀ ਬੜਾ ਹੀ ਕਸ਼ਟ ਭੋਗਿਆ ਹੈ', 'ਤੇਰੇ ਘਰ ਵਿਚ ਹਮੇਸ਼ਾ ਪੈਸੇ ਧੇਲੇ ਨੂੰ ਲੈ ਕੇ ਕਜੀਆ ਕਲੇਸ਼ ਰਹਿੰਦਾ ਹੈ', 'ਜੋ ਵੀ ਕਮਾਂਦਾ ਹੈਂ, ਬਰਕਤ ਨਹੀਂ ਰਹਿੰਦੀ', 'ਕਿਸੇ ਪਰਿਵਾਰਕ ਉਲਝਣ ਨੇ ਤੇਰੀ ਜ਼ਿੰਦਗੀ ਨਰਕ ਬਣਾ ਰੱਖੀ ਹੈ', 'ਕੋਈ ਬੰਦਾ ਤੇਰਾ ਬਣਦਾ ਕੰਮ ਬਿਗਾੜ ਦਿੰਦਾ ਹੈ ਤੇ ਤਰੱਕੀ ਹੁੰਦੀ ਹੁੰਦੀ ਰਹਿ ਜਾਂਦੀ ਹੈ'.......ਇਹ ਗੱਲਾਂ ਦੀ ਸੂਚੀ ਬੜੀ ਦਿਲਚਸਪ ਅਤੇ ਜਾਣੀ ਪਛਾਣੀ ਹੈ। ਇਨ੍ਹਾਂ ਵਿਚੋਂ ਸਾਡੀ ਜ਼ਿੰਦਗੀ ਵਿਚ ਹਮੇਸ਼ਾ ਕੋਈ ਨਾ ਕੋਈ ਗੱਲ ਫ਼ਿੱਟ ਹੋ ਹੀ ਜਾਂਦੀ ਹੈ ਤੇ ਅਜਿਹੀਆਂ ਗੱਲਾਂ ਦੱਸਣ ਵਾਲੇ ਨੂੰ ਲੋਕ 'ਜਾਣੀ ਜਾਣ' ਤੇ ਪਤਾ ਨਹੀਂ ਹੋਰ ਕੀ ਕੀ ਆਖ ਛੱਡਦੇ ਹਨ!

ਕਿਸੇ ਦੇਸ਼ ਦੇ ਰਾਜੇ ਨੇ ਆਪਣੇ ਦਰਬਾਰ ਵਿਚ ਜੋਤਸ਼ੀ ਰੱਖੇ ਹੋਏ ਸਨ ਤਾਂ ਕਿ ਦੁਸ਼ਮਣਾਂ ਦੀ ਹਰਕਤ ਦਾ ਵੇਲੇ ਸਿਰ ਪਤਾ ਲੱਗ ਸਕੇ। ਇਕ ਵਾਰ ਉਸਨੇ ਆਪਣੇ ਜੋਤਸ਼ੀ ਕੋਲੋਂ ਆਪਣਾ ਭਵਿੱਖ ਦੱਸਣ ਲਈ ਜੋਤਿਸ਼ ਲਵਾਇਆ। ਜੋਤਸ਼ੀ ਨੇ ਕਾਫ਼ੀ ਮਗਜ਼ ਖਪਾਈ ਕਰਕੇ ਸਿੱਟਾ ਕੱਢਿਆ ਕਿ ਰਾਜੇ ਦੀ ਜਲਦੀ ਹੀ ਮੌਤ ਹੋਣ ਵਾਲੀ ਹੈ ਅਤੇ ਉਸਦੇ ਸਾਰੇ ਰਿਸ਼ਤੇਦਾਰ ਅਤੇ ਪਰਿਵਾਰ ਦੇ ਜੀਵ ਵੀ ਜਲਦੀ ਹੀ ਮਰਨ ਵਾਲੇ ਹਨ। ਡਰਦੇ ਡਰਦੇ ਨੇ ਜਦੋਂ ਰਾਜੇ ਨੂੰ ਇਹ ਭਵਿੱਖ ਦੱਸਿਆ ਤਾਂ ਰਾਜਾ ਇੱਕਦਮ ਅੱਗ ਬਬੂਲਾ ਹੋ ਉੱਠਿਆ ਅਤੇ ਤੁਰੰਤ ਜੋਤਸ਼ੀ ਨੂੰ ਕਾਲ ਕੋਠੜੀ ਵਿਚ ਭੇਜਣ ਦਾ ਹੁਕਮ ਦੇ ਦਿੱਤਾ। ਪਰ ਉਸਨੂੰ ਆਪਣੇ ਮਰਨ ਦੀ ਚਿੰਤਾ ਖਾਣ ਲੱਗੀ ਅਤੇ ਉਸਨੇ ਆਸ ਪਾਸ ਦੇ ਰਾਜਾਂ ਤੋਂ ਵੀ ਅਨੇਕਾਂ ਪ੍ਰਸਿੱਧ ਜੋਤਸ਼ੀਆਂ ਨੂੰ ਬੁਲਾਇਆ, ਬਹੁਤਿਆਂ ਨੇ ਲਗਭਗ ਮਿਲਦਾ ਜੁਲਦਾ ਹੀ ਸਿੱਟਾ ਕੱਢਿਆ ਅਤੇ ਰਾਜੇ ਨੇ ਸਾਰਿਆਂ ਨੂੰ ਕਾਲ ਕੋਠੜੀ ਵਿੱਚ ਪਹੁੰਚਾ ਦਿੱਤਾ। ਫ਼ਿਰ ਇੱਕ ਜੋਤਸ਼ੀ ਆਇਆ। ਉਹ ਜ਼ਰਾ ਚਲਾਕ ਸੀ। ਉਸਨੇ ਕੁੱਝ ਇਸ ਤਰ੍ਹਾਂ ਭਵਿੱਖ ਦੱਸਿਆ, 'ਮਹਾਰਾਜ ਤੁਹਾਡਾ ਭਵਿੱਖ ਤਾਂ ਬਹੁਤ ਉੱਜਲ ਹੈ। ਮੇਰੇ ਜੋਤਿਸ਼ ਮੁਤਾਬਕ ਤੁਹਾਡੀ ਉਮਰ ਤੁਹਾਡੇ ਸਾਰੇ ਰਿਸ਼ਤੇਦਾਰਾਂ ਨਾਲੋਂ ਜ਼ਿਆਦਾ ਹੈ......!' ਇਹ ਸੁਣ ਕੇ ਰਾਜਾ ਪ੍ਰਸੰਨ ਹੋ ਗਿਆ ਅਤੇ ਜੋਤਸ਼ੀ ਨੂੰ ਢੇਰ ਸਾਰੇ ਇਨਾਮਾਂ ਨਾਲ ਨਿਵਾਜ਼ਿਆ। ਗੱਲ ਤਾਂ ਗੱਲ ਨੂੰ ਵਿੰਗੇ ਟੇਢੇ ਢੰਗ ਨਾਲ ਪੇਸ਼ ਕਰਕੇ ਸੁਣਨ ਵਾਲੇ ਨੂੰ ਮਨਚਾਹਿਆ ਭਵਿੱਖ ਦੱਸਣ ਦੀ ਹੈ। ਭਾਵ ਜੋਤਿਸ਼ ਦਾ



ਧੰਦਾ ਗੱਲਾਂ ਦੀ ਖੱਟੀ ਖਾਣ ਵਰਗਾ ਹੀ ਕਿੱਤਾ ਹੈ, ਜਿਸ ਨਾਲ ਦੁਨੀਆਂ ਦੇ ਹਰ ਕੋਨੇ ਵਿਚ ਅਨੇਕਾਂ ਲੋਕ ਆਪਣਾ ਪੇਟ ਪਾਲ ਰਹੇ ਹਨ।

ਇਕ ਜੋਤਸ਼ੀ ਜਾਂ 'ਪੁੱਛਾ' ਦੇਣ ਵਾਲਾ ਬੰਦਾ ਪਿੰਡ ਵਿਚ ਘੁੰਮ ਰਿਹਾ ਸੀ ਅਤੇ ਘਰੋ ਘਰੀ ਜਾ ਕੇ ਲੋਕਾਂ ਨੂੰ 'ਮਨਪਸੰਦ' ਪੁੱਛਾ ਦੇ ਰਿਹਾ ਸੀ। ਉਸ ਦੇ 'ਤੁੱਕੇ' ਵੀ ਤੀਰਾਂ ਦਾ ਕੰਮ ਕਰ ਰਹੇ ਸਨ। ਘੁੰਮਦਾ ਘੁੰਮਦਾ ਉਹ ਘੁੱਦੇ ਅਮਲੀ ਦੇ ਵਿਹੜੇ ਆ ਵੜਿਆ। ਅਮਲੀ ਨੇ ਉਸਨੂੰ ਵਾਜ ਮਾਰ ਲਈ। 'ਕਿਉਂ ਬਈ ਸਾਧਾ, ਦੱਸ ਆਇਐਂ ਨਾ ਸਾਰੇ ਪਿੰਡ ਆਲਿਆਂ ਨੂੰ ਆਉਣ ਆਲੇ ਕੱਲ੍ਹ ਦੀਆਂ ਗੱਲਾਂ ਬਾਤਾਂ। ਪਰ ਦੁੱਖ ਦੀ ਗੱਲ ਐ ਬਾਬੇ, ਤੂੰ ਆਪਦੇ ਬਾਰੇ ਕੁਸ਼ ਨੀ ਜਾਣਦਾ ਬਈ ਤੇਰੇ ਨਾਲ ਅਗਲੇ ਪਲ ਕੀ ਹੋਣ ਵਾਲੈ..?' 'ਮੇਰੇ ਸਾਥ, ਬੱਚਾ ਮੇਰੇ ਸਾਥ ਕਿਆ ਹੋਨੇ ਵਾਲਾ ਹੈ..?' 'ਕਿਉਂ ਫ਼ਸ ਗਿਆ ਨਾ, ਬੁੱਝੇਂ ਤਾਂ ਜਾਣਾਂ ਤੈਨੂੰ ...!' ਸਾਧ ਕੁਝ ਦੇਰ ਸੋਚਦਾ ਰਿਹਾ। 'ਮੁਝੇ ਤੋ ਕੁਛ ਦਿਖਾਈ ਨਹੀਂ ਦੇਤਾ ਕਿ ਮੇਰੇ ਸਾਥ ਕਿਆ ਹੋਨੇ ਵਾਲਾ ਹੈ ਤੂ ਹੀ ਬਤਾ ਬੱਚਾ..।' ਇਹ ਸੁਣ ਕੇ ਅਮਲੀ ਉੱਠਿਆ ਅਤੇ ਸਾਧ ਦੇ ਕੋਲ ਜਾ ਕੇ ਠਾਹ ਕਰਕੇ ਕਰਾਰੀ ਜਿਹੀ ਚਪੇੜ ਜੜ ਦਿੱਤੀ। ਸਾਧ ਬੜੇ ਗੁੱਸੇ ਨਾਲ ਅਮਲੀ ਵੱਲ ਦੇਖ ਰਿਹਾ ਸੀ ਤਾਂ ਅਮਲੀ ਬੋਲਿਆ, 'ਆਪਣੇ ਅਗਲੇ ਪੰਜ ਮਿੰਟਾਂ ਦੀ ਤਾਂ ਥੋਨੂੰ ਖ਼ਬਰ ਨੀ, ਤੇ ਦੁਨੀਆਂ ਨੂੰ ਸੱਤ ਜਨਮਾਂ ਦੀਆਂ ਗੱਲਾਂ ਦੱਸਦੇ ਫ਼ਿਰਦੇ ਓਂ...ਖੜ ਜਾ ਤੈਨੂੰ ਦਿਖਾਉਨੈਂ ਭੰਬੂਤਾਰੇ..।'

ਕੋਈ ਵੀ ਵਿਵੇਕਸ਼ੀਲ ਬੰਦਾ ਸੋਚ ਸਕਦਾ ਹੈ ਕਿ ਏਨੇ ਜੋਤਸ਼ੀ ਧਰਤੀ ਹੋਣ ਦੇ ਬਾਵਜੂਦ ਕੋਈ ਵੀ ਬੰਦਾ ਕਿਸੇ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕ ਨਹੀਂ ਸਕਦਾ। ਕਿਸੇ ਕੁਦਰਤੀ ਆਫ਼ਤ ਬਾਰੇ ਕੋਈ ਟੇਪਾ ਟਿੱਪੜਾ ਨਹੀਂ ਲਗਾ ਸਕਦਾ। ਜੇ ਕਿਤੇ ਦੁਨੀਆਂ ਦੇ ਜੋਤਸ਼ੀ ਸੱਚਮੁੱਚ ਆਉਣ ਵਾਲੇ ਪਲ ਦੀਆਂ ਗੱਲਾਂ ਦੱਸਣ ਦੇ ਯੋਗ ਹੋ ਜਾਣ ਤਾਂ ਵੀ. ਆਈ. ਪੀ. ਬੰਦਿਆਂ ਦੀ ਸੁਰੱਖਿਆ ਤੇ ਕੀਤਾ ਜਾਂਦਾ ਅੰਨ੍ਹਾ ਖਰਚ ਬੰਦ ਹੋ ਸਕਦਾ ਹੈ। ਫ਼ਿਰ ਮੁਲਕਾਂ ਨੂੰ ਇੱਕ ਦੂਜੇ ਦੇ ਖਿਲਾਫ਼ ਫ਼ੌਜਾਂ ਰੱਖਣ ਦੀ ਸ਼ਾਇਦ ਲੋੜ ਹੀ ਨਾ ਰਹੇ। ਫ਼ਿਰ ਧਰਤੀ ਉੱਤੇ ਆਉਣ ਵਾਲਾ ਵਿਕਰਾਲ 'ਜਲ ਸੰਕਟ' ਸ਼ਾਇਦ ਟਲ ਜਾਏ। ਫ਼ਿਰ ਸ਼ਾਇਦ ਧਰਤੀ ਦੀ ਗੋਦ ਵਿਚ ਕੋਈ ਵੀ ਬੰਦਾ ਰੋਟੀ, ਕੱਪੜਾ ਅਤੇ ਮਕਾਨ ਤੋਂ ਬਿਨਾਂ ਨਾ ਰਹੇ। ਲੋਕ ਭੁੱਖਮਰੀ ਦਾ ਸ਼ਿਕਾਰ ਨਾ ਹੋਣ ਅਤੇ ਸ਼ਾਇਦ ਆਇਨਸਟਾਈਨ ਦਾ ਸੰਸਾਰ ਵਿਚ ਇਕੋ ਦੇਸ਼, ਇਕ ਸਰਕਾਰ ਕਾਇਮ ਵਾਲਾ ਸੁਪਨਾ ਸੱਚ ਹੋ ਜਾਵੇ। ਕੀ ਇਹ ਜੋਤਸ਼ੀ ਨਹੀਂ ਦੱਸ ਸਕਦੇ ਕਿ ਅਮੀਰੀ ਗਰੀਬੀ ਦਾ ਪਾੜ ਕਦੋਂ ਮੁੱਕੇਗਾ।

ਪਰ ਜੇ ਵਾਕਈ ਜੋਤਸ਼ੀਆਂ ਦੇ ਪੱਲੇ ਕੁਝ ਹੋਇਆ ਤਾਂ ਧਰਤੀ ਉਤੇ ਰਹਿਣ ਵਾਲੇ ਵਿਚਾਰੇ ਚੋਰਾਂ ਯਾਰਾਂ ਨੂੰ ਮੌਜਾਂ ਲੱਗ ਜਾਣਗੀਆਂ। ਹਰ ਰਿਸ਼ਵਤਖੋਰ ਨੂੰ

ਪਹਿਲਾਂ ਹੀ ਪਤਾ ਹੋਵੇਗਾ ਕਿ ਏਨੀ ਤਰੀਕ ਨੂੰ ਆਹ ਸਮਾਂ ਰਿਸ਼ਵਤ ਲੈਣ ਲਈ ਠੀਕ ਨਹੀਂ ਹੈ। ਵੋਟਰਾਂ ਨੂੰ ਪਹਿਲਾਂ ਪਤਾ ਲੱਗ ਜਾਵੇਗਾ ਕਿ ਫ਼ਲਾਂ ਲੀਡਰ ਨੂੰ ਵੋਟ ਪਾਉਣ ਦਾ ਮਤਲਬ ਹੈ ਵੋਟ ਖੂਹ ਵਿਚ ਸੁੱਟਣਾ ਕਿਉਂਕਿ ਜਿੱਤ ਕੇ ਉਸਨੇ 'ਲੋਕ ਸੇਵਾ' ਨਹੀਂ ਸਗੋਂ ਕੇਵਲ ਅਤੇ ਕੇਵਲ ਆਪਣੀ 'ਟੱਬਰ ਸੇਵਾ' ਹੀ ਕਰਨੀ ਹੈ।

ਇਸ ਸੁਵਿਧਾ ਨਾਲ ਕਈ ਚੀਜ਼ਾਂ ਰਸਹੀਣ ਵੀ ਹੋ ਸਕਦੀਆਂ ਹਨ। ਜਿਵੇਂ ਕਿ ਜੇ ਲੋਕਾਂ ਨੂੰ ਪਹਿਲਾਂ ਹੀ ਪਤਾ ਕਿ ਕਿਹੜੀ ਟੀਮ ਨੇ ਖੇਡ ਵਿਚ ਜਿੱਤਣਾ ਹੈ, ਤਾਂ ਕਿਸੇ ਵੀ ਮੈਚ ਦਾ ਕੀ ਮਜ਼ਾ ਰਿਹਾ ?

ਇਸ ਦੇ ਬਾਵਜੂਦ ਦੁਆ ਕਰਦੇ ਹਾਂ ਕਿ ਆਪਣੇ ਆਪ ਨੂੰ ਤੀਰ ਮਾਰ ਖਾਂ ਸਮਝਣ ਵਾਲੇ ਜੋਤਸ਼ੀ ਆਪਣੀ ਕਾਬਲੀਅਤ ਨਾਲ ਇਹ ਪਤਾ ਲਾਉਣ ਕਿ ਦੇਸ਼ ਵਿਚ ਖੁਸ਼ਹਾਲੀ ਕਿਵੇਂ ਆ ਸਕਦੀ ਹੈ। ਇਥੇ ਲੋਕਤੰਤਰ ਦੇ ਨਾਮ ਤੇ ਚੱਲ ਰਹੇ ਠੱਗੀਤੰਤਰ ਤੋਂ ਲੋਕਾਂ ਨੂੰ ਕਦੋਂ ਨਿਜ਼ਾਤ ਮਿਲੇਗੀ ਅਤੇ ਲੋਕ ਕਦੋਂ ਲੋਕਤੰਤਰ ਦਾ ਸੁੱਖ ਭੋਗ ਸਕਣਗੇ ? ਜਿਹੜੀਆਂ ਰਾਜਸੀ ਪਾਰਟੀਆਂ ਜੋਤਿਸ਼ ਦੀ ਵਕਾਲਤ ਕਰਦੀਆਂ ਹਨ, ਉਨ੍ਹਾਂ ਦਾ ਆਪਣਾ ਭਵਿੱਖ ਕਦੋਂ ਬਣੇਗਾ ?

ਮਹਾਂਭਾਰਤ ਵਿਚ ਰਾਜੇ ਜਨਮੇਜੇ ਵਾਲੀ ਕਥਾ ਦੱਸਦੀ ਹੈ ਕਿ ਚਲੋ ਜੇ ਇੱਕ ਮਿੰਟ ਲਈ ਮੰਨ ਵੀ ਲਈਏ ਕਿ ਬੰਦੇ ਨੂੰ ਕੋਈ ਪਹਿਲਾਂ ਹੀ ਸਭ ਕੁਝ ਦੱਸ ਦੇਵੇ, ਇਸ ਦੇ ਬਾਵਜੂਦ ਕੋਈ ਮਾਈ ਦਾ ਲਾਲ ਆਪਣੀ ਹੋਣੀ ਨੂੰ ਨਹੀਂ ਬਦਲ ਸਕਦਾ। ਜਨਮੇਜੇ ਨੂੰ ਜੋਤਸ਼ੀ ਨੇ ਉਸਦਾ ਭਵਿੱਖ ਪਹਿਲਾਂ ਹੀ ਦੱਸ ਦਿੱਤਾ ਸੀ ਅਤੇ ਚੇਤਾਇਆ ਸੀ ਕਿ ਤੂੰ ਇਨ੍ਹਾਂ ਘਟਨਾਵਾਂ ਤੋਂ ਬਚ ਕੇ ਰਹੀਂ। ਪਰ ਜਨਮੇਜਾ ਆਖਰ ਬੰਦਾ ਹੀ ਸੀ, ਉਹ ਸਭ ਕੁਝ ਪਤਾ ਹੋਣ ਦੇ ਬਾਦ ਵੀ ਆਪਣੀ ਤਕਦੀਰ ਦੇ ਤਾਣੇ ਬਾਣੇ ਤੋਂ ਬਚ ਨਹੀਂ ਸਕਿਆ ਅਤੇ ਆਖਰ ਭਵਿੱਖਬਾਣੀ ਮੁਤਾਬਕ ਕੋਹੜੀ ਹੋ ਗਿਆ।

ਇਹ ਤਾਂ ਇਕ ਤਰ੍ਹਾਂ ਰੱਬ ਸੋਹਣੇ ਦੇ ਸ਼ਰੀਕ ਬਣਨ ਵਾਲੀ ਗੱਲ ਹੈ। ਕੋਈ ਗ੍ਰਹਿ ਮਾੜਾ ਨਹੀਂ। ਮੰਗਲ, ਬੁੱਧ ਆਦਿ ਸਾਰੇ ਹੀ ਵਿਚਾਰੇ ਰੱਬ ਨੇ ਆਪੋ ਆਪਣੇ ਕੰਮੀਂ ਲਾਏ ਹੋਏ ਹਨ। ਇਨ੍ਹਾਂ ਗ੍ਰਹਿਾਂ ਵਿਚੋਂ ਕੋਈ ਵੀ ਆਪਣੀ ਲੱਗੀ ਡਿਊਟੀ ਵਿਚ ਕਦੇ ਕੁਤਾਹੀ ਨਹੀਂ ਕਰਦਾ ਸੁਣਿਆ। ਫ਼ਿਰ ਅਸੀਂ ਧਰਤੀ ਤੇ ਰਹਿਣ ਵਾਲੇ ਇਨਸਾਨ ਦੀ ਜੂਨੀ ਭੋਗ ਰਹੇ ਸਿਆਣੇ ਬਿਆਣੇ ਬੰਦੇ ਕਿਉਂ ਫ਼ੋਕਟ ਕਰਮ ਕਾਂਡਾਂ ਵਿਚ ਉਲਝ ਕੇ ਜੀਵਨ ਦੀ ਨਿਆਮਤ ਦਾ ਘਾਣ ਕਰ ਰਹੇ ਹਾਂ। ਅਗਿਆਨਤਾ ਦੇ ਹਨੇਰੇ ਨੂੰ ਵਿੱਦਿਆ ਦੇ ਚਾਨਣ ਨਾਲ ਦੂਰ ਕੀਤਾ ਜਾ ਸਕਦਾ ਹੈ। ਚੰਗੀ ਉਸਾਰੂ ਸੋਚ ਅਪਣਾ ਕੇ ਸਮੇਂ ਦੇ ਹਾਣੀ ਬਣਨ ਵੱਲ ਵਧਾਇਆ ਇਕ ਕਦਮ ਸਾਨੂੰ ਕਈ ਜਨਮਾਂ ਤਕ ਸੁਖੀ ਰੱਖ ਸਕਦਾ ਹੈ।



# ਐਵਾਰਡ

ਹਰ ਦੂਜੇ ਦਿਨ ਟੀ. ਵੀ. ਤੇ ਕੋਈ ਨਾ ਐਵਾਰਡ ਵੰਡੇ ਜਾਂਦੇ ਹਨ। ਲੋਕਾਂ ਨੂੰ ਐਵਾਰਡ ਲੈਂਦਿਆਂ ਦੇਖ ਕੇ ਆਪਣੇ ਘਪਲੇ ਸ਼ਾਹ ਹੁਰਾਂ ਦੇ ਦਿਲ ਵਿਚ ਹੂਕ ਉੱਠੀ ਕਿ ਯਾਰ ਸਾਰੀ ਦੁਨੀਆਂ ਹੀ ਆਪਣੇ ਘਰ ਲੱਕੜ ਦਾ ਮੁੰਨਾ ਜਿਹਾ, ਜੀਹਨੂੰ ਮੋਮੈਂਟੋ ਕਹਿੰਦੇ ਹਨ, ਲਿਜਾ ਰਹੀ ਹੈ, ਫ਼ਿਰ ਆਪਾਂ ਕਿਉਂ ਪਿੱਛੇ ਰਹੀਏ। ਇਹ ਸੋਚ ਕੇ ਸ਼ਾਹ ਜੀ ਨੇ ਚੁੱਕਿਆ ਫ਼ੋਨ, ਜੋ ਜਾ ਖੜਕਿਆ ਸ਼ਹਿਰ ਦੇ ਵਿਚ ਰਹਿੰਦੇ ਮੇਲਿਆਂ ਦੇ ਬਾਦਸ਼ਾਹ 'ਫ਼ੁਕਰਾ ਜੱਟ' ਦੇ ਘਰੇ। ਪ੍ਰਧਾਨ ਨੇ ਮੁੱਛਾਂ ਨੂੰ ਤਾਅ ਦਿੰਦਿਆਂ ਪੁੱਛਿਆ, 'ਕੌਣ ਹੈ ਜਨਾਬ ਸੱਭਿਆਚਾਰ ਦੇ ਬੂਹੇ ਦਸਤਕ ਦੇਣ ਵਾਲਾ। ਆਪਣਾ ਨਾਂ ਪਤਾ ਤਾਂ ਦੱਸੋ ?' 'ਭਾਈ ਸਾਬ੍ਹ ਮੈਂ ਤੁਹਾਡਾ ਨਿਮਾਣਾ ਜਿਹਾ ਸੇਵਕ ਸ਼ਾਹ ਅਰਜ ਕਰ ਰਿਹਾ ਹਾਂ। ਯਾਰ ਹੱਦ ਹੋ ਗਈ, ਤੁਹਾਡੇ ਰਾਜ ਵਿਚ ਇਕ ਮੈਨੂੰ ਛੱਡ ਕੇ ਸਾਰੀ ਦੁਨੀਆਂ ਹੀ ਐਵਾਰਡ ਲੈ ਗਈ। ਤੁਹਾਨੂੰ ਮੇਰਾ ਕੋਈ ਖਿਆਲ ਨਹੀਂ ਆਇਆ। ਕੀ ਹੁਣ ਏਦਾਂ ਈ ਹੋਊ ? ਬਾਈ ਇਹ ਐਂ ਈ ਚੱਲੂ ?'

ਫ਼ੁਕਰੇ ਪ੍ਰਧਾਨ ਨੇ ਸ਼ਾਹ ਦੇ ਦਿਲ ਦੀ ਗੱਲ ਭਾਂਪਦਿਆਂ ਸੋਚਿਆ ਇਹ ਬੱਕਰਾ ਤਾਂ ਆਪਣੀ ਬਲੀ ਦੇਣ ਲਈ ਆਪ ਹੀ ਕਾਹਲਾ ਪਿਆ ਹੋਇਆ ਹੈ। ਚਲੋ ਇਸ ਨੂੰ ਹਲਾਲ ਕਰ ਹੀ ਲੈਂਦੇ ਹਾਂ। ਉਹ ਝੱਟ ਬੋਲਿਆ, 'ਭਾਅ ਜੀ, ਮੋਤੀਆਂ ਵਾਲੀ ਸਰਕਾਰ, ਤੁਸੀਂ ਤਾਂ ਸਾਡੇ ਦਿਲ ਦੀ ਗੱਲ ਕਰ ਦਿੱਤੀ, ਜੇ ਤੁਸੀਂ ਨਾ ਵੀ ਕਹਿੰਦੇ ਤਾਂ ਵੀ ਅਸੀਂ ਇਸ ਮਹੀਨੇ ਹੋਣ ਵਾਲੇ ਸੱਭਿਆਚਾਰਕ ਮੇਲੇ ਵਿਚ ਤੁਹਾਨੂੰ ਸਨਮਾਨਿਤ ਕਰਨ ਦੀ ਸੋਚ ਰੱਖੀ ਸੀ। ਚਲੋ ਤੁਸੀਂ ਆ ਜਾਓ, ਹੁਣੇ ਮੇਰੇ ਚਿੜੀਮਾਰ ਦਫ਼ਤਰ, ਤੇ ਆਪਾਂ ਕਰਦੇ ਹਾਂ ਬਾਕੀ ਵਿਚਾਰ।' ਸ਼ਾਹ ਦੀਆਂ ਅੱਖਾਂ ਵਿਚ ਚਮਕ ਆਈ। ਉਹ ਤੁਰੰਤ ਪੁੱਜਾ ਦਫ਼ਤਰ। ਅੱਗੇ ਪਹਿਲਾਂ ਹੀ ਫ਼ਿਲਡਿੰਗ ਫ਼ਿੱਟ ਹੋ ਚੁੱਕੀ ਸੀ। ਫ਼ੁਕਰਾ ਕਲੱਬ ਦੇ ਸਾਰੇ ਸਿਰਕੱਢ ਮੈਂਬਰ, ਭਾਵ ਤਿੰਨ ਜਣੇ ਦਫ਼ਤਰ ਵਿਚ ਬੈਠੇ ਸਨ, ਇਕ ਪ੍ਰਧਾਨ ਆਪ, ਇਕ ਸਕੱਤਰ ਅਤੇ ਇੱਕ ਖਜ਼ਾਨਚੀ। ਉਂਝ ਇਸ ਕਲੱਬ ਵਿੱਚ ਬੱਸ ਏਨੇ ਹੀ ਮੈਂਬਰ ਸਨ। ਉਨ੍ਹਾਂ ਮਤਾ ਪਾਸ ਕੀਤਾ ਕਿ ਇਸ ਸਾਲ ਦਾ ਸੱਭਿਆਚਾਰਕ ਮੇਲਾ ਛੇਤੀ ਹੀ ਕਰਵਾਇਆ ਜਾਣਾ ਚਾਹੀਦਾ ਹੈ ਅਤੇ ਇਸ ਮੇਲੇ ਵਿਚ ਘੁੰਨੇ ਛੱਲੀਆਂ

ਵਾਲੇ ਅਤੇ ਸੜੀਅਲ ਪੱਲੀਆਂ ਵਾਲੇ ਦਾ ਅਖ਼ਾੜਾ ਲਵਾ ਦਿਆਂਗੇ, ਲੋਕ ਵੀ ਕੀ ਯਾਦ ਕਰਨਗੇ।

ਹੁਣ ਪ੍ਰੋਗਰਾਮ ਤਾਂ ਬਣਾ ਲਿਆ ਪਰ ਪੈਸੇ ਕਿਥੋਂ ਆਣ ? 'ਓ ਮੇਰੇ ਯਾਰ, ਛੱਡੋ ਤੁਸੀਂ ਵੀ ਕਿਹੜੇ ਚੱਕਰਾਂ 'ਚ ਪੈ ਗਏ। ਪੈਸਾ ਤਾਂ ਬਾਈ ਸਿਆਂ ਲੋਕਾਂ ਕੋਲ ਐਨਾ ਹੋ ਗਿਆ ਕਿ ਬਈ ਯਾਰ ਲੋਕ ਤਾਂ ਆਪ ਹਾਕਾਂ ਮਾਰਦੇ ਫ਼ਿਰਦੇ ਐ।' 'ਉਹ ਕਿਵੇਂ ?' 'ਯਾਰੋ, ਸਭ ਤੋਂ ਪਹਿਲਾਂ ਕਿਸੇ ਬਲੈਕੀਏ ਨੂੰ ਫ਼ੜਦੇ ਹਾਂ, ਜੇ ਤਾਂ ਲੱਖ ਦੋ ਲੱਖ ਦੇਣ ਨੂੰ ਤਿਆਰ ਹੋ ਜਵੇ ਤਾਂ ਉਸੇ ਨੂੰ ਹੀ ਆਪਣਾ ਮੁੱਖ ਮਹਿਮਾਨ ਬਣਾ ਲਵਾਂਗੇ। ਤੇ ਬਾਕੀ ਵਿਸ਼ੇਸ਼ ਮਹਿਮਾਨਾਂ ਦੇ ਰੇਟ ਘੱਟੋ ਘੱਟ ਪੰਜਾਹ ਹਜ਼ਾਰ ਤੋਂ ਸੱਤਰ ਅੱਸੀ ਹਜ਼ਾਰ ਰੱਖ ਲੈਂਦੇ ਹਾਂ।' 'ਪਰ ਯਾਰ ਵਿਸ਼ੇਸ਼ ਮਹਿਮਾਨ ਕਿਹੜੇ ਬਣਾਵਾਂਗੇ ?' 'ਹੱਦ ਕਰਦੈਂ ਯਾਰ, ਥੋੜ੍ਹੀ ਗਧੀੜ ਫ਼ਿਰਦੀ ਐ ਇਲਾਕੇ 'ਚ। ਆਹ ਆਪਣਾ ਡੱਬੂ ਮੱਲ, ਦੋ ਨੰਬਰ ਦੀ ਭੁੱਕੀ ਪੋਸਤ ਦਾ ਟੌਪ ਦਾ ਵਪਾਰੀ ਐ। ਫ਼ੇਰ ਓਹ ਯਾਰ ਨਾਮ ਨੀ ਚੇਤੇ ਆਉਂਦਾ, ਆਪਣਾ ਘੜੰਮਾ ਸਿੰਘ, ਦੁਨੀਆਂ ਭਰ ਦੇ ਚੋਰਾਂ ਦਾ ਬਾਦਸ਼ਾਹ ਐ ਬਾਦਸ਼ਾਹ। ਉਹਦੇ ਆਣ ਨਾਲ ਤਾਂ ਜਿਹੜੇ ਮਰਜੀ ਸਰਕਾਰੀ ਅਫ਼ਸਰ ਜਾਂ ਲੀਡਰ ਨੂੰ ਵੀ ਸੱਦ ਲਵਾਂਗੇ। ਨਾਲੇ ਚਾਰ ਪੈਸੇ ਹੋਰ ਬਣ ਜਾਣਗੇ। ਅੱਜਕੱਲ੍ਹ ਕੀ ਘਾਟਾ ਐ ਯਾਰ, ਇੱਟ ਪੁੱਟੋ ਹੇਠੋਂ ਪੰਜਾਹ ਚੋਰ ਉਚੱਕੇ ਚੰਗੀ ਪਹੁੰਚ ਵਾਲੇ ਮਿਲ ਜਾਂਦੇ ਐ...' 'ਬਾਈ ਸਿਆਂ ਤੂੰ ਤਾਂ ਮੈਨੂੰ ਕਰਤਾ ਹੁਣ ਜਮ੍ਹਾਂ ਚਿੰਤਾ ਮੁਕਤ..' 'ਹਾਂ ਆਪਾਂ ਅੱਜ ਹੀ ਆਥਣੇ ਚੱਲਣਾ ਹੈ *ਗ੍ਰਾਹੀ* ਕਰਨ..।' ਇਸ ਤਰ੍ਹਾਂ ਫ਼ੁਕਰਾ ਕਲੱਬ ਦੀ ਮੀਟਿੰਗ ਵਿਚ ਸਾਰੀਆਂ ਗੱਲਾਂ ਖੜ੍ਹੇ ਪੈਰ ਹੀ ਮਿੱਥ ਲਈਆਂ ਗਈਆਂ ਤੇ ਮੇਲੇ ਦੀ ਤਿਆਰੀ ਸ਼ੁਰੂ ਹੋ ਗਈ।

ਇਹ ਫ਼ੁਕਰਾ ਕਲੱਬ ਵਾਲੇ ਜਦੋਂ ਤੱਕ ਆਪਣੀ ਉਗਰਾਹੀ ਕਰਕੇ ਮੁੜਦੇ ਹਨ, ਆਪਾਂ ਐਵਾਰਡ ਲੈਣ ਦੇਣ ਵਾਲੇ ਵਪਾਰ ਤੇ ਇਕ ਪੰਛੀ ਝਾਤ ਪਾ ਲੈਂਦੇ ਹਾਂ। ਕਈ ਵਾਰੀ ਕਈ ਵਿਦਵਾਨ ਸੱਜਣ ਆਖਦੇ ਹਨ ਕਿ ਦੁਨੀਆਂ ਵਿਚ ਕੁਝ ਵੀ ਅਸੰਭਵ ਨਹੀਂ ਫ਼ਿਰ ਉਹ ਹਿਟਲਰ ਦੀ ਮਿਸਾਲ ਦੇ ਕੇ ਆਖਦੇ ਹਨ ਕਿ ਅਸੰਭਵ ਸ਼ਬਦ ਕੇਵਲ ਨਿਕੰਮੇ ਲੋਕਾਂ ਦੇ ਸ਼ਬਦਕੋਸ਼ ਵਿਚ ਹੀ ਹੋ ਸਕਦਾ ਹੈ। ਐਵਾਰਡ ਵੱਡੀ ਪ੍ਰਾਪਤੀ ਹੈ। ਕਿਸੇ ਪ੍ਰਤਿਭਾ ਨੂੰ ਉਸਦੀ ਕਾਬਲੀਅਤ, ਲਿਆਕਤ ਲਈ ਸਨਮਾਨਿਤ ਕਰਨਾ ਚੰਗੀ ਪਿਰਤ ਹੈ।ਅਸੀਂ ਦੇਖਦੇ ਹਾਂ ਕਿ 'ਨੋਬਲ', 'ਆਸਕਰ' ਅਤੇ ਅਜਿਹੇ ਕਈ ਹੋਰ ਐਵਾਰਡ ਬੜੀ ਮਹਾਨ ਪ੍ਰਾਪਤੀ ਆਖੀ ਜਾ ਸਕਦੀ ਹੈ। ਪਰ ਪੰਗਾ ਇਹ ਹੈ ਕਿ ਸਾਢੇ ਛੇ ਅਰਬ ਦੀ ਆਬਾਦੀ ਵਿਚ ਕੇਵਲ ਭੀੜ ਬਹੁਤੀ ਹੈ, ਅਵਾਰਡ ਥੋੜ੍ਹੇ ਹਨ। ਹਰ ਕੋਈ ਚਾਹੁੰਦਾ ਹੈ ਕਿ ਅਗਲੀ ਵਾਰ ਯਾਰ ਇਕ ਅੱਧਾ 'ਨੋਬਲ' ਪੁਰਸਕਾਰ ਉਸਨੂੰ ਮਿਲ ਹੀ ਜਾਣਾ ਚਾਹੀਦਾ ਹੈ। ਪਰ.....! ਖੈਰ, ਉਹੀ ਗੱਲ ਕਿ ਕੁਝ ਵੀ ਅਸੰਭਵ



ਨਹੀਂ। ਲੋਕਾਂ ਨੇ ਆਪੋ ਆਪਣੇ ਗਲੀ ਮੁਹੱਲੇ ਵਿਚ ਹੀ ਅਜਿਹੇ ਮਿਲਦੇ ਜੁਲਦੇ ਐਵਾਰਡ ਦੇਣ ਲੈਣ ਦਾ ਸਿਲਸਿਲਾ ਸ਼ੁਰੂ ਕਰ ਲਿਆ। ਘਰ ਦੀ ਘਰ ਵਿਚ ਹੀ ਮੁੱਕ ਜਾਂਦੀ ਹੈ। ਸਨਮਾਨਿਤ ਹੋਣ ਦਾ ਸੁਪਨਾ ਵੀ ਪੂਰਾ ਹੋ ਜਾਂਦਾ ਹੈ।

ਰਾਜਨੀਤੀ ਵਿਚ ਇਹ ਸਨਮਾਨ ਬਿਜ਼ਨਿਸ ਇਕ ਫ਼ੈਸ਼ਨ ਦੀ ਤਰ੍ਹਾਂ ਵੇਖਿਆ ਜਾ ਸਕਦਾ ਹੈ। ਪ੍ਰਧਾਨ ਮੁਖੀ ਨੂੰ ਆਖਦੇ ਹਨ ਅਤੇ ਮੁਖੀ ਤਾਂ ਇਕ ਹੀ ਹੋ ਸਕਦਾ ਹੈ। ਪਰ ਕਿਸੇ ਵੀ ਰਾਜਨੀਤਕ ਪਾਰਟੀ ਨੂੰ ਦੇਖੋ। ਕਿਸੇ ਨੂੰ ਸ਼ਹਿਰੀ ਪ੍ਰਧਾਨ, ਪੇਂਡੂ ਪ੍ਰਧਾਨ, ਛੋਟਾ ਪ੍ਰਧਾਨ ਭਾਵ ਉਪ ਪ੍ਰਧਾਨ, ਉਸ ਤੋਂ ਜਰਾ ਕੁ ਹੋਰ ਛੋਟਾ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਫ਼ਿਰ ਆਨੀ ਬਹਾਨੀਂ ਬੰਦਾ ਖੁਸ਼ ਕਰਨ ਲਈ ਕਈ ਹੋਰ ਤਰ੍ਹਾਂ ਦੀਆਂ ਪ੍ਰਧਾਨਗੀਆਂ। ਜੇ ਪ੍ਰਧਾਨਗੀਆਂ ਵਾਲਾ ਡਮਰੂ ਥੋੜ੍ਹਾ ਪੈ ਜਾਵੇ ਤਾਂ ਸੈਕਟਰੀਆਂ ਵਾਲਾ ਛੁਣਕਣਾ ਦਿੱਤਾ ਜਾ ਸਕਦਾ ਹੈ। ਲੋਕ ਇਨ੍ਹਾਂ ਖਿਡੌਣਿਆਂ ਨਾਲ ਖੁਸ਼ ਹੋ ਜਾਂਦੇ ਹਨ ਅਤੇ ਕੋਹਲੂ ਦੇ ਬੈਲ ਬਣ ਕੇ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ ਹਨ। ਯਾਨੀ, ਇਕ ਤਰ੍ਹਾਂ ਸਾਰੇ ਹੀ ਪ੍ਰਧਾਨ, ਸਾਰੇ ਹੀ ਮੁਖੀ, ਅਹਿਲਕਾਰ ਜਾਂ ਸੇਵਾ ਕਰਨ ਲਈ ਕੋਈ ਤਿਆਰ ਨਹੀਂ।

ਕਈ ਵਾਰੀ ਸਰਕਾਰ ਚਲਾਉਣ ਵੇਲੇ ਪਾਰਟੀਆਂ ਨੂੰ 'ਆਪਣੇ ਬੰਦੇ' ਖੁਸ਼ ਕਰਨ ਵਿਚ ਪ੍ਰੇਸ਼ਾਨ ਹੋਣਾ ਪੈਂਦਾ ਹੈ। ਪਹਿਲੇ ਹੱਲੇ ਵਿਚ ਆਪਣੇ ਸਾਰੇ 'ਨੇੜਲੇ ਸਾਥੀਆਂ' ਨੂੰ ਮੰਤਰੀ ਆਦਿ ਬਣਾ ਕੇ ਝੰਡੀ ਵਾਲੀ ਕਾਰ ਦੇ ਹੂਟੇ ਤੋਹਫ਼ੇ ਵਿਚ ਮਿਲ ਜਾਂਦੇ ਹਨ। ਇਸ ਵੰਡਾਰੇ ਵਿਚ ਕਈ ਵਿਚਾਰੇ ਰਹਿਮਤਾਂ ਦੀ ਬਰਸਾਤ ਵਿਚ ਵੀ ਸੁੱਕੇ ਹੀ ਰਹਿ ਜਾਂਦੇ ਹਨ। ਉਨ੍ਹਾਂ ਨੂੰ ਠੰਢਿਆਂ ਕਰਨ ਲਈ ਫ਼ਿਰ ਕਈ ਹੋਰ ਲਾਲ ਬੱਤੀਆਂ ਵਾਲੇ ਅਹੁਦਿਆਂ ਦਾ ਪ੍ਰਸ਼ਾਦ ਵੰਡਿਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਸਨਮਾਨ ਅਕਸਰ ਬੜੇ ਜਫ਼ਰ ਜਾਲ ਕੇ ਹੀ 'ਹਾਸਿਲ' ਕਰਨੇ ਪੈਂਦੇ ਹਨ। ਲੋਕਤੰਤਰ ਵਿਚ ਫ਼ੋਕੀ ਦਿਖਾਵੇਬਾਜੀ ਦਾ ਭੂਤ ਲੋਕਾਂ ਨੂੰ ਚਿੰਬੜ ਗਿਆ ਹੈ, ਆਮ ਅਤੇ ਖਾਸ ਦੋਨੋਂ ਤਰ੍ਹਾਂ ਦੇ ਲੋਕਾਂ ਨੂੰ।

ਸਾਹਿਤਕਾਰਾਂ ਅਤੇ ਸਮੇਂ ਦੀਆਂ ਸਰਕਾਰਾਂ ਵਿਚਕਾਰ ਬਹੁਤੀ ਸਾਰ ਨਹੀਂ ਰਲੀ। ਸਾਹਿਤ ਸਮਾਜ ਦਾ ਦਰਪਨ ਹੁੰਦਾ ਹੈ। ਸ਼ੀਸ਼ਾ ਤਾਂ ਸ਼ੀਸ਼ਾ ਹੀ ਹੁੰਦਾ ਹੈ। ਸੱਚ ਬੋਲਦਾ ਹੈ। ਸੱਚ ਕੌੜਾ ਤੇ ਝੂਠ ਮਿੱਠਾ। ਅਸੀਂ ਮਿੱਠੀਆਂ ਚੀਜ਼ਾਂ ਖਾ ਕੇ ਖੁਸ਼ ਰਹਿੰਦੇ ਹਨ, ਫ਼ਿਰ ਭਾਵੇਂ ਉਹ ਮਿੱਠੀ ਚੀਜ਼ ਜ਼ਹਿਰ ਹੀ ਕਿਉਂ ਨਾ ਹੋਵੇ। ਸਰਕਾਰ ਵੀ ਤਾਂ ਸਾਡੇ ਵਰਗੇ ਮਿੱਠਾ ਖਾਣੇ ਲੋਕਾਂ ਦੀ ਮਸ਼ੀਨਰੀ ਹੁੰਦੀ ਹੈ। ਸ਼ਾਇਦ ਇਸੇ ਲਈ, ਸਮਾਂ ਅਤੇ ਸਰਕਾਰ ਕੋਈ ਵੀ ਹੋਵੇ, ਸਾਹਿਤਕਾਰ ਅਤੇ ਸਾਹਿਤ ਤਾਂ ਅਣਗੌਲਿਆ ਹੀ ਰਹਿ ਜਾਂਦਾ ਹੈ। ਇਥੇ ਨੰਦ ਲਾਲ ਨੂਰਪੁਰੀਆਂ ਨੂੰ ਨਿਰਾਸ਼ ਹੋਣਾ ਹੀ ਪੈਂਦਾ ਹੈ। ਇਸ

ਲਈ ਸਾਹਿਤ ਸਭਾਵਾਂ ਆਪਣੇ ਤੌਰ ਤੇ ਆਪਸ ਵਿਚ ਇਕ ਦੂਜੇ ਦੇ ਲੇਖਕ ਮੈਂਬਰਾਂ ਨੂੰ ਜਾਂ ਆਪਣੇ ਹੀ ਮੈਂਬਰਾਂ ਨੂੰ ਸਨਮਾਨਿਤ ਕਰ ਕੇ ਬੁੱਤਾ ਸਾਰ ਲੈਂਦੀਆਂ ਹਨ।

ਬਚਪਨ ਵਿਚ ਜਦੋਂ ਮੈਨੂੰ ਗੁਰਦੁਆਰੇ ਬਾਲ ਕਵੀ ਦਰਬਾਰ ਵਿਚ ਕਵਿਤਾ ਬੋਲਣ ਤੇ ਹੋਰ ਬੱਚਿਆਂ ਵਾਂਗ ਕਾਪੀ ਪੈੱਨ ਇਨਾਮ ਮਿਲਿਆ ਤਾਂ ਘਰ ਵਿਚ ਮਾਤਾ ਪਿਤਾ ਦੋਨੋਂ ਬਹੁਤ ਖ਼ੁਸ਼ ਹੋਏ। ਮੈਂ ਪਹਿਲੀ ਵਾਰੀ ਸਟੇਜ ਤੇ ਗਿਆ ਸੀ। ਉਦੋਂ ਮਾਤਾ ਜੀ ਨੇ ਕਿਹਾ, 'ਕਾਕਾ ਇਨਾਮ ਵਿਚ ਮਿਲੀ ਤਾਂ ਸੂਈ ਵੀ ਮਾਨ ਨਹੀਂ ਹੁੰਦੀ ਇਹ ਤਾਂ ਫ਼ਿਰ ਕਾਗਜ਼ ਅਤੇ ਕਲਮ ਵਰਗਾ ਬਹੁਤ ਕੀਮਤੀ ਇਨਾਮ ਹੈ। ਇਸਨੂੰ ਸਾਂਭ ਕੇ ਰੱਖ।' ਉਸ ਦਿਨ ਮਿਲੇ ਕਾਪੀ ਪੈੱਨ ਨੇ ਲਿਖਣ, ਪੜ੍ਹਨ ਵੱਲ ਰੁਝਾਨ ਬਣਾ ਦਿੱਤਾ ਅਤੇ ਅੱਜ ਮਹਿਸੂਸ ਹੁੰਦਾ ਹੈ ਕਿ ਉਹ ਸਚਮੁੱਚ ਕੀਮਤੀ ਇਨਾਮ ਸੀ। ਕਾਗਜ਼ ਅਤੇ ਪੈੱਨ ਸੰਸਾਰ ਵੱਲ ਖੁੱਲ੍ਹਣ ਵਾਲੀਆਂ ਨਿੱਤ ਨਵੀਆਂ ਖਿੜਕੀਆਂ ਬਣਕੇ ਆਪਣੇ ਪਹਿਰੇਦਾਰ ਪ੍ਰਤੀਤ ਹੁੰਦੇ ਹਨ।

ਓਧਰ ਫੁਕਰਾ ਕਲੱਬ ਵਾਲਿਆਂ ਨੇ ਆਪਣੇ ਸੱਭਿਆਚਾਰਕ ਮੇਲੇ ਦੀ ਤਿਆਰੀ ਪੂਰੀ ਕਰ ਲਈ ਅਤੇ ਨਿਸ਼ਚਿਤ ਦਿਨ ਮੇਲਾ ਸ਼ੁਰੂ ਹੋ ਗਿਆ। ਮੇਲੇ ਦਾ ਆਨੰਦ ਮਾਨਣ ਲਈ ਲੋਕ ਪਤਾ ਨਹੀਂ ਕਿਵੇਂ ਅਤੇ ਕਿਥੋਂ ਏਨੀ ਗਿਣਤੀ ਵਿਚ ਪੁੱਜ ਗਏ। ਪਤਾ ਲੱਗਾ ਕਿ ਮੇਲੇ ਦੇ ਨੇੜੇ ਹੀ ਭੁੱਕੀ ਦਾ 'ਜਹਾਜ਼' ਵੀ ਉਤਰਨ ਵਾਲਾ ਸੀ, ਸਾਰਾ ਪ੍ਰਬੰਧ ਵਧੀਆ ਸੀ। ਪਰ ਸਟੇਜ ਉਤੇ ਨਵੇਂ ਹੀ ਸੱਭਿਆਚਾਰ ਨੂੰ ਪੇਸ਼ ਕਰਨ ਵਾਲਾ ਮਾਹੌਲ ਬਣ ਗਿਆ। ਗਾਇਕ ਆਪਣੇ ਨਾਲ ਅੱਧ ਪਚੱਧੇ ਕੱਪੜਿਆਂ ਵਾਲੀ ਨਾਚੀ ਨਾਲ ਸ਼ਰਾਬ ਅਤੇ ਸ਼ਬਾਬ ਦੀ ਉਸਤਤ ਕਰਨ ਵਾਲੇ ਗੀਤ ਗਾਕੇ ਚਲਾ ਗਿਆ। ਲੋਕ ਕੁਰਸੀਆਂ ਤੇ ਚੜ੍ਹ ਚੜ੍ਹ ਕੇ ਨੱਚੇ। ਕਈ ਕੁਰਸੀਆਂ ਟੁੱਟੀਆਂ। ਅਖੀਰ ਵਿਚ ਭੰਗੜੇ ਦੀ ਵਾਰੀ ਆਈ। ਕਿਸੇ ਦਾਰੂ ਦੀ ਗਲਾਸੀ ਅਤੇ ਪਟੋਲੇ ਵਾਲੇ ਗੀਤ ਦੀ ਟੇਪ ਲਗਾ ਲਈ ਅਤੇ ਪੁਰਾਤਨ ਪੰਜਾਬੀ ਪੁਸ਼ਾਕਾਂ ਪਾਈਂ ਮੁੰਡੇ ਖ਼ੂਬ ਨੱਚੇ। ਇਨ੍ਹਾਂ ਨੂੰ ਕੌਣ ਆਖੇ ਕਿ ਭੰਗੜਾ ਟੇਪਾਂ ਤੇ ਨਹੀਂ ਢੋਲ ਤੇ ਹੀ ਪੈਂਦਾ ਹੈ। ਪਰ ਇਥੇ ਤਾਂ ਉਹ ਪੱਛਮੀ ਗੀਤਾਂ ਤੇ ਸਾਜਾਂ ਵਿਚ ਵੱਜੇ ਪੰਜਾਬੀ ਗੀਤਾਂ ਦੀਆਂ ਟੇਪਾਂ ਤੇ ਪਾਇਆ। ਕੁਰਸੀ ਤੇ ਉਡੂੰ ਉਡੂੰ ਕਰਦੇ ਆਪਣੇ ਸ਼ਾਹ ਜੀ ਨੂੰ ਮੁੱਖ ਮਹਿਮਾਨ ਨੇ ਚਮਕਦੇ ਮੋਮੈਂਟੋ ਨਾਲ 'ਰਾਖਾ ਸੱਭਿਆਚਾਰ ਦਾ' ਐਵਾਰਡ ਨਾਲ ਸਨਮਾਨਿਤ ਕੀਤਾ।

ਇਕ ਤਰ੍ਹਾਂ ਇਹ ਐਵਾਰਡ ਠੀਕ ਹੀ ਸੀ। ਪੰਜਾਬੀ ਸੱਭਿਆਚਾਰ ਦੇ ਨਾਂ ਤੇ ਹੁੰਦੇ ਅਜਿਹੇ 'ਸੱਭਿਆਚਾਰ' ਦਾ ਉਹ ਵਾਕਈ ਰਾਖਾ ਸਾਬਿਤ ਹੋਇਆ।

* * *



## ਚਰਚਾ

ਅੱਜ ਦੇ ਜ਼ਮਾਨੇ ਵਿਚ ਬਹੁਤੇ ਬੰਦੇ ਚਰਚਾ ਵਿਚ ਰਹਿਣਾ ਪਸੰਦ ਕਰਦੇ ਹਨ। ਪਰ ਬਿਨਾਂ ਗੱਲੋਂ ਆਪਣੀ ਚਰਚਾ ਕਰਾਉਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ। ਫ਼ਿਰ ਵੀ ਤਿਕੜਮਬਾਜੀ ਲੜਾ ਕੇ, ਕਈ ਜੁਗਤ ਜੁਗਾੜ ਬਣਾ ਕੇ, ਬੰਦਾ ਸਮਾਜ ਵਿਚ ਮੋਹਤਬਰ ਬਣਨ ਦੀ ਖੇਡ ਖੇਡਦਾ ਰਹਿੰਦਾ ਹੈ। ਅਖ਼ਬਾਰਾਂ ਦੀ ਸੁਰਖੀ ਬਣਨ ਦੇ ਉਂਝ ਤਾਂ ਬਥੇਰੇ ਫ਼ਾਰਮੂਲੇ ਹਨ ਪਰ ਕੁਝ ਅਜਿਹੀਆਂ ਜੁਗਤਾਂ ਤੇ ਇਥੇ ਚਰਚਾ ਕਰਨ ਨੂੰ ਜੀਅ ਕਰਦਾ ਹੈ।

ਅਖ਼ਬਾਰੀ ਸ਼ੋਕ ਤੇ ਸਵਾਗਤ ਸਭਾ ਕਾਇਮ ਕਰਕੇ, ਵੱਡੇ ਲੋਕਾਂ ਦੇ ਜੰਮਣ ਤੇ ਮਰਨ ਤੇ ਵਧਾਈ ਜਾਂ ਦੁੱਖ ਪ੍ਰਗਟ ਕੀਤਾ ਜਾ ਸਕਦਾ ਹੈ। ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਭਾਵੁਕ ਸਾਂਝ ਦਾ ਹੋਣਾ ਲਾਜ਼ਮੀ ਨਹੀਂ। ਬੱਸ ਇਕ ਰਿਵਾਜ ਹੈ, ਰਸਮ ਹੈ, ਪੂਰੀ ਕਰੋ ਤੇ ਖ਼ਬਰ ਲਵਾਓ...।

ਸਭ ਤੋਂ ਵੱਧ ਹੈਰਾਨੀ ਅਖੌਤੀ ਦਾਨੀ ਸੱਜਣਾਂ ਤੇ ਹੁੰਦੀ ਹੈ। ਉਹਨਾਂ ਵੱਲ ਵੇਖ ਕੇ ਲੱਗਦਾ ਹੈ ਕਿ ਇਹ ਲੋਕ ਤਾਂ ਛੇਤੀ ਹੀ ਦੁਨੀਆਂ 'ਚੋਂ ਗਰੀਬੀ ਚੱਕ ਦੇਣਗੇ। ਪਰ ਏਨੇ ਸ਼ੋਰ ਦੇ ਬਾਵਜੂਦ ਨਾ ਗਰੀਬੀ ਖ਼ਤਮ ਹੋਈ ਤੇ ਨਾ ਹੀ ਦਾਨੀਆਂ ਦੀ ਜੇਬ ਨੂੰ ਕੋਈ ਫ਼ਰਕ ਪਿਆ। ਆਮ ਤੌਰ ਤੇ ਕਈ ਸੱਜਣ ਸਮਾਜ ਦੇ ਲਾਚਾਰ ਵਰਗ ਦੀ ਲਾਚਾਰੀ ਤੋਂ ਵੀ ਲਾਹਾ ਲੈਂਦੇ ਹਨ। ਧਰਤੀ ਉੱਤੇ ਬੇਸਹਾਰਾ, ਯਤੀਮ, ਗਰੀਬ ਗੁਰਬੇ ਲੱਭਣਾ ਬਹੁਤ ਮੁਸ਼ਕਿਲ ਨਹੀਂ। ਸਾਰਿਆਂ ਨੂੰ ਨਹੀਂ, ਬੱਸ ਦੋ ਚਾਰ ਅਜਿਹੇ ਬੰਦੇ ਚੁਣੋ, ਇੱਕ ਵੱਡਾ ਮੰਚ ਸਜਾਓ, ਦੋ ਚਾਰ ਖੇਸੀਆਂ ਕੰਬਲ ਜਾਂ ਦਾਲ ਚੌਲ ਦੇ ਪੈਕਟ ਦੇ ਦਿਓ। ਜਿਵੇਂ ਧਾਰਮਿਕ ਥਾਵਾਂ ਦੀ ਉਸਾਰੀ ਵੇਲੇ ਲੋਕ 'ਸੇਵਾ ਕਰਾਈ ....' ਵਾਲੇ ਪੱਥਰ ਲਾਉਣਾ ਯਾਦ ਰੱਖਦੇ ਹਨ, ਉਵੇਂ ਹੀ ਦਾਨੀ ਸੱਜਣ ਗਰੀਬਾਂ ਨੂੰ ਕੰਬਲ ਦੇਣ ਦੀ ਫ਼ੋਟੋ ਖਿਚਵਾ ਲੈਂਦੇ ਹਨ। ਬਈ ਅਖਬਾਰ ਵਿਚ ਭੇਜਣੀ ਹੈ, ਹੋਰ ਏਨੇ ਪਾਪੜ ਕਾਹਦੇ ਲਈ ਵੇਲਣੇ ਸਨ!

ਉਂਝ ਸਾਡੇ ਸਮਾਜ ਵਿਚ ਧਰਮ ਕਰਮ ਤਾਂ ਕੁੱਟ ਕੁੱਟ ਕੇ ਭਰਿਆ ਹੋਇਆ ਹੈ ਤੇ ਕਰੀਬਨ ਹਰ ਮਹਾਂਪੁਰਸ਼ ਨੇ ਸੰਦੇਸ਼ ਦਿੱਤਾ ਕਿ ਸਾਨੂੰ ਆਪ ਤੋਂ ਮਾੜੇ ਤੇ ਲੋੜਵੰਦ ਦੀ

ਸਹਾਇਤਾ ਜ਼ਰੂਰ ਕਰਨੀ ਚਾਹੀਦੀ ਹੈ, ਪਰ ਨਾਲ ਹੀ ਆਖਿਆ ਕਿ ਦਾਨ ਵਿਚ ਦਿਖਾਵੇ ਲਈ ਕੋਈ ਥਾਂ ਨਹੀਂ। ਇਸ ਨਾਲ ਤਾਂ ਪਹਿਲਾਂ ਹੀ ਵਿਚਾਰਗੀ ਦੀ ਜੂਨ ਕੱਟ ਰਿਹਾ ਬੰਦਾ, ਹੋਰ ਜ਼ਿਆਦਾ ਮਾਯੂਸ ਹੋ ਜਾਂਦਾ ਹੈ। ਉਸਦੀ ਵਿਚਾਰਗੀ ਦਾ ਚੌਕ ਚੁਰਾਹੇ ਭਾਂਡਾ ਭੰਨਿਆ ਜਾਂਦਾ ਹੈ। ਚੰਗੀ ਤਰ੍ਹਾਂ ਹਰ ਪੱਧਰ ਤੇ ਇਕ ਤਰ੍ਹਾਂ ਮੁਨਾਦੀ ਕਰ ਦਿੱਤੀ ਜਾਂਦੀ ਹੈ ਕਿ ਬਈ ਆਹ ਵੇਖੋ, ਆਹ ਬੰਦਾ ਹੈ ਲੋੜਵੰਦ! ਤੇ ਅਸੀਂ 'ਦਾਨੀ' ਲੋਕ ਅੱਜ ਇਸਨੂੰ ਕਿੱਲੋ ਚੌਲ ਤੇ ਇਕ ਅੱਧ ਕੱਪੜਾ ਦੇ ਕਿੰਨਾ ਵੱਡਾ ਪਰਉਪਕਾਰ ਕਰ ਰਹੇ ਹਾਂ!

ਕੋਈ ਪੁੱਛੇ ਕਿ ਗਰੀਬ ਦੀ 'ਸਹਾਇਤਾ' ਕਰਨ ਦੇ ਨਾਮ ਤੇ ਉਸਦੀ ਗਰੀਬੀ ਦਾ ਮਜ਼ਾਕ ਬਣਾਉਣ ਦਾ ਹੱਕ ਕਿਸ ਨੇ ਇਹਨਾਂ ਦਾਨੀਆਂ ਨੂੰ ਦਿੱਤਾ ਹੈ? ਕੀ ਥੁੜਿਆ ਹੈ ਅਜਿਹੀ ਮਹਾਨਤਾ ਤੋਂ?

ਸੱਚਮੁੱਚ ਜੇ ਕਿਸੇ ਵਿਚ ਮਾਨਵਤਾ ਦੀ ਇੱਛਾ ਜਾਗਦੀ ਹੈ ਤਾਂ ਇਹ ਸਭ ਤੋਂ ਵੱਡੀ ਬੰਦਗੀ ਹੈ। ਚੁੱਪਚਾਪ, ਬੜੀ ਨਿਮਰਤਾ ਨਾਲ, ਕਿਸੇ ਸੱਭਿਅਕ ਢੰਗ ਨਾਲ ਸਹਾਇਤਾ ਹੋਣੀ ਚਾਹੀਦੀ ਹੈ। ਹਜ਼ਾਰ 'ਗਰੀਬਾਂ' ਨੂੰ ਹਰ ਸਾਲ ਮੁਫ਼ਤ ਲੰਗਰ ਛਕਾਉਣ ਨਾਲੋਂ ਦੋ ਚਾਰ ਟੱਬਰਾਂ ਨੂੰ ਅਪਣਾ ਕੇ, ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦਾ ਯਤਨ ਕਿਤੇ ਜ਼ਿਆਦਾ ਸਾਰਥਿਕ ਹੋ ਸਕਦਾ ਹੈ।

ਸੁਣਿਆ ਹੈ ਕਿ ਪ੍ਰਸਿੱਧ ਗਾਇਕ ਸਵ. ਮੁਹੰਮਦ ਰਫ਼ੀ ਇਸ ਮਾਮਲੇ ਵਿਚ ਕਾਫ਼ੀ ਸੁਚੇਤ ਸਨ। ਉਹ ਅਕਸਰ ਤੜਕਸਾਰ ਜਾਂ ਦੇਰ ਸ਼ਾਮ ਸੈਰ ਲਈ ਨਿਕਲਦੇ ਤੇ ਰੋਜ ਹੀ ਕਿਸੇ ਨਾ ਕਿਸੇ ਅਣਜਾਣ ਲੋੜਵੰਦ ਬੰਦੇ ਦੀ ਮਦਦ ਕਰ ਆਉਂਦੇ। ਕੇਰਾਂ ਤਾਂ ਉਹ ਕੜਕਦੀ ਠੰਢ ਵਿਚ ਫ਼ੁਟਪਾਥ ਤੇ ਬੈਠੇ ਇਕ ਠੁਰ ਠੁਰ ਕਰਦੇ ਬੰਦੇ ਨੂੰ ਆਪਣਾ ਮਹਿੰਗਾ ਕੋਟ ਹੀ ਦੇ ਆਏ।

ਅਜਿਹੀਆਂ ਮਿਸਾਲਾਂ ਦੀ ਕਮੀ ਨਹੀਂ। ਕਈ ਬੰਦੇ ਕਿਸੇ ਵਿਦਿਆਰਥੀ ਨੂੰ ਅਪਣਾ ਕੇ ਉਸਦੀ ਪੜ੍ਹਾਈ ਲਿਖਾਈ ਆਦਿ ਦਾ ਜਿੰਮਾ ਚੱਕ ਲੈਂਦੇ ਹਨ ਤੇ ਕਈ ਗਰਜ਼ਮੰਦ ਪਰਿਵਾਰਾਂ ਦੇ ਮੁੰਡੇ ਕੁੜੀਆਂ ਦੇ ਵਿਆਹ ਸਮਾਗਮ ਵੀ ਕਰਵਾ ਦਿੰਦੇ ਹਨ। ਹੋਰ ਵੀ ਅਨੇਕਾਂ ਸੱਜਣ, ਸੰਸਥਾਵਾਂ ਸੱਚਮੁੱਚ ਲੋੜਵੰਦਾਂ ਦੀ ਭਲਾਈ ਕਰਦੀਆਂ ਹਨ।

ਫ਼ਿਰ ਵੀ ਤਸਵੀਰ ਦਾ ਦੂਸਰਾ ਪਾਸਾ ਕਾਫ਼ੀ ਅਜੀਬ ਹੈ। ਛਬੀਲ ਵਾਲੇ ਦਿਨ ਭਾਵੇਂ ਬੰਦਾ ਸੌ ਖੂਹ ਪਾਣੀ ਦੇ ਪੀ ਲਵੇ, ਪਾਣੀ ਪੀ ਪੀ ਕੇ ਬੰਦੇ ਦੇ ਢਿੱਡ ਦਾ ਡਰੰਮ ਬਣ ਜਾਵੇ, ਭਾਵੇਂ ਬੰਦਾ ਮਿੰਨਤਾਂ ਤੇ ਉੱਤਰ ਆਵੇ ਕਿ ਬੱਸ ਯਾਰੋ! ਹੁਣ ਤਾਂ ਐਨਾ ਪਾਣੀ ਪੀ ਲਿਆ ਹੈ ਕਿ ਜੇ ਕਿਤੇ ਡਾਕਟਰ ਨੂੰ ਟੀਕਾ ਲਾਉਣਾ ਪੈ ਗਿਆ ਤੇ



ਦਵਾਈ ਲਈ ਵੀ ਅੱਗੇ ਥਾਂ ਨਹੀਂ ਹੋਣੀ! ਤੇ ਜੇ ਕਿਤੇ ਟੀਕੇ ਦੀ ਸੂਈ ਖੁਭੋ ਦਿੱਤੀ ਤਾਂ ਭੜਾਕਾ ਪੈ ਜਾਊ ...! ਤੇ ਅੱਗਿਓਂ 'ਸੇਵਾਦਾਰਾਂ' ਕੋਲ ਇਹਨਾਂ ਗੱਲਾਂ ਬਾਰੇ ਸੋਚਣ ਦਾ ਟੈਮ ਨਹੀਂ ਹੁੰਦਾ। ਉਹ ਤਾਂ ਵੱਧ ਤੋਂ ਵੱਧ ਪੁੰਨ ਖੱਟ ਕੇ ਸਵਰਗ ਵਿਚ ਪਲਾਟ ਲੈਣ ਦੇ ਚੱਕਰ ਵਿਚ ਹੁੰਦੇ ਹਨ ... ਸ਼ਾਇਦ। ਕੋਈ ਭਲਾ ਬੰਦਾ ਦੁਹਾਈ ਪਾਈ ਜਾਵੇ ਕਿ ਲੋਕੋ ਬੰਦੇ ਨੂੰ ਪਿਆਸ ਤਾਂ ਹਰ ਰੋਜ ਲੱਗਦੀ ਹੈ, ਇਕ ਦਿਨ ਦੀ ਛਬੀਲ ਕੀ ਕਰੇਗੀ? ਜੇ ਸੇਵਾ ਦਾ ਏਨਾ ਹੀ ਚਾਓ ਚੜ੍ਹ ਗਿਆ ਹੈ ਤਾਂ ਅੱਜ ਦੇ ਦਿਨ ਤੁਸੀਂ ਛਬੀਲ ਵਾਲੀ ਥਾਂ ਤੇ ਪੱਕਾ ਨਲਕਾ ਹੀ ਕਿਉਂ ਨਹੀਂ ਲਵਾ ਦਿੰਦੇ! ਸਾਰਾ ਸਾਲ, ਸਾਰੀ ਉਮਰ ਪਿਆਸ ਦੇ ਮਾਰੇ ਲੋਕ, ਪਾਣੀ ਨਾਲ ਤ੍ਰਿਪਤ ਹੋ ਕੇ, ਦੁਆਵਾਂ ਦੇਣਗੇ! ਆਪਣੇ ਤਾਂ ਗੁਰੂ ਸਾਹਿਬਾਨ ਨੇ ਛਬੀਲਾਂ ਨਹੀਂ ਲਾਈਆਂ। ਉਹਨਾਂ ਨੇ ਤਾਂ ਖੂਹ, ਸਰੋਵਰ, ਬਾਉਲੀਆਂ ਬਣਾਈਆਂ, ਤਾਂ ਕਿ ਰਹਿੰਦੇ ਜੁੱਗਾਂ ਜੁੱਗਾਂ ਤੱਕ ਲੋਕਾਈ ਦੀ ਪਿਆਸ ਸ਼ਾਂਤ ਹੁੰਦੀ ਰਹੇ। ਪਰ ਕੌਣ ਸੁਣਦਾ ਹੈ। ਨਾਲੇ ਕਿਹੜਾ ਖੂਹ ਪੁੱਟੇ, ਨਲਕੇ ਦੇ ਚੱਕਰਾਂ ਵਿਚ ਪਵੇ, ਆਹ ਸੌਖਾ ਕੰਮ ਹੈ, ਸਾਲ ਵਿਚ ਇਕ ਦਿਨ ਟੱਬ, ਬਾਲਟੀ, ਗਲਾਸ ਚੱਕੋ ਤੇ ਹੱਲਾ ਬੋਲ ਦਿਓ। ਹਾਂ, ਫ਼ੋਟੋ ਖਿੱਚਣੀ ਜ਼ਰੂਰੀ ਹੈ, ਸਮਾਈਲ ਪਲੀਜ਼!

'ਦਾਨੀ' ਸੱਜਣਾਂ ਦੀ ਕਰਾਮਾਤ ਉਦੋਂ ਵਿਚਾਰਸ਼ੀਲ ਬੰਦੇ ਦੇ ਦਿਲ ਨੂੰ ਠੇਸ ਪਹੁੰਚਾਉਂਦੀ ਹੈ ਜਦੋਂ ਉਹ ਮਜ੍ਹਮਾ ਲਗਾ ਕੇ ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ, ਅੰਗਹੀਣਾਂ ਨੂੰ ਤਿਪਹੀਆ ਸਾਈਕਲ 'ਦਾਨ' ਕਰਦੇ ਹਨ। ਦਿਲ ਹਰੇਕ ਦੇ ਸੀਨੇ ਵਿਚ ਧੜਕਦਾ ਹੈ। ਸੰਵੇਦਨਾਵਾਂ, ਭਾਵਨਾਵਾਂ ਹਰ ਦਿਲ ਵਿਚ ਹੁੰਦੀਆਂ ਹਨ। ਦਿਲ ਦੇ ਮਾਮਲੇ ਅਮੀਰੀ ਗਰੀਬੀ, ਖੁਸ਼ੀ ਗਮੀ ਬਰਾਬਰ ਹੁੰਦੇ ਹਨ। ਪਤੀ ਦਾ ਸਦੀਵੀ ਵਿਛੋੜਾ ਕੀ ਹੁੰਦਾ ਹੈ, ਇਸਦੀ ਚੀਸ, ਇਸਦਾ ਦਰਦ ਤਾਂ ਉਹ ਔਰਤ ਹੀ ਮਹਿਸੂਸ ਕਰ ਸਕਦੀ ਹੈ। ਹੋਰ ਘੁੱਗ ਵਸਦੇ ਜੱਗ ਨੇ ਉਸਦੀ ਤੜਪ ਤੋਂ ਕੀ ਲੈਣਾ ਦੇਣਾ ਹੈ। ਦੁਨੀਆਂ ਦੇ ਪੱਥਰਦਿਲ ਤਮਾਸ਼ਬੀਨ ਉਸਨੂੰ ਜਨਤਕ ਇਕੱਠ ਵਿਚ ਲਿਆ ਕੇ ਅਜਿਹੀ ਸਥਿਤੀ ਵਿਚ ਖੜ੍ਹਾ ਕਰ ਦਿੰਦੇ ਹਨ, ਜਿਸਨੂੰ ਕਦੇ ਮਾਨਵਤਾ ਨਹੀਂ ਕਿਹਾ ਜਾ ਸਕਦਾ। ਤੇ ਹੁਣ ਫ਼ਲਾਂ ਕੁਮਾਰੀ.... ਫ਼ਲਾਂ ਕੌਰ .... ਵਿਧਵਾ, ਫ਼ਲਾਂ ਰਾਮ .... ਮੰਚ ਤੇ ਆ ਕੇ ਸਿਲਾਈ ਮਸ਼ੀਨ ਲੈ ਲਵੇ ...! ਕੀ ਉਹ ਸਿਲਾਈ ਮਸ਼ੀਨ ਦੇਣ ਵਾਲੇ ਪ੍ਰਬੰਧਕ ਚੁੱਪਚਾਪ, ਬਿਨਾਂ ਕਿਸੇ ਸ਼ੋਰ ਸ਼ਰਾਬੇ ਤੋਂ, ਉਸਦੇ ਘਰ ਜਾ ਕੇ ਨਹੀਂ ਸੀ ਦੇ ਸਕਦੇ! ਕਿਵੇਂ ਦੇ ਸਕਦੇ ਸੀ ਜਨਾਬ, ਫ਼ਿਰ ਫ਼ੋਟੋ ਕਿਵੇਂ ਹੁੰਦੀ? ਜੰਗਲ ਮੇਂ ਮੋਰ ਨਾਚਾ, ਕਿਸਨੇ ਦੇਖਾ ...। ਢਿੰਡੋਰਾ ਪਿੱਟ ਪਿੱਟ ਕੇ, ਆਪਣੀ 'ਮਹਾਨਤਾ' ਤਾਂ ਸਟੇਜਾਂ ਉਪਰ ਲਾਚਾਰਾਂ ਦੀ ਲਾਚਾਰਗੀ ਉਤੇ ਆਪਣੀ ਸਮਰੱਥਾ ਦਿਖਾ ਕੇ ਹੀ ਦੁਨੀਆਂ ਨੂੰ ਦਿਖਾਈ ਜਾ ਸਕਦੀ ਹੈ।

ਇਸ ਲਈ ਫ਼ਿਰ ਕਿਸੇ ਅੰਗਹੀਣ ਨੂੰ ਭਾਵੇਂ ਉਹ ਸਾਇਕਲ ਹਾਸਿਲ ਕਰਨ ਲਈ ਕਿੰਨਾ ਵੀ ਖੱਜਲ ਕਿਉਂ ਨਾ ਹੋਣਾ ਪਵੇ, ਕਿਸੇ ਨੂੰ ਕੀ ?! ਫ਼ੋਟੋ ਖਿਚਾਓ, ਖ਼ਬਰ ਲਵਾਓ, ਜਰਾ ਮੁਸਕਰਾਓ...। ਬੱਸ ਜਨਾਬ ਛਾ ਜਾਓ, ਤਾਂ ਹੀ ਤਾਂ ਹੋਵੇਗੀ ਆਪਣੀ ਚਰਚਾ ਗਲ਼ੀ ਗਲ਼ੀ !

ਕਾਸ਼ ! ਹਨੇਰੀ ਸੋਚ ਵਿਚ ਵਾਕਈ ਸੇਵਾ, ਤਿਆਗ ਦੀ ਰੌਸ਼ਨੀ ਚਮਕ ਪਵੇ ਤਾਂ ਸ਼ਾਇਦ ਸੰਸਾਰ ਦਾ ਨਕਸ਼ਾ ਹੀ ਬਦਲ ਜਾਵੇ।

* * *



# ਡੱਬੂ ਸ਼ਾਸਤਰ

ਡੱਬੂ ਸ਼ਬਦ ਆਪਣੇ ਆਪ ਵਿਚ ਵਿਗਿਆਨ ਹੈ। ਕਈਆਂ ਨੂੰ ਭੁਲੇਖਾ ਹੈ ਕਿ ਡੱਬੂ ਤਾਂ ਕੇਵਲ ਡੱਬ ਖੜੱਬੇ ਜਿਹੇ ਕਿਸੇ ਕੁੱਤੇ ਦਾ ਨਾਮ ਹੈ। ਰੰਗ ਕਾਲਾ ਚਿੱਟਾ, ਭੂਰਾ ਚਿੱਟਾ, ਜਾਂ ਇਹੋ ਜਿਹਾ ਕੁਝ ...। ਰੰਗਾਂ ਦੇ ਸੁਮੇਲ ਤੇ ਕੁਮੇਲ ਨਜ਼ਰ ਆਇਆ, ਤੇ ਨਾਮ ਰੱਖ ਦਿੱਤਾ ਡੱਬੂ। ਇਥੇ ਹੀ ਬੱਸ ਨਹੀਂ। ਫ਼ਿਰ ਕਹਾਵਤਾਂ ਵਿਚ ਵੀ ਇਸ ਨੂੰ ਵਰਤ ਲਿਆ। ਅੱਗ ਲਾਈ ਡੱਬੂ ਕੰਧ ਤੇ ! ਪਤਾ ਨਹੀਂ, ਕਿਸੇ ਨੇ ਵਿਚਾਰੇ ਪੂਛਹੀਣ ਡੱਬੂ ਨੂੰ ਅੱਗ ਲਾਉਂਦੇ ਵੇਖਿਆ ਕਿ ਨਹੀਂ ਪਰ ਹਾਂ ਕੰਧ ਤੇ ਛੜੱਪਾ ਮਾਰਦੇ ਵੇਖ ਲਿਆ ਹੋਵੇਗਾ। ਸਾਰੀ ਕਾਰਸਤਾਨੀ ਡੱਬੂ ਦੇ ਗਲ ਮੜ੍ਹ ਦਿੱਤੀ। ਅਖੇ ਜੀ ਡੱਬੂ ਦਾ ਕੰਮ ਹੀ ਹੈ, ਲੋਕਾਂ ਦੇ ਘਰਾਂ ਵਿਚ ਅੱਗ ਲਾਉਣਾ ਤੇ ਆਪ ਪਾਸੇ ਹੋ ਕੇ ਆਪਣੇ ਹੱਥ ਸੇਕਣਾ।

ਦੁਨੀਆਂ ਦਾ ਕੋਈ ਵੀ ਸ਼ਿਕਾਰੀ ਜਾਂ ਪਾਲਤੂ ਡੱਬੂ ਅੱਗ ਨਹੀਂ ਲਗਾ ਸਕਦਾ। ਡੱਬੂ ਚਾਹੇ ਚੁੱਲ੍ਹੇ ਕੋਲ ਬੈਠ ਲਵੇ, ਫ਼ਿਰ ਵੀ ਚੁੱਲ੍ਹੇ ਰੌਸ਼ਨ ਕਰਨ ਵਾਲੀ ਤੀਲੀ ਦੀ ਰਮਜ਼ ਉਸਦੀ ਸਮਝ ਤੋਂ ਪਰੇ ਹੈ। ਅੱਗ ਲਾਉਣੀ ਤਾਂ ਆਦਿ ਕਾਲ ਤੋਂ ਜਾਂ ਤਾਂ ਡਰੈਗਨ ਨੇ ਸਿੱਖੀ ਜਾਂ ਫ਼ਿਰ ਬੰਦੇ ਨੇ। ਡਰੈਗਨ ਤਾਂ ਹੁਣ ਧੂੰਆਂ, ਲਾਟਾਂ, ਫੂਕਾਂ ਮਾਰ ਕੇ ਦੁਨੀਆਂ ਤੋਂ ਅਲੱਗ ਹੋ ਗਏ ਹਨ। ਉਹ ਹੁਣ ਕਹਾਣੀਆਂ ਵਿਚ, ਤਸਵੀਰਾਂ ਦੇ ਹਾਸ਼ੀਏ ਤੱਕ ਸਿਮਟ ਕੇ ਰਹਿ ਗਏ ਹਨ। ਨਾਲੇ ਡਰੈਗਨ ਤਾਂ ਆਪਣੇ ਸ਼ਿਕਾਰ ਨੂੰ ਡ਼ਰਾਈ ਕਰਨ ਵਾਸਤੇ ਅੱਗ ਵਰ੍ਹਾਉਂਦੇ ਸਨ। ਵਸਦੇ ਘਰਾਂ ਵਿਚ ਅੱਗ ਲਾਉਣ ਦੀ ਜਾਚ ਅੱਜ ਦੇ ਕੰਪਿਊਟਰ ਯੁੱਗ ਵਿਚ ਵੀ ਉਹਨਾਂ ਦੇ ਪੱਲੇ ਨਹੀਂ ਸੀ ਪੈਣ ਵਾਲੀ। ਜੇ ਉਹ ਅਜਿਹਾ ਕਰ ਸਕਦੇ ਤਾਂ ਕਹਾਵਤ ਬਣਨੀ ਸੀ, ਅੱਗ ਲਾਈ, ਡਰੈਗਨ ਹਵਾ ਵਿਚ ! ਛੂ ਮੰਤਰ !

ਇਹ ਇਲਜ਼ਾਮ ਤਾਂ ਆਪਣੇ ਡੱਬੂ ਦੇ ਹਿੱਸੇ ਹੀ ਆਇਆ ਹੈ। ਕੋਈ ਤਾਂ ਕਾਰਨ ਜ਼ਰੂਰ ਹੋਵੇਗਾ। ਆਖਿਰ ਕਿਤੇ ਤਾਂ ਚੰਗਿਆੜੀ ਧੁਖੀ ਹੋਊ। ਡੱਬੂਆਂ ਵਿਚ ਕੁਝ ਭੈੜ ਵੀ ਹਨ। ਇਹ ਭੌਂਕਦੇ ਬਹੁਤ ਹਨ। ਬਹੁਤਾ ਬੋਲਣ ਨੂੰ ਸਿਆਣੇ ਬੰਦੇ ਬੇਵਕੂਫ਼ੀ ਸਮਝਦੇ ਹਨ। ਏਸੇ ਲਈ ਸ਼ਬਦੀ ਜੰਗ ਦੇ ਭਖੇ ਮੈਦਾਨ ਵਿਚ ਲੋਕ ਇਕ ਦੂਜੇ ਨੂੰ ਇਹ ਆਖ ਕੇ ਭੰਡਦੇ ਹਨ, 'ਕਿਉਂ ਕੁੱਤੇ ਵਾਂਗੂੰ ਭੌਂਕੀ ਜਾਨੈਂ, ਕੋਈ ਬੰਦਿਆਂ ਵਾਲੀ ਗੱਲ ਕਰ !' ਜਾਂ ਫ਼ਿਰ ਬੜੇ ਲਾਡ ਨਾਲ ਆਖਣਗੇ, 'ਚੱਲ ਛੱਡ ਯਾਰ, ਬਹੁਤਾ ਭੌਂਕੀਦਾ

ਨਹੀਂ .. !' ਚੁਗਲਖੋਰਾਂ ਨੂੰ ਚੁਗਲੀ ਦੀ ਲਾਇਲਾਜ ਬਿਮਾਰੀ ਇਕ ਘਰ ਤੋਂ ਦੂਜੇ ਘਰ ਲਾਵਾ ਦੂਤੀਆਂ ਲਾਉਣ ਲਈ ਚੁੱਕੀ ਫ਼ਿਰਦੀ ਹੈ। ਅਜਿਹੇ 'ਸਮਾਜ ਸੇਵਕਾਂ' ਦੀ ਭੇਟ ਚੜ੍ਹ ਜਾਂਦੇ ਹਨ ਕਈ ਹੱਸਦੇ ਵਸਦੇ ਵਿਹੜੇ ਅਤੇ ਉੱਗ ਆਉਂਦਾ ਹੈ ਕਈ ਚੁੱਲ੍ਹਿਆਂ ਵਿਚ ਘ਼ੱਬਲ। ਕੰਧਾਂ, ਕੋਠੇ, ਦਰਵਾਜੇ ਲਾਵਾਰਿਸ ਬਣ ਜਾਂਦੇ ਹਨ। ਅੱਗ ਆਪਣੇ ਪਿੱਛੇ ਕੁਝ ਨਹੀਂ ਛੱਡਦੀ ਤੇ ਚੁਗਲ ਦੇ ਚੱਟੇ ਰੁੱਖ ਹਰੇ ਨਹੀਂ ਹੁੰਦੇ। ਕਿੰਨੀ ਹੈਰਾਨੀ ਦੀ ਗੱਲ ਹੈ, ਬਹੁਤਾ ਭੌਂਕਣ ਦੇ ਸੁਭਾਅ ਕਾਰਨ ਡੱਬੂਆਂ ਦੇ ਸਿਰ ਚੁਗਲਾਂ ਦੇ ਇਲਜ਼ਾਮ ! ਕਰੇ ਕੋਈ, ਭਰੇ ਕੋਈ।

ਡੱਬੂ ਵਫ਼ਾਦਾਰੀ ਦਾ ਪ੍ਰਤੀਕ ਹਨ। ਸਾਡੇ ਤੇ ਸੈਂਕੜੇ ਸਾਲ ਰਾਜ ਕਰਨ ਵਾਲੇ ਅੰਗਰੇਜਾਂ ਨੂੰ ਬਹੁਤ ਚੰਗਾ ਜਾਂ ਬਹੁਤ ਮਾੜਾ ਸਮਝਣ ਵਾਲੇ ਲੋਕ ਬੜੇ ਸ਼ੌਕ ਨਾਲ ਆਪਣੇ ਪਾਲਤੂ ਡੱਬੂ ਦੇ ਨਾਮ ਅੰਗਰੇਜ਼ਾਂ ਵਾਲੇ ਰੱਖਦੇ ਹਨ, ਜ਼ਿੰਮੀ, ਜੈਕੀ, ਟੌਮੀ, ਟਿੰਮੀ ....!

ਸਿਆਣੇ ਬੰਦੇ ਕੁੱਤੇ ਨੂੰ ਕੁੱਤਾ ਨਹੀਂ ਆਖਦੇ। ਨਿੱਤ ਦਰਾਂ ਵਿਚ ਬਹਿੰਦੇ ਕੁੱਤੇ ਦਾ ਉਹ ਕੋਈ ਨਾਮ ਰੱਖ ਛੱਡਦੇ ਹਨ। ਕਾਲੇ ਰੰਗ ਦਾ ਹੈ ਤਾਂ ਕਾਲੂ, ਜੱਤ ਵਾਲਾ ਹੱਟਾ ਕੱਟਾ ਹੈ ਤਾਂ ਸ਼ੇਰੂ, ਖੁਰਕ ਵਾਲਾ ਮਰੀਅਲ ਹੈ ਤਾਂ ਭੀਚੀ, ਹੱਡਲ .... ਜਾਂ ਜਿਹੜਾ ਵੀ ਨਾਮ ਸਾਹਮਣੇ ਖਲੋਤੇ, ਪੂਛ ਹਿਲਾ ਰਹੇ ਕੁੱਤੇ ਦੀ ਸ਼ਕਲ ਸੂਰਤ ਵੇਖ ਕੇ ਮਨ ਵਿਚ ਆਵੇ, ਉਹੀ ਨਾਮ ਕੁੱਤੇ ਨੂੰ ਮਿਲ ਜਾਂਦਾ ਹੈ। ਉਸਦੇ ਨਾਮਕਰਨ ਲਈ ਕੋਈ ਉਚੇਚ ਨਹੀਂ ਕੀਤਾ ਜਾਂਦਾ। ਕੁੱਤੇ ਨੂੰ ਵੀ ਆਪਣੇ ਨਾਮ ਨਾਲੋਂ ਕਿਤੇ ਜ਼ਿਆਦਾ ਦਿਲਚਸਪੀ ਬੰਦੇ ਦੇ ਘਰੋਂ ਮਿਲਦੇ ਫ਼ੁਲਕੇ ਤੇ ਫ਼ਿਟਕਾਰਾਂ ਵਿਚ ਹੁੰਦੀ ਹੈ।

ਬੰਦੇ ਨੇ ਆਪਣੀਆਂ ਕਿਤਾਬਾਂ ਵਿਚ ਕੁੱਤੇ ਨੂੰ ਇਕ ਗਾਲ ਵਜੋਂ ਵਰਤਣ ਵਿਚ ਕਾਫ਼ੀ ਲਾਪਰਵਾਹੀ ਦਿਖਾਈ। ਭੈੜੇ ਬੰਦੇ ਨੂੰ 'ਕੁੱਤੇ ਦੀ ਪੂਛ', ਬਹੁਤ ਭੈੜੇ ਨੂੰ ਸਿੱਧਾ ਹੀ 'ਕੁੱਤਾ ਬੰਦਾ', ਜੇ ਕੋਈ ਬਿਗੜੈਲ ਆਪਣੀਆਂ ਹੀ ਗਹੁਬੁਣੀਆਂ ਹਰਕਤਾਂ ਤੋਂ ਬਾਜ ਨਾ ਆਉਂਦਾ ਦਿੱਸੇ ਤਾਂ ਆਖ ਦਿੰਦੇ ਹਨ 'ਕੁੱਤੇ ਦੀ ਪੂਛ ਕਦੇ ਸਿੱਧੀ ਨਹੀਂ ਹੁੰਦੀ, ਚਾਹੇ ਬਾਰਾਂ ਸਾਲ ਨਲਕੀ ਵਿਚ ਰੱਖੋ'। ਹੱਦ ਹੋ ਗਈ, ਮਾੜੀਆਂ ਆਦਤਾਂ ਬੰਦੇ ਦੀਆਂ ਤੇ ਨਿਸ਼ਾਨਾ ਸਾਧ ਲਿਆ ਜਾਂਦਾ ਹੈ ਵਿਚਾਰੇ ਡੱਬੂਆਂ ਤੇ !

ਇਹ ਤਾਂ ਤਕੜੇ ਦਾ ਸੱਤੀਂ ਵੀਹੀਂ ਸੌ ਵਾਲੀ ਗੱਲ ਹੈ। ਬੰਦਾ ਡੱਬੂ ਦੇ ਮੁਕਾਬਲੇ ਹਰ ਪੱਖੋਂ ਤਕੜਾ ਹੈ। ਏਸੇ ਲਈ ਗਾਲ੍ਹਾਂ ਤੋਂ ਲੈ ਕੇ ਗੰਭੀਰ ਇਲਜ਼ਾਮ ਆਸਾਨੀ ਨਾਲ ਵਿਚਾਰੇ ਬੇਜੁਬਾਨ ਡੱਬੂਆਂ ਦੇ ਗਲ ਵਿਚ ਪਟੇ ਵਾਂਗ ਮੜ੍ਹੇ ਜਾ ਸਕਦੇ ਹਨ। ਡੱਬੂ ਫ਼ਿਰ ਵੀ ਬੰਦੇ ਤੋਂ ਚੰਗੇ ਸਲੂਕ ਲਈ ਆਸਵੰਦ ਨਜ਼ਰਾਂ ਨਾਲ ਝਾਕਦੇ ਹੋਏ ਪੂਛਾਂ ਮਾਰਦੇ ਰਹਿੰਦੇ ਹਨ।

ਪਰ ਡੱਬੂਆਂ ਖਿਲਾਫ਼ ਰਚੀਆਂ ਗਈਆਂ ਹੁਣ ਤੱਕ ਦੀਆਂ ਤਮਾਮ ਸਾਜਿਸ਼ਾਂ



ਦੀ ਜੜ੍ਹ ਤਾਂ ਕਿਧਰੇ ਹੋਰ ਹੈ। ਸਾਮ ਦਾਮ ਦੰਡ ਭੇਦ ਦੀ ਬਦਨੀਤੀ ਨਾਲ ਹਰ ਹਾਲਤ ਵਿਚ ਸੱਤਾ ਦੀ ਕੁਰਸੀ ਨਾਲ ਚਿੰਬੜੇ ਰਹਿਣ ਵਾਲੇ ਅਖੌਤੀ ਨੇਤਾ .... ਸ਼ਾਇਦ ਅਸਲ ਡੱਬੂ ਹਨ। ਬੱਸ ਉਹਨਾਂ ਵਿਚ ਕੇਵਲ ਇਕ ਹੀ ਘਾਟ ਹੁੰਦੀ ਹੈ, ਉਹ ਕਦੇ ਵਫ਼ਾਦਾਰ ਨਹੀਂ ਹੁੰਦੇ। ਇਹ ਉਹ ਡੱਬੂ ਹਨ ਜਿਹਨਾਂ ਨੇ ਆਪਣੀਆਂ ਸ਼ਰਮਨਾਕ, ਹੌਲਨਾਕ, ਖ਼ਤਰਨਾਕ ਤੇ ਬੇਬਾਕ ਹਰਕਤਾਂ ਨਾਲ ਦੇਸ਼ ਨੂੰ ਸਦਾ ਸ਼ਰਮਸਾਰ ਕੀਤਾ। ਉਹਨਾਂ ਦੀ ਡਾਇਰੀ ਵਿਚ ਦੇਸ਼ ਦਾ ਅਰਥ ਆਪਣਾ ਟੱਬਰ, ਆਪਣੀ ਜੇਬ ਹੀ ਹੁੰਦਾ ਹੈ।

ਤੇ ਆਮ ਬੰਦਾ ! ਆਪਣੀ ਘਰਵਾਲੀ ਤੋਂ ਦੁਖੀ, ਬੱਚਿਆਂ ਤੋਂ ਪ੍ਰੇਸ਼ਾਨ, ਮਹਿੰਗਾਈ, ਦਫ਼ਤਰ, ਚੋਰ, ਪੁਲਿਸ .. ਹਰ ਇਕ ਤੋਂ ਮਾਯੂਸ। ਉੱਪਰੋਂ ਡੱਬੂ ਲੀਡਰ ਦੇ ਖੁਰਾਫ਼ਾਤੀ ਦਿਮਾਗ ਵਿਚੋਂ ਨਿਕਲਦੇ ਹਾਈ ਵੋਲਟੇਜ਼ ਝਟਕੇ ! ਉਹ ਵਿਚਾਰਾ ਹਰ ਪਾਸਿਓਂ ਹਾਰ ਹੰਭ ਕੇ ਕਿਸੇ ਨਾ ਕਿਸੇ ਨਸ਼ੇ ਦਾ ਸ਼ਿਕਾਰ ਹੋ ਜਾਂਦਾ ਹੈ। ਨਸ਼ਾ ਚਾਹੇ ਧਰਮ ਦਾ ਹੋਵੇ, ਲਾਲ ਪਰੀ ਦਾ ਹੋਵੇ, ਬੰਦੇ ਨੂੰ ਕੇਰਾਂ ਤਾਂ ਬੇਸੁਰਤ ਕਰ ਹੀ ਦਿੰਦਾ ਹੈ। ਕਿਤੇ ਚੈਨ ਨਹੀਂ, ਹਰ ਕੋਈ ਉਸਦੀ ਸ਼ਾਹ ਰਗ ਵੱਢਣ ਲਈ ਛੁਰੇ ਤਿੱਖੇ ਕਰ ਰਿਹਾ ਹੈ। ਉਹ ਕਰੇ ਵੀ ਤਾਂ ਕੀ ? ਜਾਂ ਤਾਂ ਸਾਹਮਣੇ ਬਿੱਲੀ ਵੇਖ ਕੇ ਕਬੂਤਰ ਵਾਂਗ ਅੱਖਾਂ ਮੀਟ ਲਵੇ। ਬਿੱਲੀ ਦੀ ਮਰਜੀ, ਉਸਨੂੰ ਖਾਵੇ ਜਾਂ ਏਨਾ ਆਖ ਕੇ ਅੱਗੇ ਤੁਰ ਜਾਵੇ, 'ਜਾਹ ਪਰੇ ਨਿਕੰਮਿਆ, ਡੁੱਬ ਮਰ, ਤੈਨੂੰ ਖਾਣ ਨਾਲੋਂ ਭੁੱਖੀ ਚੰਗੀ ...!'

ਜਾਂ ਫ਼ਿਰ ਜੁਲਮੋ ਸਿਤਮ ਦੀ ਝੁੱਲਦੀ ਹਨੇਰੀ ਦੇ ਸਾਹਮਣੇ ਹਿੱਕ ਤਾਣ ਕੇ ਖਲੋ ਜਾਵੇ। ਅਨਿਆਂ ਦੇ ਹਨੇਰੇ ਵਿਚ ਆਪ ਇਨਸਾਫ਼ ਦੀ ਲੋਅ ਜਗਾ ਦੇਵੇ। ਬਾਕੀ ਦੇ ਸਾਥੀ ਉਸਨੂੰ 'ਬਾਗੀ' ਆਖਣਗੇ ਜਾਂ 'ਪਾਗਲ'। ਤੇ ਜੇ ਕਿਤੇ ਕਿਸੇ ਤਰ੍ਹਾਂ ਉਹ ਤੇਜ਼ ਹਵਾਵਾਂ ਦਾ ਰੁਖ ਮੋੜਨ ਵਿਚ ਕਾਮਯਾਬ ਹੋ ਗਿਆ ਤਾਂ ਲੋਕ ਉਸਨੂੰ 'ਦੇਵਤਾ' ਬਣਾ ਕੇ ਕਿਸੇ ਚੌਕ ਚੁਰਾਹੇ ਵਿਚ ਉਸਦਾ ਬੁੱਤ ਖੜ੍ਹਾ ਕਰ ਦੇਣਗੇ। ਵਰ੍ਹੇ ਛਿਮਾਹੀ ਆ ਕੇ ਮੱਥਾ ਨੱਕ ਰਗੜ ਛੱਡਿਆ ਕਰਨਗੇ। ਸੱਚ ਹੱਕ ਦਾ ਹਰ ਯੁੱਗ ਵਿਚ ਇਹੋ ਜਿਹਾ ਹੀ ਅੰਜਾਮ ਹੁੰਦਾ ਆਇਆ ਹੈ। ਸਾਹਸੱਤਹੀਣ ਲੋਕ ਤਮਾਸ਼ਬੀਨ ਬਣੇ ਆ ਰਹੇ ਹਨ। 'ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਵਣਗੇ' ਦਾ ਰਾਗ ਅਲਾਪ ਕੇ ਸਾਲ, ਦਹਾਕੇ, ਯੁੱਗ ਲੰਘਦੇ ਆ ਰਹੇ ਹਨ। ਅੱਗੋਂ ਵੀ ਕੁਝ ਵੱਖਰਾ ਹੋਣ ਵਾਲਾ ਨਹੀਂ ਦਿੱਸਦਾ।

ਨਿੰਮ ਦੀ ਫ਼ੱਕੀ ਵਾਂਗ ਕਿੰਨਾ ਕੌੜਾ ਸੱਚ ਹੈ ਕਿ ਜ਼ਮਾਨੇ ਵਰਗੇ ਬਣੇ ਰਹੋ ਜਾਂ ਫ਼ਿਰ ਜ਼ਮਾਨੇ ਨੂੰ ਆਪਣੇ ਵਰਗਾ ਬਣਾ ਲਓ ! ਤੀਜਾ ਕੋਈ ਤਰੀਕਾ ਨਹੀਂ। ਜੇ ਅਜੇ ਵੀ ਪੱਲੇ ਨਹੀਂ ਪਿਆ ਤਾਂ ਕਿਸੇ ਡੱਬੂ ਦੀ ਜ਼ਿੰਦਗੀ ਦਾ ਕੋਈ ਪੰਨਾ ਫ਼ਰੋਲ ਲਿਓ।

* * *

# ਨਹੀਂ ਰੀਸਾਂ ਡੀ. ਜੇ. ਦੀਆਂ

ਡੀ. ਜੇ. ਦੀ ਧੱਫ ਧੱਫ ਉੱਤੇ ਨੱਚਦੀਆਂ ਅਧਨੰਗੀਆਂ ਕੁੜੀਆਂ ਉੱਤੇ ਲੱਟੂ ਹੋ ਹੋ ਜਾਂਦੇ ਬੁੜ੍ਹੇ ਤੇ ਕੱਲ੍ਹ ਦੇ ਛੋਕਰੂ ਵੇਖ ਕੇ ਲੱਗਦਾ ਹੈ ਕਿ ਯਾਰ ਆਹ ਤਾਂ ਸ਼ਾਇਦ ਕੋਈ ਹੋਰ ਈ ਸ਼ਹਿਰ 'ਚ ਆ ਵੜੇ। 'ਰੰਨ ਬੋਤਲ ਵਰਗੀ' ਗਾਣੇ ਦੇ ਸ਼ੁਰੂ ਹੁੰਦਿਆਂ ਹੀ ਦਾਦਾ, ਪੋਤੇ, ਪੋਤੀਆਂ, ਨੂੰਹਾਂ, ਬੁੜ੍ਹੀਆਂ ਸਭ ਨੂੰ ਪਤਾ ਨਹੀਂ ਕੀ ਜਿੰਨ ਚੜ੍ਹ ਜਾਂਦਾ ਹੈ। ਊਂਠ ਤੇ ਕੁੱਦਦੀਆਂ ਬੋਰੀਆਂ ਬੋਰਿਆਂ ਵਾਂਗੂੰ ਸਾਹੋ ਸਾਹ ਹੋ ਕੇ ਰੋਹੀ 'ਚ ਵਿਲਕਦੇ ਗਿੱਦੜ ਵਰਗੀਆਂ ਚੀਕਾਂ ਮਾਰਦੇ ਟਪੂਸੀਆਂ ਮਾਰਨਗੇ। ਫ਼ਿਰ ਅੰਗਰੇਜ਼ੀ ਤੁਕਬੰਦੀ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ ... ਬ੍ਰਾਜ਼ੀਲ!! ... ਓ ਏ ਆ ਏ ਓ ਏ ਡਮ ਡਮ ਡਮ ਡਮ ... ਸਭ ਇਕੋ ਗਤੀ ਨਾਲ ਬਾਹਾਂ ਚੱਕ ਕੇ ਟੱਪਣ ਲਗਦੇ ਹਨ ਜਿਵੇਂ ਕੈਪਟਨ ਜਾਂ ਬਾਦਲ ਨੇ ਆਪਣੀ ਕਿਸੇ ਮਹਿੰਗੀ ਰੈਲੀ 'ਚ ਕੱਠੇ ਕੀਤੇ ਅਖੌਤੀ ਹਮੈਤੀਆਂ ਦੀਆਂ ਬਾਹਾਂ ਚਕਾਈਆਂ ਹੋਣ। 'ਇਕ ਪੈੱਗ ਹੋਰ ਯਾਰਾ ਇਕ ਪੈੱਗ ਹੋਰ ....' ਧੰਨ ਇਹੋ ਜਿਹਾ ਕਚੜਾ ਲਿਖਣ ਵਾਲੇ, ਧੰਨ ਗਾਉਣ ਵਾਲੇ ਤੇ ਉਸ ਤੋਂ ਵੀ ਧੰਨ ਸੁਣਨ ਵਾਲੇ ... ਬੁਰਰਰਰਰਾਅ .... ਚੱਕ ਲੌ ... ਔਹ ਲੁਕੀ ਫ਼ਿਰਦੀ ਹੈ ਆਪਣੀ ਪੰਜਾਬੀ ਜ਼ੁਬਾਨ। ਦੇਖਿਓ ਕਿਤੇ ਕਸਰ ਰਹਿ ਨਾ ਜਾਵੇ ਰੂੜੀ ਤੇ ਢੇਰ ਲਾਉਣ ਦੀ!

ਡੀ. ਜੇ., ਯਾਨੀ ਡਿਸਕ ਜਾਕੀ ਦਾ ਕੰਮ ਹੈ ਨੱਚਣ ਟੱਪਣ ਵਾਲਿਆਂ ਦੀ ਫ਼ਰਮਾਇਸ਼ ਪੂਰਾ ਕਰਨਾ। ਪਰ ਮੈਰਿਜ ਪੈਲਸਾਂ ਵਿਚ ਡੀ. ਜੇ. ਦਾ ਸਾਰਾ ਜ਼ੋਰ ਆਵਾਜ਼ ਤੇ ਲੱਗ ਜਾਂਦਾ ਹੈ ਤੇ ਉਹ ਬੜੀ ਸਫ਼ਾਈ ਨਾਲ ਏਨੀ ਆਵਾਜ਼ ਛੱਡ ਦਿੰਦੇ ਹਨ ਕਿ ਮਹਿਮਾਨ ਸੋਚਦੇ ਨੇ ਕਿ ਹੁਣ ਤਾਂ ਜਨਰੇਟਰ ਦੀ ਗੜੈਂ ਗੜੈਂ ਨਾਲ ਵੀ ਨੱਚਿਆ ਜਾ ਸਕਦਾ ਹੈ। ਪਹਿਲਾਂ ਗੱਲ ਹੋਰ ਸੀ। ਡੀ. ਜੇ. ਪਹਿਲਾਂ ਵੀ ਵਿਆਹਾਂ ਤੇ ਇਕੱਠਾਂ ਵਿਚ ਹੁੰਦੇ ਸਨ ਜਿਹਨਾਂ ਨੂੰ ਤਵਿਆਂ ਵਾਲੇ, ਸਪੀਕਰਾਂ ਵਾਲੇ ਆਖ ਲਈਦਾ ਸੀ। ਜਸ਼ਨ ਮੌਕੇ ਸਪੀਕਰ ਵਾਲੇ ਦੀ ਪੂਰੀ ਚੜ੍ਹਾਈ ਹੁੰਦੀ। ਲੋਕ ਚਿਰ ਪਹਿਲਾਂ ਹੀ ਪਿੰਡ ਦੇ ਸਪੀਕਰ ਵਾਲੇ ਨੂੰ ਸਾਈ ਦੇ ਕੇ ਪੱਕਾ ਕਰ ਲੈਂਦੇ। ਹੁਣ ਤਾਂ ਮੈਰਿਜ ਪੈਲਸਾਂ ਨੇ ਜੰਞਘਰ ਪੁਰਾਣੇ ਕਰ ਦਿੱਤੇ ਹਨ। ਉਦੋਂ ਜੰਞ ਆਪਣੇ ਉਤਾਰੇ ਤੋਂ ਬਾਅਦ ਕੋਠੇ ਤੇ ਆਪਣੇ ਖਾਸ ਤੌਰ ਤੇ ਲਿਆਂਦੇ ਸਪੀਕਰਾਂ ਵਾਲੇ ਨੂੰ ਕੰਮ ਤੇ ਲਾ ਦਿੰਦੇ। ਲਾ ਬਈ 'ਲਾ ਹੁਣ ਕੇਰਾਂ ਮਾਣਕ ਦਾ ਰਿਕਾਡ ਧਰ ਦੇ ਕੇਰਾਂ ...'



ਕੱਚੇ ਘਰਾਂ ਦੇ ਤਾਜ਼ੇ ਲਿੱਪੇ ਹੋਏ ਗੋਲ ਮਟੋਲ ਬਨੇਰਿਆਂ ਉੱਤੋਂ ਦੀ ਝੱਗੇ ਝੱਗੀਆਂ ਵਾਲੇ ਜੁਆਕ ਬਰਾਤੀਆਂ ਦੀ ਰੌਣਕ ਵੇਖ ਆਪ ਮੁਹਾਰੇ ਦੰਦੀਆਂ ਕੱਢਦੇ ਰਹਿੰਦੇ। ਲੋਕਾਂ ਦੇ ਘਰਾਂ ਵਿਚ ਸ਼ਾਮ ਸਵੇਰੇ ਹਾਰੇ, ਚੁੱਲ੍ਹਿਆਂ, ਤੰਦੂਰਾਂ ਉਤੇ ਖਾਣ ਪੀਣ ਦੇ ਕੀਤੇ ਜਾ ਰਹੇ ਜੁਗਾੜ ਦੀ ਗਵਾਹੀ ਇਹਨਾਂ ਘਰਾਂ ਵਿਚੋਂ ਨਿਕਲਦਾ ਧੂੰਆਂ ਦਿੰਦਾ। ਪ੍ਰਦੇਸੀਂ ਗਏ ਪਰ ਮੁੜ ਨਾ ਪਰਤਣ ਵਾਲੇ ਟੱਬਰ ਦੇ ਪਿੰਡ ਵਾਲੇ ਚੁੱਲ੍ਹੇ ਵਿਚ ਉੱਗੇ ਖੱਬਲ ਨੂੰ ਵੀ ਆਸ ਹੋ ਜਾਂਦੀ ਕਿ ਏਸ ਰੌਣਕ ਦਾ ਅਸਰ ਸ਼ਾਇਦ ਉਸਦੇ ਵਿਹੜੇ ਤੇ ਵੀ ਹੋਵੇ! ਖੌਰੇ ਸ਼ਾਮ ਰੁੱਖਾਂ ਓਹਲੇ ਸੂਰਜ ਦੇ ਛਿਪਦੇ ਹੀ ਕੋਈ ਪ੍ਰਾਹੁਣਾ ਏਸ ਨਿਰਜਿੰਦ ਵਿਹੜੇ ਦੇ ਭਾਗ ਵੀ ਜਗਾ ਦੇਵੇ। ਪਰ ਵਿਆਹ ਦੇ ਢੋਲ ਢਮੱਕੇ, ਵਾਜੇ ਗਾਜੇ, ਬਨੇਰੇ ਤੇ ਖੜਕਦੇ ਸਪੀਕਰਾਂ ਵਿਚ ਗੂੰਜਦੇ ਢਾਡੀ ਅਮਰ ਸਿੰਘ ਸ਼ੌਂਕੀ ਦੇ ਬੋਲ, ਮਾਣਕ ਦੀਆਂ ਕਲੀਆਂ, ਛਿੰਦੇ ਦੇ ਅਖਾੜੇ, ਮਾਈ ਮੋਹਣੋ ਪੋਸਤੀ ਦੇ ਲਤੀਫ਼ੇ, ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ ਦੁਗਾਣੇ, ਦੀਦਾਰ ਸੰਧੂ ਦੀ ਘੱਗਰੇ ਦੀ ਲੌਣ, ਮਸਤਾਨੇ ਦੀ ਮਸਤੀ, ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੀ ਸੁਰ, ਨਰਿੰਦਰ ਬੀਬਾ, ਗੁਰਮੀਤ ਬਾਵਾ ਵਰਗੇ ਅਲੋਕਾਰ ਕਲਾਕਾਰਾਂ ਦੀ ਕਲਾ ਦਾ ਜਾਦੂ ਸਾਰੇ ਪਿੰਡ ਨੂੰ ਵਿਸਮਾਦ ਜਿਹੇ ਦੀ ਲੋਰ ਵਿਚ ਖੀਵਾ ਕਰੀ ਰੱਖਦਾ। ਖੁਸ਼ੀ ਦਾ ਰੰਗ ਪਿੰਡ ਦੀਆਂ ਗਲੀਆਂ ਵਿਚ ਕਈ ਦਿਨ ਤੱਕ ਝਲਕਦਾ।

ਹੁਣ ਤਾਂ ਲੋਕ ਵਿਆਹ ਵੀ ਆਪਣੇ ਘਰ ਨਹੀਂ ਕਰਦੇ, ਪੈਲਸਾਂ ਵਿਚੋਂ ਹੀ ਧੀ ਤੋਰ ਦਿੰਦੇ ਹਨ। ਵਿਚਾਰੇ ਬਰਾਤੀਆਂ ਨੂੰ ਸਾਰੀ ਉਮਰ ਕੁੜੀ ਵਾਲਿਆਂ ਦੇ ਅਸਲ ਘਰ ਨੂੰ ਜਾਂਦਾ ਰਾਹ ਨਹੀਂ ਲੱਭਦਾ। ਵਿਆਹ ਵਾਲੇ ਦਿਨ ਕੁੜੀ ਵਾਲਿਆਂ ਦੇ ਆਪਣੇ ਘਰ ਕੇਵਲ ਭਾਂਡੇ ਧੋਣ ਵਾਲੀਆਂ ਜਾਂ ਸਾਫ਼ ਸਫ਼ਾਈ ਵਾਲੀਆਂ ਬੀਬੀਆਂ ਹੀ ਮਿਲਦੀਆਂ ਹਨ ਅਤੇ ਕਿਤੇ ਕਿਤੇ ਤਾਂ ਤਾਲੇ ਵੀ ਲੱਗੇ ਹੁੰਦੇ ਹਨ। ਗਵਾਂਢੀਆਂ ਨੂੰ ਵੀ ਖ਼ਬਰ ਨਹੀਂ ਹੁੰਦੀ ਕਿ ਮੁਹੱਲੇ ਵਿਚ ਕੋਈ ਵਿਆਹ ਹੋ ਰਿਹਾ ਹੈ। ਹਾਂ, ਜੀ. ਟੀ. ਰੋਡ ਦੇ ਕੰਢੇ ਪੈਲਸ ਦੇ ਬਾਹਰ ਮੁੰਡੇ ਵਾਲਿਆਂ ਨਾਲ ਆਈਆਂ ਅਣਗਿਣਤ ਕਾਰਾਂ ਕਿਸੇ ਟੈਕਸੀ ਸਟੈਂਡ ਜਾਂ ਨਗਰ ਕੀਰਤਨ ਦਾ ਭੁਲੇਖਾ ਹੀ ਪਾਉਂਦੀਆਂ ਹਨ। ਪੈਲਸ ਅੰਦਰ ਡੀ. ਜੇ. ਵਾਲੇ ਦਾਰੂ ਦੀ ਲੋਰ ਵਿਚ ਝੂਮਦੇ ਬਰਾਤੀਆਂ ਦੀ ਫ਼ਰਮਾਇਸ਼ ਪੂਰੀ ਕਰਦੇ ਹਨ। 'ਰੰਨ ਬੋਤਲ ਵਰਗੀ' ਉਤੇ ਨੂੰਹ, ਸਹੁਰਾ, ਨਣਦ, ਭਰਜਾਈ, ਭੂਆ, ਭਤੀਜੀ, ਮਾਮੇ, ਮਾਸੜ ਜਾਂ ਦੂਜੇ ਸ਼ਬਦਾਂ ਵਿਚ ਸਾਰੇ ਅੰਕਲ ਤੇ ਆਂਟੀਆਂ ਖ਼ੂਬ ਨੱਚਣ ਦਾ 'ਨਾਕਾਮ' ਯਤਨ ਕਰਦੇ ਹਨ।

ਚਲੋ ਆਪਾਂ ਕੀ ਲੈਣਾ ਹੈ! ਇਹ ਤਾਂ ਨਵਾਂ ਜ਼ਮਾਨਾ ਹੈ। ਅੱਜ ਅਸੀਂ ਨਿਰੇ ਬਨੇਰਿਆਂ ਤੋਂ ਸਪੀਕਰ ਹੀ ਨਹੀਂ ਬਦਲੇ, ਸਗੋਂ ਹਰ ਰਸਮ ਨੂੰ ਹੀ ਰਸਮੀ ਬਣਾ ਦਿੱਤਾ ਹੈ। ਨਹੀਂ ਰੀਸਾਂ ਬਈ ਡੀ. ਜੇ. ਦੀਆਂ!

## ਕੀ ਹਾਲ ਹੈ ਭਾਅ ਜੀ !

ਰਾਹ ਚਲਦੇ ਕਈ ਵਾਰੀ ਲੋਕ ਪੁੱਛ ਲੈਂਦੇ ਹਨ, 'ਹੋਰ ਭਾਅ ਜੀ, ਕੀ ਹਾਲ ਹੈ ?' ਇਹ ਇਕ ਰਸਮ ਹੈ। ਜਿਸ ਦਾ ਜਵਾਬ ਇਕੋ ਹੀ ਹੁੰਦਾ ਹੈ। 'ਠੀਕ ਹੈ, ਤੁਸੀਂ ਆਪਣਾ ਸੁਣਾਓ।' ਨਾ ਪੁੱਛਣ ਵਾਲਾ ਦਿਲੋਂ ਪੁੱਛਦਾ ਹੈ ਤੇ ਨਾ ਦੱਸਣ ਵਾਲਾ ਦਿਲੋਂ ਸੱਚ ਦੱਸਦਾ ਹੈ। ਪਤਾ ਨਹੀਂ ਕਿਉਂ, ਸੱਚ ਦੁਨੀਆਂ ਦੀ ਬਹੁਤੀ ਅਬਾਦੀ ਨੂੰ ਹਜ਼ਮ ਨਹੀਂ ਹੁੰਦਾ। ਹਾਲ ਚਾਲ ਦੱਸਣ ਵੇਲੇ ਵੀ ਨਹੀਂ।

'ਹੱਸਦਿਆਂ ਦੇ ਘਰ ਵਸਦੇ'। ਰੋਣੀ ਸੂਰਤ ਵੇਖ ਕੇ ਬੰਦਾ ਕਿਨਾਰਾ ਕਰਨ ਵਿਚ ਹੀ ਭਲਾਈ ਸਮਝਦਾ ਹੈ। ਅਜੀਬ ਗੱਲ ਹੈ। ਇਸ ਦੁੱਖਾਂ ਦੀ ਮਾਰੀ ਦੁਨੀਆਂ ਬਾਰੇ ਆਖਿਆ ਜਾਂਦਾ ਹੈ ਕਿ ਘਰ ਘਰ ਇਹੋ ਅੱਗ ਹੈ। ਫ਼ਿਰ ਵੀ ਮਿਲਣ ਸਮੇਂ ਹਾਲ ਪੁੱਛਣਾ ਰਸਮ ਹੈ। ਪਤਾ ਵੀ ਹੈ ਕਿ ਜਵਾਬ ਵਿਚ ਕੋਰੇ ਝੂਠ ਦਾ ਟੋਕਰਾ ਆਉਣ ਵਾਲਾ ਹੈ। ਪਰ ਇਸ ਟੋਕਰੇ ਦਾ ਭਾਰ ਚੁੱਕਦਿਆਂ ਇੰਨੀਆਂ ਪੀੜ੍ਹੀਆਂ ਲੰਘ ਗਈਆਂ ਹਨ ਕਿ ਸ਼ਾਇਦ ਇਹੀ ਜ਼ਿੰਦਗੀ ਦਾ 'ਸੱਚ' ਬਣ ਗਿਆ ਹੈ।

ਹਾਂ, ਜੇ ਕੋਈ ਬਹੁਤਾ ਹੀ ਹਮਦਰਦੀ ਵਾਲਾ ਬੰਦਾ ਦਿਲੋਂ ਪੁੱਛ ਲਵੇ ਤਾਂ ਫ਼ਿਰ ਮਾੜੀ ਮੋਟੀ ਵਿੰਗ ਟੇਢ ਤੋਂ ਬਾਅਦ ਦੁੱਖਾਂ ਦੀ ਲੀਰੋ ਲੀਰ ਪੋਟਲੀ ਖੁੱਲ੍ਹਣੀ ਸ਼ੁਰੂ ਜਾਂਦੀ ਹੈ। ਇਕ ਬੰਦਾ ਦੱਸ ਰਿਹਾ ਸੀ ਕਿ ਯਾਰ ਜੇ ਮੈਂ ਆਪਣੇ ਮਨ ਦੀ ਭੜਾਸ ਚਾਰ ਬੰਦਿਆਂ ਕੋਲ ਨਾ ਕੱਢ ਲਵਾਂ, ਤਾਂ ਮੇਰੇ ਢਿੱਡ ਵਿਚ ਪਹਿਲਾਂ ਤਾਂ ਕੁਤਕੁਤਾੜੀਆਂ ਜਿਹੀਆਂ ਨਿਕਲਦੀਆਂ ਰਹਿੰਦੀਆਂ ਹਨ। ਫ਼ਿਰ ਅਚਾਨਕ ਢਿੱਡ ਵਿਚ ਗੈਸ ਬਣਨੀ ਸ਼ੁਰੂ ਜਾਂਦੀ ਹੈ। ਉਸ ਤੋਂ ਬਾਅਦ ਮੇਰੇ ਆਸੇ ਪਾਸੇ 'ਸ਼ੋਰ ਰਹਿਤ' ਪ੍ਰਦੂਸ਼ਨ ਪੈਦਾ ਹੁੰਦਾ ਹੈ, ਜਿਸ ਦਾ ਪਤਾ ਮੈਨੂੰ ਉਦੋਂ ਲਗਦਾ ਹੈ, ਜਦੋਂ ਕੋਲ ਬੈਠੇ ਖਲੋਤੇ ਬੰਦੇ ਮੱਲੋਮੱਲੀ ਆਪਣੇ ਨੱਕ ਰੁਮਾਲਾਂ ਨਾਲ ਢਕਣ ਲਗਦੇ ਹਨ। ਕਹਿੰਦੇ ਹਨ ਕਿ ਢਿੱਡ ਦੀ ਗੈਸ ਜੇ ਦਿਮਾਗ ਨੂੰ ਚੜ੍ਹ ਜਾਵੇ ਤਾਂ ਕਈ ਪੰਗੇ ਖੜ੍ਹੇ ਹੋ ਸਕਦੇ ਹਨ। ਇਸ ਲਈ ਮਾੜੇ ਕਵੀ ਵਾਂਗ ਮੈਂ ਆਪਣੀ ਗੱਲ ਸੁਣਾਉਣ ਲਈ ਆਥਣ ਤੱਕ ਕੋਈ ਨਾ ਕੋਈ ਸੱਜਣ ਬੇਲੀ ਲੱਭ ਹੀ ਲੈਂਦਾ ਹਾਂ। ਵਾਤਾਵਰਨ ਜੁ ਸਾਫ਼ ਸੁਥਰਾ ਰੱਖਣਾ ਹੁੰਦਾ ਹੈ।

ਹਾਲ ਚਾਲ ਦਰੁਸਤ ਹੋਣਾ ਕਿਹੜਾ ਜੁਆਕਾਂ ਦੀ ਖੇਡ ਹੈ। ਹਰ ਪਾਸੇ ਮਿਲਾਵਟ, ਰਿਸ਼ਵਤਖੋਰੀ ਹੈ। ਉਤੋਂ ਖ਼ੁਰਾਕ ਵੀ ਦੁੱਧ ਮੱਖਣਾਂ ਦੀ ਥਾਂ ਚਾਹ ਦੀ ਸੜੀ ਬਲੀ



ਪਿਆਲੀ ਤੱਕ ਸਿਮਟ ਗਈ ਹੈ। ਲੋਕਾਂ ਦਾ ਮਿਜ਼ਾਜ ਚਾਹ ਦੀ ਗਲਤੀ ਨਾਲ ਸੜ ਗਈ ਪਤੀਲੀ ਵਰਗੇ ਹੋ ਗਏ ਹਨ। ਮੱਥੇ ਤਿਉੜੀਆਂ, ਅੱਗ ਉਗਲਦੇ ਵਿਚਾਰ, ਉਲਾਂਭੇ, ਮਿਹਣੇ, ਦਿਲਾਂ ਦੇ ਸੁੰਗੜਦੇ ਵਿਹੜੇ ਵਿਚ ਦਮ ਤੋੜ ਰਹੀ ਮੁਹੱਬਤ ਦੇ ਗੁਲਾਬ। ਕਸੂਰ ਕਿਸਦਾ ਹੈ, ਚਾਹ ਦਾ ? ਸੇਬ ਦਾ ਜਾਂ ਛੁਰੀ ਦਾ ? ਹਰ ਚੀਜ਼ ਦੀ ਅੱਤ ਬੁਰੀ ਹੁੰਦੀ ਹੈ। ਚਾਹ ਨੇ ਸਾਡੀ ਲੱਸੀ ਨੂੰ ਚਾਟੀ ਸਣੇ ਵਕਤ ਦੇ ਧੂੜ ਹੇਠ ਦੱਬ ਦਿੱਤਾ ਹੈ। ਆਪ ਰਸੋਈ ਦੀ ਰਾਣੀ ਬਣ ਗਈ ਹੈ। ਘਰ ਖਾਣ ਨੂੰ ਦਾਣੇ ਹੋਣ ਨਾ ਹੋਣ, ਚਾਹ ਦਾ ਜੁਗਾੜ ਜ਼ਰੂਰ ਹੁੰਦਾ ਹੈ। ਜੇ ਅਸੀਂ ਚਾਹ ਪੀਣ ਉੱਤੇ ਇਸੇ ਤਰ੍ਹਾਂ ਦੱਬ ਦਿੰਦੇ ਰਹੇ ਤਾਂ ਸਾਡਾ ਭਵਿੱਖ ਬੜਾ ਅਜੀਬ ਹੋ ਸਕਦਾ ਹੈ। ਅੱਜ ਹਸਪਤਾਲਾਂ ਵਿਚ ਡਾਕਟਰ ਬਿਮਾਰਾਂ ਨੂੰ ਗੁਲੂਕੋਜ਼ ਚੜ੍ਹਾਉਂਦੇ ਹਨ, ਕੱਲ੍ਹ ਹੋ ਸਕਦਾ ਹੈ ਬੋਤਲਾਂ ਵਿਚ ਗੁਲੂਕੋਜ਼ ਦੀ ਥਾਂ ਵੀ ਚਾਹ ਹੀ ਚੜ੍ਹਾਉਣੀ ਪਵੇ ! ਬਿਮਾਰ ਪੁਰਸੀ ਕਰਨ ਆਏ ਨੂੰ ਮਰੀਜ ਦੇ ਰਿਸ਼ਤੇਦਾਰ ਦੱਸਿਆ ਕਰਨਗੇ, 'ਵੇਖ ਲੋ ਭਾਅ ਜੀ, ਮੁੰਡਾ ਤਾਂ ਜਮ੍ਹਾਂ ਸੂਤਿਆ ਗਿਆ ਸੀ। ਭਲਾ ਹੋਵੇ ਸਿਆਣੇ ਡਾਕਟਰ ਦਾ। ਆਉਂਦਿਆਂ ਨੂੰ ਪਹਿਲਾਂ ਪਾਈਆ ਚਾਹ ਦਾ ਟੀਕਾ ਲਗਾਇਆ, ਫ਼ਿਰ ਵੀ ਗੱਲ ਨਹੀਂ ਬਣੀ ਤਾਂ ਭਾਈ ਮੁੰਡੇ ਨੂੰ ਚਾਹ ਦੀਆਂ ਚਾਲੀ ਬੋਤਲਾਂ ਚੜ੍ਹਾਉਣੀਆਂ ਪਈਆਂ। ਤਾਂ ਜਾ ਕੇ ਮੁੰਡਾ ਮੁੜਕੇ ਪੈਰਾਂ ਤੇ ਆਇਆ ਹੈ। ਹੁਣ ਤਾਂ ਆਪਣੇ ਟੱਬਰ ਨੂੰ ਪਛਾਣਦਾ ਹੈ !'

ਮਿਲਾਵਟੀ ਖੁਰਾਕ ਨੇ ਆਪਣਾ ਰੰਗ ਦਿਖਾ ਦੇਣਾ ਹੈ। ਉਂਜ ਰੰਗ ਤਾਂ ਹੁਣੇ ਹੀ ਵੇਖੇ ਜਾ ਸਕਦੇ ਹਨ। ਬੱਚੇ ਦੁੱਧ ਪੀਣ ਦੀ ਬਜਾਏ, ਬੱਤੇ ਪੀਣੇ ਬਣ ਗਏ ਹਨ। ਜੇ ਕੋਈ ਜ਼ੋਰ ਲਗਾ ਕੇ ਬੱਚਿਆਂ ਨੂੰ ਧੱਕੇ ਨਾਲ ਦੁੱਧ ਪਿਲਾ ਵੀ ਦੇਵੇ, ਤਾਂ ਬੱਚੇ ਬਿਮਾਰ ਹੋ ਜਾਂਦੇ ਹਨ। ਪਤਾ ਨਹੀਂ ਚਿੱਟੇ ਰੰਗ ਨਾਲ ਇੰਨੀ ਬੇਇਨਸਾਫ਼ੀ ਕਿਉਂ ਹੋ ਰਹੀ ਹੈ ? ਦੁੱਧ ਵੀ ਲੋਕ ਯੂਰੀਆ ਘੋਲ ਘੋਲ ਕੇ ਘਰੇਲੂ ਫ਼ੈਕਟਰੀਆਂ ਵਿਚ ਤਿਆਰ ਕਰੀ ਜਾ ਰਹੇ ਹਨ। ਮੱਝਾਂ ਗਊਆਂ ਉਤੇ ਬੇਰੁਜ਼ਗਾਰੀ ਦਾ ਖ਼ਤਰਾ ਮੰਡਰਾ ਰਿਹਾ ਹੈ। ਬਜਾਰ ਵਿਚ ਲੋਹੇ ਦੀਆਂ ਮੱਝਾਂ ਦੁੱਧ ਤਿਆਰ ਕਰ ਰਹੀਆਂ ਹਨ। ਇਸ ਦੁੱਧ ਨਾਲ ਅਸਲੀ ਦੁੱਧ ਵਾਂਗ ਹਰ ਸ਼ੈਅ ਬਣ ਜਾਂਦੀ ਹੈ, ਦਹੀਂ, ਮੱਖਣ, ਦੇਸੀ ਘੀ ....। ਅਸਲੀ ਮੱਝਾਂ ਉਤੇ ਜ਼ਿਆਦਾ ਦੁੱਧ ਦੇਣ ਦਾ ਦਬਾਅ ਇੰਨਾ ਜ਼ਿਆਦਾ ਹੈ ਕਿ ਵਿਚਾਰੀਆਂ ਨੂੰ ਦੁੱਧ ਚੋਣ ਵੇਲੇ ਨਸ਼ੇ ਦੇ ਜ਼ਹਿਰੀਲੇ ਟੀਕੇ ਲਗਾਏ ਜਾਂਦੇ ਹਨ। ਜ਼ਿਆਦਾ ਹਰਾ ਚਾਰਾ ਉਗਾਉਣ ਲਈ ਖੇਤਾਂ ਵਿਚ ਜ਼ਹਿਰੀਲੇ ਕੀਟਨਾਸ਼ਕ ਛਿੜਕੇ ਜਾ ਰਹੇ ਹਨ। ਇਹੀ ਚਾਰਾ ਜੋ ਕੇਵਲ ਵੇਖਣ ਵਿਚ ਹੀ ਹਰਾ ਭਰਾ ਦਿਖਾਈ ਦਿੰਦਾ ਹੈ, ਪਸ਼ੂਆਂ ਨੂੰ ਤਾਂ ਦੁਖੀ ਕਰਦਾ ਹੀ ਹੈ, ਦੁੱਧ ਆਦਿ ਰਾਹੀਂ ਬੰਦਿਆਂ ਦੀਆਂ ਕੁੱਲਾਂ ਵੀ ਡੋਬ ਰਿਹਾ ਹੈ। ਫ਼ੇਰ ਭਾਅ ਜੀ, ਅਸਲੀ ਦੁੱਧ ਕਿਥੋਂ ਲਿਆਈਏ ? ਜ਼ਰਾ ਠਹਿਰੋ ਜਨਾਬ, ਉਹ ਦਿਨ ਦੂਰ

ਨਹੀਂ ਜਦੋਂ ਦੁੱਧ ਦੇ ਕੈਪਸੂਲ ਬਜਾਰ ਵਿਚ ਮਿਲਿਆ ਕਰਨਗੇ। ਚਾਹ ਵਿਚ ਇਕ ਕੈਪਸੂਲ ਅਤੇ ...।

ਚੁੱਲ੍ਹਿਆਂ ਤੇ ਰਿੱਝ ਰਹੀ ਹਰ ਸ਼ੈਅ ਵਿਚ ਜ਼ਹਿਰ ਹੈ। ਲੋਕਾਂ ਦੇ ਜੀਵਨ ਵਿਚ ਇਸ ਜ਼ਹਿਰ ਦਾ ਅਸਰ ਹੋਣਾ ਲਾਜ਼ਮੀ ਹੈ। ਇਹ ਤਾਂ ਬੰਦੇ ਦੇ ਹੱਡਾਂ ਵਿਚ ਰਚ ਜਾਂਦੀ ਹੈ। ਰਿਸ਼ਤਿਆਂ ਵਿਚ ਪਿਆਰ ਦੀ ਥਾਂ 'ਮਤਲਬ' ਦੇ ਕੀਟਾਣੂ ਪਲਦੇ ਹਨ। ਹਰ ਨਾਤਾ ਖੋਖਲਾ ਹੋ ਕੇ ਆਪਣਾ ਅਰਥ ਹੀ ਗੁਆ ਦਿੰਦਾ ਹੈ। ਅੰਦਰੋਂ ਸਭ ਦੁਖੀ ਹਿਰਦੇ ਹਨ। ਚੂਹੇ ਬਿੱਲੀ ਦੀ ਦੌੜ ਦੇ ਇਸ ਯੁੱਗ ਵਿਚ ਅਕਸਰ ਵੱਡੇ ਮਕਾਨਾਂ ਦੀਆਂ ਨੀਹਾਂ ਵਿਚ ਕਈ ਕੁੱਲੀਆਂ ਦਫ਼ਨ ਹੋ ਜਾਂਦੀਆਂ ਹਨ।

ਅਜਿਹੀ ਹਾਲਤ ਵਿਚ ਲੋਕ ਜਦੋਂ ਪੁੱਛਦੇ ਹਨ ਕੀ ਹਾਲ ਐ ਭਾਅ ਜੀ ? ਤਾਂ ਪਹਿਲਾਂ ਹੀ ਇਹ ਜਖ਼ਮਾਂ ਤੇ ਲੂਣ ਛਿੜਕਣ ਵਾਲੀ ਗੱਲ ਲਗਦੀ ਹੈ। ਇਸ ਸਭ ਕਾਸੇ ਦੀ ਸ਼ਿਕਾਇਤ ਵੀ ਕੀਹਦੇ ਕੋਲ ਕਰੀਏ ? ਦਫ਼ਤਰਾਂ ਵਿਚ ਕੋਈ ਵੀ ਕੰਮ ਪੈਸੇ ਲਏ ਦਿੱਤੇ ਬਿਨਾਂ ਸਿਰੇ ਚੜ੍ਹਨੋਂ ਡਰਦਾ ਹੈ। ਆਪਣੇ ਮੁਲਾਜ਼ਮਾਂ ਨੂੰ ਸਰਕਾਰ 'ਫ਼ਾਲਤੂ ਮਾਲ', ਆਪਣੇ ਖਜ਼ਾਨੇ ਤੇ 'ਬੇਕਾਰ ਬੋਝ' ਸਮਝ ਕੇ ਕਈ ਕਈ ਮਹੀਨੇ ਤਨਖਾਹ ਨਹੀਂ ਦਿੰਦੀ। ਹਾਲਤ ਇਹ ਹੈ ਕਿ ਬਿਨਾਂ ਚੜ੍ਹਾਵੇ ਤੋਂ ਰੱਬ ਦੇ ਘਰੋਂ ਵੀ ਭੋਗ ਨਹੀਂ ਮਿਲਦਾ। ਬੇਬਸ ਹੋ ਕੇ ਜੇ ਕੋਈ ਚੀਕ ਪੁਕਾਰ ਕਰੇ, ਤਾਂ ਇਹ ਅਵਾਜ਼ ਤਕੜੇ ਦੀ ਲਾਠੀ ਦੀ ਨੁੱਕਰ ਹੇਠ ਦੱਬੀ ਜਾਂਦੀ ਹੈ। ਲਾਠੀ ਨੇ ਵੀ ਸ਼ੁਰੂ ਤੋਂ ਤਕੜੇ ਦਾ ਹੀ ਸਾਥ ਨਿਭਾਇਆ ਹੈ। ਕਈ ਤਰ੍ਹਾਂ ਦੀ ਮਾਰ ਖਾ ਕੇ ਜੂਨ ਕੱਟ ਰਹੀ, ਕਿਸੇ ਤਰ੍ਹਾਂ ਜੀ ਰਹੀ ਦੁਨੀਆਂ ਦੁਖੀ ਹੋਣ ਦੇ ਬਾਦ ਵੀ 'ਖ਼ੁਸ਼' ਹੈ। ਜਦੋਂ ਕਿਸੇ ਨੂੰ ਹਾਲ ਪੁੱਛੋ ਤਾਂ ਅਗਲਾ ਆਖਦਾ ਹੈ, 'ਬਾਗੋ ਬਾਗ ਹੈ, ਆਪਣਾ ਸੁਣਾ।' ਸਾਨੂੰ ਬੇਬਸੀ ਛੁਪਾ ਕੇ ਮਜ਼ਬੂਰਨ ਕਹਿਣਾ ਪੈਂਦਾ ਹੈ, 'ਅਸੀਂ ਵੀ ਠੀਕ ਹਾਂ ਬਾਈ, ਦਿਨ ਕੱਟੀ ਜਾਂਦੇ ਹਾਂ।'

'ਸੱਚ' ਹਨੇਰੇ ਵਿਚ ਕੁੰਭਕਰਨੀ ਨੀਂਦ ਸੌਂ ਰਿਹਾ ਹੈ। ਉਸਦੇ ਜਾਗਣ ਤੱਕ ਸਾਰੇ 'ਠੀਕ' ਹਨ। ਹਨੇਰਾ ਆਪਣੀ ਕਾਲੀ ਚਾਦਰ ਵਿਚ ਕਈ ਸੱਚ ਲੁਕੋਈ ਬੈਠਾ ਹੈ। ਉਂਜ ਜੇ ਸਾਡੀ ਦੁਨੀਆਂ ਹਨੇਰੇ ਵਿਚ ਵੀ ਚਲ ਰਹੀ ਹੈ ਤਾਂ ਫ਼ਿਰ ਚਾਨਣ ਦੀ ਕਿਸ ਨੂੰ ਪਰਵਾਹ ਹੈ ? ਜੋ ਜਿਵੇਂ ਹੈ, ਚੱਲਣ ਦਿਓ ! ਵੈਸੇ ਤੁਸੀਂ ਸੁਣਾਓ, ਤੁਹਾਡਾ ਕੀ ਹਾਲ ਹੈ ਮਾਲਕੋ ?

* * *



# ਜਦੋਂ ਮੈਂ ਲਾਟਰੀ ਪਾਈ

ਅਮੀਰ ਬਣਨ ਦਾ ਸੁਪਨਾ ਦਿਨ ਦਿਹਾੜੇ ਵੇਖਣ ਵਾਲੇ ਲੋਕਾਂ ਦੇ ਸਿਰ ਤੇ ਕਰੋੜਾਂ, ਅਰਬਾਂ ਰੁਪਏ ਦੇ ਲਾਟਰੀ, ਜੂਆ, ਦੜਾ ਸੱਟਾ ਵਰਗੇ ਵਪਾਰ ਚਲਦੇ ਹਨ। ਸਿਆਣੇ ਆਖ ਗਏ ਹਨ ਕਿ 'ਜੂਏ ਜੇਡ ਵਪਾਰ ਨਹੀਂ ਜੇ ਵਿਚ ਹਾਰ ਨਾ ਹੋਏ'। ਜ਼ਰਾ ਸੋਚੋ, ਦੋ ਰੁਪਏ ਦਾ ਲਾਟਰੀ ਦਾ ਟਿਕਟ ਖਰੀਦਿਆ, ਇਨਾਮ ਦੋ ਲੱਖ ! ਨਿੱਤ ਅਜਿਹੇ ਟਿਕਟ ਖ਼ਰੀਦੋ ਤੇ ਜਿੱਤੀ ਜਾਓ, ਜਿੱਤੀ ਜਾਓ। ਕੋਈ ਮਿਹਨਤ, ਕਾਰਖ਼ਾਨਾ, ਕਾਰੋਬਾਰ ਕਰਨ ਦੀ ਲੋੜ ਨਹੀਂ।

ਕੇਰਾਂ ਆਪਣੇ ਮਨ ਵਿਚ ਵੀ ਆਇਆ ਕਿ ਲਾਟਰੀ ਪਾ ਲੈਣੀ ਚਾਹੀਦੀ ਹੈ। ਕਿਤੇ ਐਂ ਨਾ ਹੋਵੇ ਕਿ ਮਗਰੋਂ ਦਰਗਾਹ ਵਿਚ ਧਰਮਰਾਜ ਪੁੱਛੇ ਓਇ ਬੇਵਕੂਫ਼ਾ ਤੇਰੇ ਲਈ ਏਨਾ ਪੈਸਾ ਲਾਟਰੀਆਂ 'ਚ ਲੁਕੋ ਲੁਕੋ ਰੱਖਿਆ, ਕਮਲਿਆ ਤੂੰ ਟਿਕਟ ਹੀ ਨਹੀਂ ਲਈ ... ! ਕਿਤੇ ਉਂਝ ਹੀ ਮੌਕਾ ਹੱਥੋਂ ਨਾ ਨਿਕਲ ਜਾਏ। ਟੱਬਰ ਵੀ ਸਹਿਮਤ ਸੀ। ਦਸ ਰੁਪਈਏ ਦਾ ਕੀ ਏ, ਖ਼ੌਰੇ ਦਸ ਲੱਖ ਹੀ ਮਿਲ ਜਾਣ !

ਲਾਟਰੀ ਦਾ ਟਿਕਟ ਖਰੀਦਣ ਦਾ ਖਿਆਲ ਆਉਂਦਿਆਂ ਹੀ ਯਕੀਨ ਹੋ ਗਿਆ ਕਿ ਪਹਿਲਾ ਇਨਾਮ ਆਪਣਾ ਹੀ ਹੈ। ਦਸ ਲੱਖ ! ਅਚਾਨਕ ਲੱਗਿਆ ਕਿ ਚਾਰ ਚੁਫ਼ੇਰੇ ਚੋਰ, ਠੱਗ, ਲੁਟੇਰੇ ਸਭ ਦਾ ਧਿਆਨ ਮੇਰੇ ਵੱਲ ਹੋ ਗਿਆ ਹੈ। ਏਨੇ ਨੋਟ ਘਰ ਲਿਆਵਾਂਗੇ ਕਿਵੇਂ ? ਫ਼ਿਰ ਸੋਚਿਆ, 'ਓ ਯਾਰ ! ਪਹਿਲਾਂ ਟਿਕਟ ਤਾਂ ਲਿਆ। ਇਨਾਮ ਨਿਕਲਿਆ ਤਾਂ ਅੱਗੇ ਸੋਚੀਂ।' ਖ਼ੈਰ, ਪੂਰੀ ਸਾਵਧਾਨੀ ਨਾਲ ਦੁਕਾਨ ਤੋਂ ਟਿਕਟ ਖਰੀਦ ਕੇ ਝੱਟ ਕੁੜਤੇ ਦੀ ਜੇਬ 'ਚ ਇਉਂ ਤੁੰਨ ਲਿਆ ਜਿਵੇਂ ਅਮਲੀ ਨੇ ਕੈਮਿਸਟ ਤੋਂ ਲੈ ਕੇ ਕੈਪਸੂਲ ...! ਲਾਟਰੀ ਵਾਲਾ ਵੀ ਉਸ ਵੇਲੇ ਸ਼ੱਕੀ ਜਿਹਾ ਲੱਗਿਆ। ਕਿਤੇ ਇਹੀ ਕਿਸੇ ਚੋਰ ਨੂੰ ਨਾ ਦੱਸ ਦੇਵੇ। ਜਲਦੀ ਨਾਲ ਸਾਈਕਲ ਨੂੰ ਅੱਡੀ ਲਾਈ ਤੇ ਸਿੱਧਾ ਘਰ।

ਘਰ ਆਕੇ ਬੜੀ ਨੀਝ ਨਾਲ ਟਿਕਟ ਨੂੰ ਵੇਖਿਆ। ਉੱਪਰ 'ਪਹਿਲਾ ਇਨਾਮ ਦਸ ਲੱਖ ਰੁਪਏ' ਪੜ੍ਹ ਕੇ ਸਾਰਾ ਟੱਬਰ ਖਿੜ ਗਿਆ। ਬੇਬੇ ਨੇ ਟਿਕਟ ਧੂਫ਼ ਬੱਤੀ ਵਾਲੀ ਸੈਲਫ਼ ਹੇਠਾਂ ਲੁਕੋ ਕੇ ਸਿੱਧਾ ਰੱਬ ਨੂੰ ਕਹਿ ਛੱਡਿਆ ਕਿ ਪਹਿਲਾ ਇਨਾਮ ਹੀ ਕੱਢੀਂ, ਵਿੱਚੋਂ ਇੱਕ ਸੌ ਤੇਰੇ !

ਡਰਾਅ ਦੂਜੇ ਦਿਨ ਹੀ ਨਿਕਲਣਾ ਸੀ। ਪਰ ਰਾਤ ਨੂੰ ਸਾਰੇ ਜੀਅ ਸਕੀਮਾਂ ਲਾਉਂਦੇ ਰਹੇ। ਜੇ ਲਾਟਰੀ ਲੱਗ ਗਈ ਤਾਂ ਸਭ ਤੋਂ ਪਹਿਲਾਂ ਇੱਕ ਕਾਰ ਲਿਆਵਾਂਗੇ, ਵੱਡੀ ਸਾਰੀ।

'ਨਾ ਵੇ ਪੁੱਤ, ਐਵੇਂ ਲੋਕਾਂ ਦੀ ਨਜ਼ਰ ਲੱਗੂ। ਆਪਾਂ ਪਹਿਲਾਂ ਰਹਿਣ ਨੂੰ ਮਕਾਨ ਬਣਾਵਾਂਗੇ, ਕਿੰਨਾ ਚਿਰ ਕਿਰਾਏ ਦੇ ਮਕਾਨਾਂ ਵਿਚ ਧੱਕੇ ਖਾਵਾਂਗੇ।'

'ਜੋ ਮਰਜੀ ਕਰ ਲਿਓ, ਪਰ ਮੈਨੂੰ ਨਵਾਂ ਮੋਟਰਸੈਕਲ ਚਾਹੀਦੈ', ਛੋਟੇ ਨੇ ਸੁਣਾ ਦਿੱਤਾ।

ਅੱਧੀ ਰਾਤ ਤੱਕ ਟੱਬਰ ਦਾ ਬਜਟ ਦਸ ਲੱਖ ਤੋਂ ਵੀ ਕਿਤੇ ਜ਼ਿਆਦਾ ਟੱਪ ਗਿਆ। ਬੇਚੈਨੀ ਨਾਲ ਨੀਂਦ ਵੀ ਨਾ ਆਵੇ। ਜੇ ਨੀਂਦ ਆਈ ਤਾਂ ਸੁਪਨੇ ਵਿਚ ਵੀ ਲਾਟਰੀ, ਨੋਟ, ਕਾਰਾਂ ...!

ਰੱਬ ਰੱਬ ਕਰਦਿਆਂ ਨੂੰ ਦਿਨ ਚੜ੍ਹਿਆ। ਡਰਾਅ ਸੁਣਨ ਵਾਸਤੇ ਤਿਆਰੀ ਵੇਖਣਯੋਗ ਸੀ। ਸਭ ਨੇ ਪਾਠ ਪੂਜਾ ਕੀਤੀ। ਰੱਬ ਨਾਲ ਕੇਰਾਂ ਫ਼ਿਰ ਵਾਅਦੇ ਕੀਤੇ ਗਏ। ਜਦੋਂ ਸਾਈਕਲ ਤੇ ਬੈਠਣ ਲੱਗਾ, ਬੇਬੇ ਕੌਲੀ ਭਰਕੇ ਦਹੀਂ ਦੀ ਲਿਆਈ। ਅਖੇ ਸ਼ਗਨ ਹੁੰਦੈ। ਫ਼ਿਰ ਹੌਲੀ ਜਿਹੀ ਉਸਨੇ ਫੁੱਲਾਂ ਦੀ ਕਢਾਈ ਵਾਲਾ ਨਵਾਂ ਝੋਲਾ ਹੱਥ ਫ਼ੜਾਇਆ। ਮੈਂ ਸਵਾਲੀਆ ਨਜ਼ਰ ਨਾਲ ਤੱਕਿਆ।

'ਨਾ, ਐਨੇ ਨੋਟ ਸਿਰ ਤੇ ਰੱਖ ਕੇ ਲਿਆਏਂਗਾ! ਮਾਇਆ ਪਰਦੇ 'ਚ ਹੋਵੇ ਤਾਂ ਹੀ ਬਰਕਤ ਹੁੰਦੀ ਐ..'

ਥੈਲਾ ਧਿਆਨ ਨਾਲ ਸਾਂਭ ਕੇ ਸਾਈਕਲ ਦੇ ਕੈਰੀਅਰ ਵਿਚ ਰੱਖਿਆ। ਲਾਟਰੀ ਵਾਲੀ ਦੁਕਾਨ ਤੇ ਪੁੱਜਿਆ। ਲਾਟਰੀ ਵਾਲਾ ਵੇਖ ਕੇ ਮੁਸਕੁਰਾਇਆ।

'ਲਿਆਓ ਟਿਕਟ ਦਿਖਾਓ।'

ਮੈਂ ਬੜੀ ਹਿਫ਼ਾਜ਼ਤ ਨਾਲ ਸਾਂਭ ਕੇ ਰੱਖਿਆ ਟਿਕਟ ਉਸਨੂੰ ਸੌਂਪਿਆ ਤੇ ਆਸਵੰਦ ਨਜ਼ਰਾਂ ਨਾਲ ਕਟਿਹਰੇ 'ਚ ਖੜ੍ਹੇ ਮੁਲਜ਼ਮ ਵਾਂਗ ਫ਼ੈਸਲੇ ਦੀ ਉਡੀਕ ਕਰਨ ਲੱਗਾ। ਇੱਕ ਵਾਰ ਫ਼ਿਰ ਸਾਈਕਲ ਦੇ ਕੈਰੀਅਰ ਤੇ ਰੱਖੇ ਥੈਲੇ ਵੱਲ ਧਿਆਨ ਮਾਰਿਆ। ਸਭ ਠੀਕ ਸੀ।

ਪਰ ਲਾਟਰੀ ਵਾਲਾ... ਉਸਨੇ ਬੜੀ ਲਾਪਰਵਾਹੀ ਨਾਲ ਟਿਕਟ ਵੇਖਿਆ ਤੇ ਡਮਰੂ ਵਾਂਗ ਸਿਰ ਹਿਲਾ ਦਿੱਤਾ। ਦਿਲ ਤੇ ਜਿਵੇਂ ਕਿਸੇ ਨੇ ਸਿੱਧੀ ਗੋਲੀ ਮਾਰ ਦਿੱਤੀ ਹੋਵੇ।



'ਹੈ ਨੀ ਭਾਅ ਜੀ ਕੁਝ ਵੀ, ਇੱਕ ਪੈਹਾ ਨਹੀਂ ਨਿਕਲਿਆ .. ਹੀ ਹੀ ਹੀ ! ਚਲੋ ਛੱਡੋ, ਹੋਰ ਟਿਕਟ ਲੈ ਜਾਵੋ।'

ਮੈਨੂੰ ਲੱਗਾ ਕਿ ਹੁਣ ਰੋਣਾ ਨਿਕਲ ਜਾਊ। ਕਾਹਲੀ ਨਾਲ ਸਾਈਕਲ ਤੇ ਅੱਡੀ ਮਾਰੀ ਤੇ ਸਿੱਧੇ ਘਰ ਨੂੰ ਚਾਲੇ ਪਾ ਦਿੱਤੇ। ਪੂਰੇ ਰਾਹ ਲੱਗਦਾ ਰਿਹਾ ਜਿਵੇਂ ਸਾਰੇ ਦੁਕਾਨਦਾਰ, ਰੇਹੜੀਆਂ ਵਾਲੇ, ਰਾਹਗੀਰ ਮੇਰੇ ਵੱਲ ਵੇਖ ਵੇਖ ਹੱਸ ਰਹੇ ਹੋਣ।

'ਔਹ ਜਾਂਦਾ ਹੈ ... ਲਾਟਰੀ ਵਾਲਾ!'

ਉਸ ਦਿਨ ਸਾਈਕਲ ਦੇ ਹਰ ਪੈਡਲ ਨਾਲ ਸਹੁੰ ਖਾਧੀ ਕਿ ਮੁੜ ਕੇ ਕਦੇ ਲਾਟਰੀ ਨਹੀਂ ਪਾਉਣੀ। ਸੁੱਚੀ ਕਿਰਤ ਨਾਲ ਭਾਵੇਂ ਲਾਟਰੀ ਜਿੰਨੇ ਨੋਟ ਨਹੀਂ ਆਉਂਦੇ, ਪਰ ਆਉਂਦੇ ਜ਼ਰੂਰ ਹਨ, ਉਹ ਵੀ ਬਰਕਤ ਨਾਲ।

* * *

# ਪੱਤਰਕਾਰੀ ਦਾ ਕੀੜਾ

ਕੀੜੇ ਕਈ ਤਰ੍ਹਾਂ ਦੇ ਹੁੰਦੇ ਹਨ। ਇਕ ਉਹ ਜੋ ਨਜ਼ਰ ਆਉਂਦੇ ਹਨ ਤੇ ਦੂਜੇ ਉਹ ਜਿਹੜੇ ਨਜ਼ਰ ਨਹੀਂ ਆਉਂਦੇ, ਪਰ ਇਹਨਾਂ ਦਾ ਡੰਗਿਆ ਬੰਦਾ ਸਾਰੀ ਉਮਰ ਪੂਛਲ ਤਾਰੇ ਵਾਂਗੂੰ ਉਡਿਆ ਫਿਰਦਾ ਹੈ। ਵੱਡੀ ਗੱਲ ਇਹ ਕਿ ਇਹ ਦੂਜੀ ਤਰ੍ਹਾਂ ਦੇ ਕੀੜੇ ਕਿਸੇ ਨੂੰ ਆਪ ਨਹੀਂ ਦਿਸਦੇ ਸਗੋਂ ਇਹਨਾਂ ਦੇ ਅਸਰ ਤੋਂ ਹੀ ਸ਼ਿਕਾਰ ਦੀ ਪਛਾਣ ਕੀਤੀ ਜਾ ਸਕਦੀ ਹੈ।

ਹੁਣ ਜੀਹਨੂੰ ਨਾਗ ਇਸ਼ਕ ਦਾ ਲੜੇ ਉਹ ਕਦੇ ਪੰਗੇ ਲੈਣੋਂ ਨਹੀਂ ਟਲ਼ਦਾ ਤੇ ਭੂੰਡ ਵਾਂਗ ਗੋਹੇ ਦੁਆਲੇ ਗੇੜੀਆਂ ਲਾ ਲਾ ਕੇ ਜਾਂ ਤਾਂ ਰੂਹ ਦਾ ਰੰਗ ਸਾੜ ਭੁੰਨ ਕੇ ਪੁੱਠੇ ਤਵੇ ਵਰਗਾ ਕਰ ਲੈਂਦਾ ਹੈ ਤੇ ਜਾਂ ਫਿਰ ਫੁੱਲਾਂ ਦੇ ਭੌਰ ਵਾਂਗੂ ਖੁਸ਼ਬੂ ਬਿਖੇਰਦਾ ਹੈ। ਇਸੇ ਤਰ੍ਹਾਂ ਲਾਲਚੀ ਕੁੱਤੇ ਵਾਂਗ ਲਟਕਦੀ ਜੀਭ, ਮੁਰਗੇ ਵਾਂਗ ਆਕੜੀ ਧੌਣ ਆਦਿ ਅਨੇਕਾਂ ਕੇਸ ਹਨ, ਪਰ ਆਪਾਂ ਇਥੇ ਗੱਲ ਕਰਨੀ ਹੈ ਪੱਤਰਕਾਰੀ ਦੇ ਕੀੜੇ ਦੀ।

ਇਹ ਬੜਾ ਵਿਲੱਖਣ ਹੈ ਤੇ ਜਿਸਨੂੰ ਲੜ ਜਾਵੇ ਉਹ ਨਾ ਘਰ ਦਾ ਰਹਿੰਦਾ ਹੈ ਨਾ ਘਾਟ ਦਾ। ਬਸ 'ਖੁਦ ਨੂੰ ਸੱਤ ਪੱਤਣਾਂ ਦਾ ਤਾਰੂ' ਸਮਝ ਕੇ ਰਾਹ ਚ ਆਉਣ ਵਾਲੀ ਹਰ ਸ਼ੈਅ ਨੂੰ 'ਪ੍ਰੈੱਸ' ਕਰਨ ਅਤੇ ਕਲਮਾਂ ਦੇ ਤੀਰ ਛੱਡਣ ਲਈ ਕਾਹਲ਼ਾ ਰਹਿੰਦਾ ਹੈ।

ਜੇ ਕੋਈ ਕਿਸੇ ਪੰਜਾਬੀ ਅਖ਼ਬਾਰ ਦੇ ਪੱਤਰਕਾਰ ਨੂੰ ਪੁੱਛੇ,' ਭਾਅ ਜੀ ਤੁਹਾਨੂੰ ਤਨਖਾਹ ਕਿੰਨੀ ਮਿਲਦੀ ਹੈ?' ਤਾਂ ਬੰਦਾ ਅੱਗੋਂ ਸਿੱਧੇ ਸ਼ਰਮਿੰਦੇ ਹੋਣ ਦੀ ਥਾਂ ਉਲਟੀ ਨਸੀਹਤਬਾਜ਼ੀ ਤੇ ਉਤਰ ਆਉਂਦਾ ਹੈ ਜਿਵੇਂ,'ਉਹ ਯਾਰ ਗੱਲ ਸੁਣ, ਕਦੇ ਵੀ ਤੀਵੀਂ ਨੂੰ ਉਮਰ, ਮੁਲਾਜ਼ਮ ਨੂੰ ਤਨਖ਼ਾਹ ਤੇ ਪੁਲਸੀਏ ਤੋਂ ਰਾਹ ਨਹੀਂ ਪੁੱਛਣਾ ਚਾਹੀਦਾ।'

ਜਿਵੇਂ ਸ਼ਰਾਧਾਂ ਵਿਚ ਲੋਕ ਖੀਰ ਖਾਣਿਆਂ ਤੋਂ ਡਰਦੇ ਹਨ ਉਸੇ ਤਰ੍ਹਾਂ ਸਪਲੀਮੈਂਟ ਦੇ ਦਿਨਾਂ ਵਿੱਚ ਹਰ ਬੰਦਾ ਪੱਤਰਕਾਰ ਤੋਂ ਭੱਜਦਾ, ਲੁਕਦਾ, ਅੜਦਾ ਅਤੇ ਝੜਦਾ ਹੈ। ਇਹਨਾਂ ਦਿਨਾਂ ਚ ਸਪਲੀਮੈਂਟ ਛਪਣ ਤੋਂ ਬਾਅਦ ਸਭ 'ਠੀਕ' ਹੋ ਜਾਂਦਾ ਹੈ ਤੇ ਪੱਤਰਕਾਰ ਨੂੰ 'ਸਾਸਰੀਕਾਲ' ਬੁਲਾਉਣ ਵਿੱਚ ਕੋਈ ਜੋਖ਼ਮ ਨਹੀਂ ਰਹਿੰਦਾ।



ਸੁਲਝੇ ਹੋਏ 'ਪ੍ਰੈੱਸ' ਵਾਲੇ ਤਾਂ ਆਪਣੀ ਕਲਮ ਬੜੀ ਜ਼ਿੰਮੇਵਾਰੀ ਤੇ ਨਿਰਪੱਖਤਾ ਨਰੋਲ ਕਦਮ ਚਲਾਉਂਦੇ ਹਨ। ਘਰ ਉਲਝੇ ਹੋਏ ਤਾਂ ਨਿਰੀਆਂ ਝੱਲਵਲੱਲੀਆਂ ਤੇ ਉੱਤਰ ਆਉਂਦੇ ਹਨ। ਜਿਥੇ ਪੁਲਿਸ ਨਾਕੇ ਤੇ ਚੈਕਿੰਗ ਤੋਂ ਬਚਣ ਲਈ ਝੱਟ ਆਖਣਗੇ 'ਪ੍ਰੈੱਸ'। ਸੀਟ ਬੈਲਟ, ਹੈਲਮੈਟ, ਨੋ ਪਾਰਕਿੰਗ ਆਦਿ ਨਿਯਮਾਂ ਦੀ ਉਲੰਘਣਾ ਠੀਕ ਪੁਲਿਸ ਵਾਲਿਆਂ ਵਾਂਗ ਹੀ ਕਰਦੇ ਹਨ। ਦੋਹਾਂ ਦੀ ਰਾਸ਼ੀ ਇਕ ਜੁ ਹੈ 'ਪ' ਪੁਲਿਸ ਤੇ 'ਪ' ਪੱਤਰਕਾਰ!

ਇਹ ਵੀ ਬੜੀ ਦਿਲਚਸਪ ਸੱਚਾਈ ਹੈ ਕਿ ਅਖ਼ਬਾਰਾਂ ਦੇ ਪੱਤਰ ਪ੍ਰੇਰਕ ਆਪ ਬੜੇ ਅਜੀਬ ਪਾਠਕ ਹੁੰਦੇ ਹਨ। ਉਹ ਸਵੇਰੇ ਅਖ਼ਬਾਰ ਵੇਖਦਿਆਂ ਹੀ ਉਸਨੂੰ ਫ਼ਰੋਲ ਫ਼ਰੋਲ ਕੇ ਆਪਦੀ ਭੇਜੀ ਖ਼ਬਰ ਹੀ ਲੱਭਦੇ ਹਨ। ਖ਼ਬਰ ਛਪ ਗਈ ਤਾਂ ਚਾਹ ਪੀਣ ਦਾ ਲੁਤਫ਼ ਆ ਜਾਂਦਾ ਹੈ ਪਰ ਜੇ ਨਾ ਛਪੀ ਤਾਂ ਬੇੜਾ ਈ ਗਰਕ! ਆਪਣੇ ਮਨ 'ਚ ਐਡੀਟਰ ਨੂੰ 'ਬਦ ਅਸੀਸਾਂ' ਦੇਣ ਮਗਰੋਂ ਘਰ ਦੇ ਜੀਅ ਜੰਤ ਨੂੰ ਵੱਢੂੰ ਖਾਊਂ ਤੇ ਉਤਾਰੂ ਹੋ ਜਾਂਦੇ ਹਨ। ਓਨਾ ਖ਼ੂਨ ਚਾਹ ਨੇ ਨਹੀਂ ਸੀ ਸਾੜਨਾ ਜਿੰਨਾ ਆਪ ਹੀ ਉਬਾਲੇ ਮਾਰ ਮਾਰ ਕੇ ਸਾੜ ਛੱਡਦੇ ਹਨ। ਕਿਸੇ ਤਰ੍ਹਾਂ ਮੁੜ ਨਵੀਂ ਖ਼ਬਰ, ਸਟੋਰੀ, ਪ੍ਰੈੱਸ ਨੋਟ ਦੇ ਚੱਕਰ ਵਿੱਚ ਮੁੜ 'ਨਾਰਮਲ' ਹੋ ਜਾਂਦੇ ਹਨ।

ਅੱਗੋਂ ਕਈ ਲੋਕ ਆਪਣੀ ਵਡਿਆਈ ਆਪ ਹੀ ਕਰਦੇ ਹੋਏ ਬੜੀ ਟੌਹਰ ਨਾਲ ਲਿਖਦੇ ਸੀ 'ਜਹਾਂ ਨਾ ਪਹੁੰਚੇ ਰਵੀ, ਵਹਾਂ ਪਹੁੰਚੇ ਕਵੀ'। ਭਾਵ ਕਵੀ ਹਰ ਥਾਂ ਪੁੱਜ ਸਕਦਾ ਹੈ ਪਰ ਸੂਰਜ ਨਹੀਂ। ਹੁਣ ਇਹ ਸਥਿਤੀ ਵਖਰੀ ਹੈ। ਹੁਣ ਪੱਤਰਕਾਰ ਹਨ ਜੋ ਕਿਤੇ ਵੀ ਪੁੱਜ ਜਾਂਦੇ ਹਨ। ਖਾਸ ਕਰ ਟੀ.ਵੀ. ਚੈਨਲ ਵਾਲੇ ਮਿੱਤਰ ਬੜੀ ਜ਼ੋਰ ਨਾਲ ਧੁੱਸ ਦੇ ਕੇ 'ਹਰ ਥਾਂ' ਵੜ ਜਾਂਦੇ ਹਨ। ਬੰਦਾ ਹੜ ਚ ਡੁੱਬਿਆ, ਮੋਢਿਆਂ ਤੇ ਨਿਆਣੇ ਚੁੱਕੀ ਔਖਾ ਹੋ ਕੇ ਬਚਣ ਦੀ ਕੋਸ਼ਿਸ਼ ਤੇ ਹੁੰਦਾ ਹੈ ਤੇ ਉਸਦੀ ਕੋਈ ਮਦਦ ਕਰਨ ਦੀ ਬਜਾਏ, ਕਿਸ਼ਤੀ ਦੇ ਵਿਚ ਬੈਠ ਕੇ ਕੈਮਰਾ ਉਹਦੇ ਮੂਹਰੇ ਲਾ ਕੇ ਪੁੱਛਣਗੇ, 'ਦੇਖੀਏ ਹਮ ਨੇ ਬਾੜ੍ਹ ਮੇਂ ਫੰਸੇ ਇਕ ਪ੍ਰੇਸ਼ਾਨ ਵਿਅਕਤੀ ਕੋ ਦੇਖਾ ਹੈ, ਯੇ ਨਜ਼ਾਰਾ ਆਪ ਕੇਵਲ ਹਮਾਰੇ ਚੈਨਲ ਪਰ ਸਬਸੇ ਪਹਿਲੇ ਦੇਖ ਰਹੇ ਹੈਂ, ਹਾਂ ਤੋਂ ਭਾਈ ਸਾਹਿਬ ਜਬ ਬਾੜ੍ਹ ਆਈ ਤੋ ਆਪ ਕੈਸਾ ਮਹਿਸੂਸ ਕਰ ਰਹੇ ਥੇ? ਆਪ ਕੋ ਕਿਆ ਲਗਤਾ ਹੈ ਯੇ ਬਾੜ੍ਹ ਕਬ ਤਕ ਬਨੀ ਰਹੇਗੀ?'

ਅੱਗ, ਤੁਫ਼ਾਨ, ਬਿਪਦਾ, ਬਿਮਾਰੀ, ਦਹਿਸ਼ਤ, ਬਲਾਤਕਾਰ, ਕਤਲ, ਝੂਠ, ਸੱਚ ਸਭ 'ਵਿਕਾਊ' ਹੋ ਗਏ ਹਨ। ਪਿੱਛੇ ਜਿਹੇ ਜਾਪਾਨ ਦੇ ਪ੍ਰਧਾਨ ਮੰਤਰੀ ਨੇ ਇੱਕ ਪੱਤਰਕਾਰ ਦੀ ਮਾਰਕੁੱਟ ਕਰ ਛੱਡੀ ਕਿਉਂਕਿ ਉਹ ਉਨ੍ਹਾਂ ਦੇ ਪਿੱਛੇ ਪਿੱਛੇ ਕੈਮਰਾ ਲੈਕੇ ਟਾਇਲੈੱਟ ਤੱਕ ਪੁੱਜ ਗਿਆ ਸੀ।

ਖ਼ੈਰ, ਹੁਣ ਪੱਤਰਕਾਰਾਂ ਦੀ ਇੱਕ ਨਵੀਂ 'ਜੁੱਤੀਮਾਰ' ਜਮਾਤ ਦੀ ਆਮਦ ਨਾਲ ਦੁਨੀਆਂ ਭਰ ਵਿਚ ਬਹਿਸ ਛਿੜ ਗਈ ਹੈ ਤੇ ਲੋਕਾਂ ਨੂੰ 'ਪ੍ਰੈੱਸ' ਦਾ ਇਹ ਨਵਾਂ ਤਰੀਕਾ ਏਨਾ ਪਸੰਦ ਆਇਆ ਕਿ ਉਹ ਥਾਂ ਥਾਂ ਤੇ ਆਪਣੇ ਮਨਪਸੰਦ ਲੀਡਰਾਂ ਵੱਲ ਚੱਪਲਾਂ, ਬੂਟ ਆਦਿ ਵਗਾਹ ਵਗਾਹ ਕੇ ਮਾਰ ਰਹੇ ਹਨ। ਉਂਝ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸ਼ਬਦਾਂ ਦੀ ਥਾਂ ਹਥਿਆਰਾਂ ਨੇ ਲਈ ਹੈ ਤਾਂ ਸਿੱਟਾ ਵਿਨਾਸ਼ ਹੀ ਹੋਇਆ ਹੈ।

ਅਖ਼ੀਰ 'ਚ, ਹਰ ਕਿੱਤੇ ਵਿੱਚ ਉਸਦੀ ਮਰਿਆਦਾ ਦਾ ਪਾਲਣ ਪਹਿਲੀ ਸ਼ਰਤ ਹੁੰਦਾ ਹੈ। ਇਸ ਦਾ ਉਲੰਘਣ ਕਰਨ ਵਾਲਾ ਆਪ ਤਾਂ ਮਜ਼ਾਕ ਜਾਂ ਨਫ਼ਰਤ ਦਾ ਪਾਤਰ ਬਣਦਾ ਹੀ ਹੈ ਅਤੇ ਆਪਣੀ ਜਮਾਤ ਲਈ ਸ਼ਰਮਿੰਦਗੀ ਦਾ ਕਾਰਨ ਵੀ ਬਣਦਾ ਹੈ।

ਚਲੋ ਜੀ, ਕੀੜੇ ਤਾਂ ਕੀੜੇ ਹੁੰਦੇ ਹਨ, ਬੰਦੇ ਨੂੰ ਕਿਸੇ ਵੀ ਹਾਲਤ ਵਿਚ ਇਨਸਾਨੀਅਤ ਤੋਂ ਨਹੀਂ ਡਿੱਗਣਾ ਚਾਹੀਦਾ, ਨਹੀਂ ਤਾਂ ਉਸਦਾ ਕੀੜਾ ਬਣਨਾ ਵੱਟ ਤੇ ਪਿਆ ਹੈ।

* * *



# ਮਸ਼ੀਨੀ ਗਾਇਕ

ਕੌਣ ਕਹਿੰਦਾ ਹੈ ਗਾਉਣਾ ਹਰੇਕ ਦੇ ਵਸ ਦੀ ਗੱਲ ਨਹੀਂ! ਅੱਜ ਕੱਲ੍ਹ ਮਸ਼ੀਨੀ ਯੁੱਗ ਹੈ। ਹੁਣ ਨਾ ਤਾਂ ਗਾਉਣਾ ਔਖਾ ਹੈ ਤੇ ਨਾ ਹੀ ਅਖਾੜੇ ਲਾਉਣਾ। ਗਾਉਣ ਵੇਲੇ ਕੰਪਿਊਟਰ ਬੰਦੇ ਦੀ ਫ਼ਟੀਚਰ ਆਵਾਜ਼ ਨੂੰ ਵੀ ਸੁਰ ਕਰ ਦਿੰਦੇ ਹਨ। ਅਖਾੜੇ ਲਾਉਣ ਵੇਲੇ ਸੱਚੀਮੁੱਚੀ ਗਾਉਣ ਦਾ ਤਾਂ ਵੈਸੇ ਹੀ ਹੁਣ ਰਿਵਾਜ਼ ਨਹੀਂ। ਬੱਸ ਸੀ. ਡੀ. ਜਾਂ ਟੇਪ ਲਗਾਓ, ਮਾਈਕ ਫ਼ੜੋ ਤੇ ਆਪਣੇ ਹਿੱਟ ਗੀਤ ਨਾਲ ਕੇਵਲ ਮੂੰਹ ਹਿਲਾਣ ਦੀ ਲੋੜ ਹੈ। ਇਹ ਤਾਂ ਉਹੀ ਗੱਲ ਹੈ, ਗਰੀਬਾਂ ਨੂੰ ਖ਼ੈਰਾਤ ਵੰਡੋ ਪਰ ਆਪਣੇ ਖ਼ਜ਼ਾਨੇ ਵਿਚੋਂ ਨਹੀਂ।

ਇਹ ਤਰੀਕਾ ਗਾਇਕੀ ਦੇ ਬਹੁਤੇ ਸ਼ੌਕੀਨਾਂ ਨੂੰ ਬੇਹੱਦ ਪਸੰਦ ਆਇਆ ਹੈ ਤੇ ਰਾਸ ਵੀ। ਗਾਇਕ ਪੂਰੀ ਤਰ੍ਹਾਂ ਮਸ਼ੀਨੀ ਬਣਦੇ ਜਾ ਰਹੇ ਹਨ। ਕੋਈ ਇੱਕਾ ਦੁੱਕਾ ਹੀ ਹੋਣਗੇ, 'ਆਧੁਨਿਕਤਾ' ਦੀ ਇਸ ਹਨੇਰੀ ਤੋਂ ਬਚਣ ਵਾਲੇ। ਪਰ ਮਸ਼ੀਨ ਤਾਂ ਮਸ਼ੀਨ ਹੀ ਹੁੰਦੀ ਹੈ। ਨਾਲੇ ਬਿਗਾਨੇ ਮੋਢੇ ਤੇ ਰੱਖੀਆਂ ਬੰਦੂਕਾਂ ਕਿੰਨਾ ਕੁ ਚਿਰ ਸ਼ਿਕਾਰ ਕਰ ਸਕਦੀਆਂ ਹਨ। ਵਿਦੇਸ਼ਾਂ ਵਿਚ ਤਾਂ ਹੋ ਸਕਦਾ ਹੈ ਕਿ ਬਿਜਲੀ ਚੌਵੀ ਘੰਟੇ ਚਲਦੀ ਰਹੇ ਅਤੇ ਸਟੇਜਾਂ ਦੀਆਂ ਟੇਪਾਂ ਵੀ। ਪਰ ਇੱਧਰ ਬਿਜਲੀ ਦਾ ਭਰੋਸਾ ਕੌਣ ਕਰੇ? ਸੱਭਿਆਚਾਰਕ ਮੇਲਿਆਂ ਦੀ ਸਟੇਜ ਨੂੰ ਚਲਦਾ ਰੱਖਣ ਲਈ ਜਨਰੇਟਰਾਂ ਦੀ ਓਟ ਲਈ ਜਾਂਦੀ ਹੈ। ਵਿਚਾਰੇ ਜਨਰੇਟਰ ਘੰਟਿਆਂ ਬੱਧੀ ਡੀਜ਼ਲ ਫ਼ੂਕਦੇ, ਧੂੰਆਂ ਉਡਾਉਂਦੇ ਅਤੇ ਅਮਲੀ ਦੇ ਲਲਕਾਰਿਆਂ ਵਰਗੀ ਕੰਨਪਾੜਵੀਂ ਆਵਾਜ਼ ਕੱਢਦੇ ਹੋਏ ਨਾਲੇ ਟੇਪਾਂ ਨੂੰ ਚਲਾਉਂਦੇ ਹਨ ਤੇ ਨਾਲ ਗਾਇਕਾਂ ਨੂੰ।

ਫ਼ਿਰ ਵੀ ਮਸ਼ੀਨਾਂ ਵਿਚ ਤਕਨੀਕੀ ਖ਼ਰਾਬੀ ਪੈਣ ਨੂੰ ਕਿਹੜਾ ਚਿਰ ਲੱਗਦਾ ਹੈ। ਕੇਰਾਂ, ਇਕ-ਅੱਧਾ ਧਮਾਕੇਦਾਰ ਗੀਤ ਗਾ ਕੇ, ਰਾਤੋ ਰਾਤ ਚਮਕੇ ਗਾਇਕ ਨੂੰ ਲੋਕਾਂ ਨੇ ਬੜੇ ਚਾਅ ਨਾਲ ਸੱਦਿਆ। ਗਾਇਕ ਦਾ ਜ਼ੋਰਦਾਰ ਸਵਾਗਤ ਹੋਇਆ। ਅਖਾੜਾ ਸ਼ੁਰੂ ਹੋ ਗਿਆ। ਗਾਇਕ ਨੇ ਅਜੇ ਆਪਣੇ ਪਹਿਲੇ ਗੀਤ ਦਾ ਇੱਕ ਮੁਖੜਾ ਤੇ ਅੰਤਰਾ ਹੀ ਗਾਇਆ ਸੀ ਕਿ ਸਾਉਂਡ ਫ਼ੇਲ੍ਹ ਹੋ ਗਈ। ਸਾਉਂਡ ਨਹੀਂ, ਸੀ. ਡੀ. ਰੁਕ ਗਈ। ਸਟੇਜ ਉਤੇ ਬਾਕੀ ਹਰ ਚੀਜ਼ ਠੀਕ ਚੱਲ ਰਹੀ ਸੀ। ਸਪੀਕਰ, ਲਾਈਟਾਂ, ਪੱਖੇ ਪਰ ਗਾਇਕ ਦਾ ਰੰਗ ਉਡ ਗਿਆ। ਉਸਨੂੰ ਉਥੋਂ ਖਿਸਕਣ ਵਿਚ ਹੀ ਲਾਹਾ ਨਜ਼ਰ ਆਇਆ ਤੇ ਇਉਂ ਅਖਾੜਾ ਖਿੱਲਰ ਗਿਆ।

ਕਈ ਵਾਰੀ ਤਾਂ ਅਜਿਹੇ ਮਸ਼ੀਨੀ ਗਾਇਕ ਦਰਸ਼ਕਾਂ ਨੂੰ ਸੱਚੀ-ਮੁੱਚੀ ਗਾਉਣ ਦਾ ਭੁਲੇਖਾ ਪਾਉਣ ਲਈ ਸਟੇਜ ਉਤੇ ਆਪਣਾ ਪੂਰਾ ਆਰਕੈਟਰਾ ਵੀ ਲਗਾ ਦਿੰਦੇ ਹਨ। ਤੇ ਇਹ ਸਾਰੀ ਟੀਮ ਬੜੇ ਨਾਟਕੀ ਢੰਗ ਨਾਲ ਆਪਣੀ ਅਦਾਕਾਰੀ ਦੇ ਜਲਵੇ ਦਿਖਾਉਂਦੀ ਹੈ। ਆਖਰ ਚੋਰ ਤਾਂ ਉਹ ਹੁੰਦਾ ਹੈ ਜੋ ਫੜਿਆ ਜਾਵੇ। ਟੀ. ਵੀ. ਉਤੇ ਅਨੇਕਾਂ 'ਲਾਈਵ' ਸ਼ੋਅ ਚਲਦੇ ਵੇਖੇ ਹਨ। ਅਨੇਕਾਂ ਸੱਭਿਆਚਾਰਕ ਮੇਲੇ ਵੇਖੇ। ਪਚਾਨਵੇਂ ਫ਼ੀਸਦੀ ਗਾਇਕ ਖੁਦ ਗਾਉਣ ਨਾਲੋਂ ਮਗਰ ਟੇਪ ਚਲਾ ਕੇ ਆਪਣਾ ਬੁੱਤਾ ਸਾਰਦੇ ਨਜ਼ਰ ਆਉਂਦੇ ਹਨ। ਬੜਾ ਅਜੀਬ ਨਜ਼ਾਰਾ ਹੁੰਦਾ ਹੈ, ਸ਼ੋਅ 'ਲਾਈਵ' ਤੇ ਗਾਇਕ 'ਡੈੱਡ'! ਭਲਾ ਹੋਵੇ ਇਨ੍ਹਾਂ ਭੰਗੜਾ ਤੇ ਗਿੱਧਾ ਮੰਡਲੀਆਂ ਦਾ ਜੋ ਇਹਨਾਂ ਗਾਇਕਾਂ ਦੀ ਦੁਖਦੀ ਰਗ ਉਤੇ ਆਪਣੀ ਕਲਾ ਨਾਲ ਪਰਦੇ ਪਾ ਦਿੰਦੇ ਹਨ। ਹਾਲਾਂਕਿ ਕਈ ਡਾਂਸਰ ਕੁੜੀਆਂ ਦੇ ਬੇਪਰਦਾ ਨਾਚ ਗਾਇਕਾਂ ਦੀ ਨੰਗ ਮਾਨਸਿਕਤਾ ਤੋਂ ਪਰਦੇ ਚੁੱਕਦੇ ਪ੍ਰਤੀਤ ਹੁੰਦੇ ਹਨ।

ਯਾਦਾਂ ਦੇ ਝੁਰਮੁਟ ਵਿਚ ਖ਼ੁਸ਼ਬੂ ਵੰਡਦੀ ਸਵ. ਸੋਹਣ ਸਿੰਘ ਸੀਤਲ ਦੀ ਇਕ ਯਾਦ ਮਨ ਨੂੰ ਹੁਲਾਰਾ ਦੇ ਜਾਂਦੀ ਹੈ। ਕੇਰਾਂ ਸੀਤਲ ਹੁਰਾਂ ਦੇ ਢਾਡੀ ਜਥੇ ਨੂੰ ਸਥਾਨਿਕ ਗੁਰਦੁਆਰਾ ਸਾਹਿਬ ਵਿਖੇ ਗੁਰਪੁਰਬ ਤੇ ਬੁਲਾਇਆ ਗਿਆ। ਪਹਿਲਾਂ ਦੁਪਹਿਰ ਦਾ ਦੀਵਾਨ ਅਤੇ ਫ਼ਿਰ ਰਾਤ ਦਾ ਦੀਵਾਨ ਸਜਾਇਆ ਗਿਆ। ਸੀਤਲ ਹੁਰਾਂ ਦਾ ਨਾਵਲ 'ਤੂਤਾਂ ਵਾਲਾ ਖੂਹ' ਅਸੀਂ ਦਸਵੀਂ ਦੀ ਪੰਜਾਬੀ ਵਿਚ ਪੜ੍ਹਿਆ ਸੀ। ਉਨ੍ਹਾਂ ਨੂੰ ਗਾਉਂਦਿਆਂ ਵੇਖਣਾ ਇਕ ਸੁਪਨੇ ਵਰਗਾ ਅਨੁਭਵ ਲਗ ਰਿਹਾ ਸੀ। ਰਾਤ ਦਾ ਦੀਵਾਨ ਚਲ ਰਿਹਾ ਸੀ। ਢਾਡੀ ਜਥੇ ਨੂੰ ਸੁਣਨ ਲਈ ਇਲਾਕੇ ਭਰ ਤੋਂ ਲੋਕ ਵੱਡੀ ਸੰਖਿਆ ਵਿਚ ਪੁੱਜੇ ਹੋਏ ਸਨ। ਹਾਲ ਅਤੇ ਬਾਹਰ ਤੰਬੂ ਪੂਰੇ ਭਰੇ ਹੋਏ ਸਨ। ਸੀਤਲ ਹੁਰੀਂ ਆਪਣੇ ਜਥੇ ਨਾਲ ਲੈਕਚਰ ਕਰਦੇ ਸਨ। ਉਹ ਇਕ ਢਾਡੀ ਵਾਰ ਕਹਿਣ ਤੋਂ ਪਹਿਲਾਂ ਬੜੀ ਜੋਸ਼ੀਲੀ ਆਵਾਜ਼ ਵਿਚ ਲੈਕਚਰ ਦੇ ਰਹੇ ਸਨ। ਦੁੱਧ ਚਿੱਟੀ ਦਾਹੜੀ, ਨੀਲੀ ਪੱਗ ਅਤੇ ਹੱਥ ਵਿਚ ਕਿਰਪਾਨ ਫ਼ੜੀ ਉਹ ਕਿਸੇ ਜੰਗੀ ਜਰਨੈਲ ਵਰਗੇ ਲੱਗ ਰਹੇ ਸਨ। ਅਚਾਨਕ ਸਪੀਕਰ ਬੰਦ ਹੋ ਗਏ। ਪ੍ਰਬੰਧਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਸ ਤੋਂ ਪਹਿਲਾਂ ਕਿ ਕੋਈ ਅਫ਼ਰਾਤਫ਼ਰੀ ਮੱਚੇ ਸ. ਸੀਤਲ ਨੇ ਆਪਣਾ ਲੈਕਚਰ ਜਾਰੀ ਰੱਖਦੇ ਹੋਏ ਟੱਲੀ ਵਾਂਗ ਟਣਕਦੀ ਆਵਾਜ਼ ਵਿਚ ਕਿਹਾ, 'ਸਾਧ ਸੰਗਤ ਜੀ, ਅਸੀਂ ਇਸ ਵਿਚੋਲੇ ਸਪੀਕਰ ਦੇ ਮੁਥਾਜ ਨਹੀਂ। ਇਹ ਢੱਮ ਢਮੱਈਆ ਤਾਂ ਹੁਣ ਚੱਲਿਆ ਹੈ। ਜਦੋਂ ਦੇ ਅਸੀਂ ਗਾਉਣ ਲੱਗੇ ਹਾਂ, ਹਜ਼ਾਰਾਂ ਦੇ ਇਕੱਠ ਵਿਚ, ਖੁੱਲ੍ਹੇ ਦੀਵਾਨਾਂ ਵਿਚ ਸਾਨੂੰ ਕਦੇ ਇਸਦੀ ਲੋੜ ਨਹੀਂ ਪਈ। ਪੰਡਾਲ ਵਿਚ ਬੈਠੇ ਆਖਰੀ ਬੰਦੇ ਤੱਕ ਸਾਡੀ ਆਵਾਜ਼ ਪੁਜਦੀ ਰਹੀ ਹੈ ਤੇ ਅੱਜ ਵੀ ਪੁੱਜੇਗੀ। ਇਹ ਗੁਰੂ



ਸਾਹਿਬਾਨ ਦੀ ਬਖ਼ਸ਼ਿਸ਼ ਹੈ ...!' ਇਹ ਆਖ ਕੇ ਉਨ੍ਹਾਂ ਫ਼ਿਰ ਪ੍ਰਸੰਗ ਛੋੜ ਲਿਆ।

ਅਸੀਂ ਟਿਕੀ ਰਾਤ ਵਿਚ ਦੇਰ ਤੱਕ ਢਾਡੀ ਸੋਹਣ ਸਿੰਘ ਸੀਤਲ ਦੀਆਂ ਜੋਸ਼ੀਲੀਆਂ ਵਾਰਾਂ ਦਾ ਆਨੰਦ ਮਾਣਦੇ ਰਹੇ। ਢੱਡਾਂ ਦੀ ਥਾਪ, ਸਾਰੰਗੀ ਦੀਆਂ ਲਿਸ਼ਕਦੀਆਂ ਤਾਰਾਂ ਤੇ ਕਿਸੇ ਸੁਲਝੇ ਹੋਏ ਕਲਾਕਾਰ ਵਾਂਗ ਤਾਰਾਂ ਤੇ ਚਲਦਾ ਗਜ਼, ਢਾਡੀਆਂ ਦੀ ਦਮਦਾਰ ਆਵਾਜ਼ ... ਘੜੀ ਪਲ ਲਈ ਇਉਂ ਲਗਦਾ ਜਿਵੇਂ ਇਹ ਕਿਸੇ ਹੋਰ ਹੀ ਦੁਨੀਆਂ ਦੇ ਅਰਸ਼ੀ ਫਰਿਸ਼ਤੇ ਹੋਣ! ਸਪੀਕਰ ਕਦੋਂ ਮੁੜ ਚੱਲਿਆ, ਕਿਸੇ ਨੂੰ ਪਤਾ ਵੀ ਨਾ ਲੱਗਿਆ। ਵਾਕਈ ਉਹ ਸਟੇਜ ਦੇ ਸ਼ਾਹਸਵਾਰ ਹੀ ਸਨ।

ਕਾਸ਼! ਇਕ ਸਰੋਤੇ ਅਤੇ ਕਲਾਕਾਰ ਵਿਚਲੇ ਸੂਖਮ ਸਬੰਧ ਤੇ ਅਹਿਸਾਸ ਨੂੰ ਅਜੋਕੇ ਮਸ਼ੀਨੀ ਗਾਇਕ ਸਮਝ ਸਕਦੇ।

* * *

# ਕਿੱਸਾ ਡੱਬੂ ਦੀ ਪੂੰਛ ਦਾ

ਡੱਬੂਆਂ ਦੀ ਅਦਾ ਵੀ ਨਿਰਾਲੀ ਹੈ। ਕਈ ਵਾਰ ਇਨ੍ਹਾਂ ਦੀ ਕੋਈ ਅਦਾ ਮਨ ਦੇ ਅਣਜਾਣੇ ਸੰਵੇਗ ਜਗਾ ਜਾਂਦੀ ਹੈ। ਕੱਲ੍ਹ ਸ਼ਾਮੀਂ ਦੀ ਹੀ ਗੱਲ ਲੈ ਲਵੋ... ਸਾਡੀ ਗਲ਼ੀ ਦੇ ਅੱਧੀ ਕੁ ਦਰਜਨ ਵੱਡੇ ਛੋਟੇ ਡੱਬੂਆਂ 'ਚੋਂ ਸਭ ਤੋਂ ਨਿਕੰਮੇ ਅਤੇ ਆਲਸੀ ਡੱਬੂ ਲਈ ਰੋਟੀ ਘਟ ਗਈ ਕਿਉਂਕਿ ਉਹ ਰੋਟੀ ਪਾਉਣ ਵੇਲੇ ਉੱਥੇ ਨਹੀਂ ਸੀ ਤੇ ਜਦੋਂ ਮੈਂ ਰਾਤ ਦੇ ਭੋਜਨ ਤੋਂ ਵਿਹਲਾ ਹੋਣ ਮਗਰੋਂ ਕਾਫ਼ੀ ਚਿਰ ਇਧਰ ਉੱਧਰ ਟਹਿਲ ਕੇ ਵਾਪਸ ਆਪਣੇ ਬੂਹੇ ਅੱਗੇ ਪੁੱਜਾ ਤਾਂ ਉਹ ਡੱਬੂ ਉਬਾਸੀਆਂ ਮਾਰਦਾ ਹੋਇਆ ਸਵਾਲੀਆ ਸ਼ਕਲ ਬਣਾਈ ਆਪਣੀ ਪੂੰਛ ਹਾਰੀ ਹੋਈ ਫ਼ੌਜ ਦੇ ਝੰਡੇ ਵਾਂਗ ਹੌਲ਼ੀ ਹੌਲ਼ੀ ਲਹਿਰਾਉਣ ਲੱਗਾ। ਮੈਂ ਆਖਿਆ, 'ਹੁਣ ਤਾਂ ਕੋਈ ਰੋਟੀ ਨਹੀਂ ਬਚੀ, ਪਹਿਲਾਂ ਕਿੱਥੇ ਰੱਬ ਦੇ ਵਿਆਹ 'ਚ ਬਾਰਾਤੀ ਬਣਿਆ ਘੁੰਮਦਾ ਰਿਹਾਂ ?' ਇਹ ਸੁਣ ਕੇ ਉਸ ਦੀ ਪੂੰਛ ਇੱਕ ਪਲ ਲਈ ਰੁਕੀ ਤੇ ਬੜੇ ਧਿਆਨ ਨਾਲ ਮੇਰੇ ਵੱਲ ਵੇਖਿਆ ਪਰ ਅਗਲੇ ਹੀ ਪਲ ਉਸੇ ਤਰ੍ਹਾਂ ਰਤਾ ਜ਼ੋਰ ਲਾ ਕੇ ਪੂੰਛ ਹਿਲਾਈ। ਜਿਵੇਂ ਕੋਈ ਛੋਟਾ ਬੱਚਾ ਖਿਡੌਣੇ ਲਈ ਜਿੱਦ ਕਰ ਰਿਹਾ ਹੋਵੇ। ਮੈਂ ਪਿੱਛਾ ਛੁਡਾਉਣ ਲਈ ਘਰ ਅੰਦਰੋਂ ਕੁਝ ਬਿਸਕੁਟ ਲਿਆ ਕੇ ਉਹਦੇ ਅੱਗੇ ਰੱਖੇ, ਜੋ ਉਸਨੇ ਝੱਟ ਚਟਮ ਕਰ ਦਿੱਤੇ। ਸੋਚਿਆ ਹੁਣ ਚਲਾ ਜਾਵੇਗਾ ਕਿਉਂਕਿ ਡੱਬੂ ਤਾਂ ਵਿਚਾਰੇ ਦਰਵੇਸ਼ ਹੁੰਦੇ ਨੇ। ਬੜੀ ਸਬਰ ਸਬੂਰੀ ਰੱਖਦੇ ਨੇ, ਮਾਲਕਾਂ ਦੀ ਪੂਰੀ ਖ਼ੈਰ ਮੰਗਦੇ ਨੇ।

ਪਰ ਇਹ ਡੱਬੂ ਕਿਉਂਕਿ ਨਿਰਾਲਾ ਹੈ, ਸੋ ਮੁੜ ਪੂੰਛ ਹਿਲਾਉਂਦਾ ਨੇੜੇ ਆਇਆ, ਉਹੀ ਸਵਾਲੀਆ ਚਿਹਰਾ ... ਜਿਵੇ ਆਖਦਾ ਹੋਵੇ ... 'ਅਜੇ ਢਿੱਡ ਨਹੀਂ ਭਰਿਆ ਬਈ, ਹੁਣ ਕੁਝ ਹੋਰ ਲਿਆ ...' ਮੈਨੂੰ ਆਪਣੇ ਘਰ ਅੰਦਰ ਪਈਆਂ ਖਾਣ ਪੀਣ ਦੀਆਂ ਵਸਤਾਂ ਇੱਕ ਪਲ ਲਈ ਨਜ਼ਰ ਆਈਆਂ। ਦੁੱਧ ਬਚਿਆ ਪਿਆ ਹੈ। ਕੇਵਲ ਇੱਕ ਗਿਲਾਸ ਹੀ ਹੈ, ਸਵੇਰੇ ਚਾਹ ਏਸੇ ਨਾਲ ਬਣਾਉਣੀ ਹੈ। ਫ਼ਰਿੱਜ ਵਿੱਚ ਕੁਝ ਫ਼ਲ ਵਗੈਰਾ ਪਏ ਹਨ, ਜੋ ਇਹਦੇ ਕਿਸੇ ਕੰਮ ਦੇ ਨਹੀਂ। ਬਿਸਕੁਟ ਥੋੜ੍ਹੇ ਹੋਰ ਵੀ ਪਏ ਹਨ ਪਰ ਬਹੁਤਾ ਮਿੱਠਾ ਖਾਣ ਨਾਲ ਕਿਤੇ ਏਹਦੇ ਖੁਰਕ ਹੀ ਨਾ ਪੈ ਜਾਵੇ, ਹੋਰ ਪੁੰਨ ਖੱਟਦੇ ਖੱਟਦੇ ਪਾਪ ਸਿਰ ਚੜ੍ਹਾ ਲਈਏ। ਦਾਲ ਸਬਜ਼ੀ ਵੀ ਇਹ ਨਹੀਂ ਖਾਵੇਗਾ। ਫ਼ੁਲਕੇ ਪਹਿਲਾਂ ਹੀ ਹੋਰ ਡੱਬੂਆਂ ਨੂੰ ਪਾ ਚੁੱਕਾ ਹਾਂ। ਕਿਉਂ ਨਾ ਬਜ਼ਾਰੋਂ ਹੋਟਲ ਤੋਂ ਕੁਝ ਫ਼ੁਲਕੇ ਲਿਆ ਕੇ ਏਹਨੂੰ ਪਾ ਦੇਵਾਂ, ਪਰ ਹੋਟਲ ਕਿਹੜਾ ਨੇੜੇ ਹੈ। ਹੁਣ ਟਾਈਮ ਵੀ ਕਾਫ਼ੀ ਹੋ



ਚੁੱਕਾ ਹੈ। ਐਵੇਂ ਏਸ ਵੇਲੇ ਨਾਕੇ ਅੱਗਿਓਂ ਲੰਘ ਕੇ ਪੁਲਿਸ ਵਾਲਿਆਂ ਨੂੰ 'ਪ੍ਰੇਸ਼ਾਨ' ਕਰਨਾ ਠੀਕ ਨਹੀਂ। ਉਤੋਂ ਸਕੂਟਰ ਦੇ ਕਾਗਜ਼ ਵੀ ਪੂਰੇ ਨਹੀਂ। ਫ਼ੁਲਕੇ ਦੇ ਚੱਕਰ ਵਿੱਚ ਕਿਤੇ ਚਲਾਨ ਹੀ ਭੁਗਤਣਾ ਨਾ ਪੈ ਜਾਵੇ।

ਸੋਚਾਂ ਦੀ ਘੁੰਮਣਘੇਰੀ 'ਚ ਚੱਲ ਰਹੀ ਵਿਚਾਰ ਲੜੀ ਨੂੰ ਨਾਲ ਦੀ ਗਲ਼ੀ ਰਹਿੰਦੇ ਭਗਤੂ ਦੇ ਸਕੂਟਰ ਦੀ ਖਟਾਰਾ ਆਵਾਜ਼ ਨੇ ਭੰਗ ਕਰ ਦਿੱਤਾ।

'ਯਾਰ ਏਧਰ ਕੋਈ ਕਾਲੀ ਗਊ ਤਾਂ ਨੀ ਦੇਖੀ ?'

'ਨਹੀਂ, ਪਰ ਤੁਸੀਂ ਕਦੋਂ ਤੋਂ ਗਊਆਂ ਰੱਖ ਲਈਆਂ ...' ਮੈਂ ਸਹਿਜ ਸੁਭਾਅ ਪੁੱਛਿਆ।

'ਓ ਨਹੀਂ ਬਾਈ, ਸਾਡੇ ਕੋਲ ਟੈਮ ਕਿੱਥੇ ... ਦਰਅਸਲ ਇਹ ਤਾਂ ਆਪਣੇ ਸੁੱਕੇ ਟੋਭੇ ਆਲੇ ਜੋਤਸ਼ੀ ਨੇ ਗ੍ਰਹਿ ਟਾਲ਼ਾ ਕਰਨ ਦਾ ਉਪਾਓ ਕਰਨ ਨੂੰ ਕਿਹੈ, ਹਰ ਮੰਗਲਵਾਰ ਗਊ ਨੂੰ ਫ਼ੁਲਕੇ ਤੇ ਗੁੜ ਰੱਖ ਕੇ ਪਰੋਸ, ਸਵੇਰੇ ਭੁੱਲ ਗਿਆ, ਹੁਣ ਕਿਧਰੇ ਗਊ ਮਾਤਾ ਹੀ ਨਹੀਂ ਲੱਭ ਰਹੀ ... ਆਹ ਦੇਖ ਫ਼ੁਲਕੇ ਡਿੱਗੀ 'ਚ ਪਾਈਂ ਫ਼ਿਰਦੈਂ !'

'ਫ਼ੁਲਕੇ ! ਚੱਲ ਕੋਈ ਨੀਂ ਯਾਰ ਜੇ ਗਊ ਨਹੀਂ ਮਿਲੀ ਤਾਂ ਅੱਜ ਆਹ ਡੱਬੂ ਨੂੰ ਫ਼ੁਲਕੇ ਛਕਾ ਦੇ, ਗੱਲ ਤਾਂ ਇੱਕੋ ਹੈ ...'

ਡੱਬੂ ਨੇ ਵੀ ਸਾਡੇ ਦੋਹਾਂ ਦੀ ਗੱਲਬਾਤ ਗਹੁ ਨਾਲ ਸੁਣਕੇ ਪੂੰਛ ਹਿਲਾਈ, ਨਾਲੇ ਜੀਭ ਸਵਾਰ ਲਈ ... ਪਰ ਭਗਤੂ ਨੂੰ ਇੱਕਦਮ ਰੋਹ ਚੜ੍ਹ ਗਿਆ।

'ਹੱਦ ਕਰਦੈਂ ਯਾਰ ! ਤੈਨੂੰ ਗਊ ਤੇ ਕੁੱਤੇ ਵਿਚ ਕੋਈ ਫ਼ਰਕ ਈ ਨਹੀਂ ਲਗਦਾ, ਕੁੱਤੇ ਪਾਲਣ ਦਾ ਬਹੁਤਾ ਸ਼ੌਂਕ ਐ ਤਾਂ ਰੋਟੀ ਪਾਉਣ ਦਾ ਜੇਰਾ ਵੀ ਰੱਖ ... ਵੈਸੇ ਵੀ ਗਊਆਂ ਦਾ ਕਾਲ਼ ਨੀਂ ਪੈ ਗਿਆ ਸ਼ਹਿਰ 'ਚ। ਮੈਂ ਚੱਲਿਐਂ ਗਊਸ਼ਾਲਾ !'

ਤੇ ਉਹ 'ਕਿੱਕ' ਮਾਰਕੇ ਅਹੁ ਗਿਆ, ਅਹੁ ਗਿਆ। ਮੈਂ ਉਹਦੇ ਸਕੂਟਰ ਦੀ ਲਾਲ ਬੱਤੀ ਹਨੇਰੇ 'ਚ ਅੱਖੋਂ ਓਝਲ ਹੋਣ ਤੱਕ ਵੇਖਦਾ ਰਿਹਾ। ਇੱਕ ਲੰਬਾ ਸਾਹ ਲੈ ਕੇ ਮੈਂ ਡੱਬੂ ਵੱਲ ਵੇਖਿਆ, ਜੋ ਹਾਲੇ ਵੀ ਸਕੂਟਰ ਵੱਲ ਝਾਕ ਰਿਹਾ ਸੀ। ਅਗਲੇ ਹੀ ਪਲ ਉਹ ਮੇਰੇ ਵੱਲ ਇੱਕ ਵਾਰ ਫ਼ਿਰ ਆਸ ਭਰਪੂਰ ਨਜ਼ਰ ਮਾਰ ਕੇ ਭੁੰਜੇ ਬੈਠ ਗਿਆ। ਸੋਚਿਆ ਕਿ ਯਾਰ ਇੱਕ ਦਿਨ ਚਾਹ ਨਹੀਂ ਪੀਵਾਂਗੇ ਤਾਂ ਕੀ ਹੋ ਜੂ, ਨਾਲੇ ਵੈਸੇ ਵੀ ਚਾਹ 'ਚ ਕੈਫ਼ੀਨ ਹੁੰਦੀ ਹੈ, ਜੋ ਸਿਹਤ ਲਈ ਠੀਕ ਨਹੀਂ। ਸੋ, ਏਹਨੂੰ ਸਵੇਰ ਦੀ ਚਾਹ ਲਈ ਰੱਖਿਆ ਦੁੱਧ ਪਾਣੀ ਮਿਲਾ ਕੇ ਪਿਲਾਉਂਦੇ ਹਾਂ, ਇਹ ਵੀ ਕੀ ਯਾਦ ਕਰੇਗਾ। ਕੁਝ ਹੀ ਪਲਾਂ ਦੇ ਬਾਅਦ ਉਹ ਡੱਬੂਆਂ ਲਈ ਰੱਖੇ ਵਿਸ਼ੇਸ਼ ਡੌਂਗੇ ਵਿਚੋਂ 'ਚੱਪ ਚੱਪ' ਕਰਕੇ ਦੁੱਧ ਨੂੰ ਗੇੜਾ ਦੇ ਰਿਹਾ ਸੀ। ਉਸ ਦੀ ਆਪ ਮੁਹਾਰੀ ਖੱਬੇ ਸੱਜੇ ਚੱਲ ਰਹੀ ਪੂੰਛ ਜਿਵੇਂ ਕਹਿ ਰਹੀ ਹੋਵੇ, 'ਸ਼ੁਕਰੀਆ ਦੋਸਤ, ਤੂੰ ਅੱਜ ਰੱਖ ਵਿਖਾਈ।'

# ਵਿਆਹ ਦਾ ਕਾਰਡ

ਘਰ ਕਿਸੇ ਦੇ ਵਿਆਹ ਦਾ ਕਾਰਡ ਭਾਵ ਸੱਦਾ ਪੱਤਰ ਪਿਆ ਵੇਖ ਕੇ ਇੱਕ ਦਿਨ ਪਹਿਲਾਂ ਭੁਗਤੇ ਵਿਆਹ ਦੇ ਸੀਨ ਅੱਖਾਂ ਮੂਹਰੇ ਆ ਖਲੋਤੇ। ਮੁੰਡੇ ਤੇ ਕੁੜੀ ਨੂੰ ਉੱਚੇ ਚਬੂਤਰੇ ਤੇ ਫਿੱਟ ਕੀਤੀਆਂ ਕੁਰਸੀਆਂ ਤੇ ਸਜਾ ਕੇ ਬਿਠਾਇਆ ਗਿਆ ਸੀ, ਜਿਵੇਂ ਮਨਿਆਰੀ ਵਾਲੇ ਦੀ ਦੁਕਾਨ ਵਿਚ ਗੁੱਡੀਆਂ ਪਟੋਲੇ ਚਿਣ ਕੇ ਵੇਚਣ ਲਈ ਰੱਖੇ ਹੁੰਦੇ ਹਨ। ਮੁੰਡੇ ਦੇ ਪਿਓ ਦੀ ਪਛਾਣ ਉਸਦੇ ਕਾਲੇ ਰੰਗ ਦੇ ਹੈਂਡ ਬੈਗ ਤੋਂ ਸੌਖਿਆਂ ਹੀ ਹੋ ਜਾਂਦੀ ਹੈ, ਜਿਸ ਵਿਚ ਉਹ ਸਿਨਮੇ ਦੇ ਗੇਟਕੀਪਰ ਵਾਂਗ ਗੇਟ ਤੇ ਖਲੋ ਕੇ ਕਰੀਬ ਹਰ ਪ੍ਰਾਹੁਣੇ ਤੋਂ 'ਸ਼ਗਨ' ਵਾਲਾ ਲਿਫ਼ਾਫ਼ਾ ਫ਼ੜ ਕੇ ਪਾ ਰਿਹਾ ਸੀ। ਬੈਗ ਦਾ ਢਿੱਡ ਰੱਜੀ ਹੋਈ ਮੱਝ ਵਾਂਗ ਫ਼ੁੱਲ ਰਿਹਾ ਸੀ, ਪਰ ਲਿਫ਼ਾਫ਼ੇ ਲਗਾਤਾਰ ਆਈ ਜਾ ਰਹੇ ਸਨ। ਅਸੀਂ ਵੀ ਆਪਣਾ ਲਿਫ਼ਾਫ਼ਾ ਉਸਨੂੰ ਸੌਂਪਿਆ ਤੇ ਤੰਬੂ ਵਿਚ ਇਉਂ ਵੜੇ ਜਿਵੇਂ ਕੋਈ ਮੇਲੇ ਵਿਚ ਵੜਦਾ ਹੈ।

ਅੰਦਰ ਕਤਾਰਾਂ ਵਿਚ ਲੱਗੀਆਂ ਕੁਰਸੀਆਂ ਤੇ ਪੈਂਟ ਕਮੀਜ਼ਾਂ, ਕੋਟ, ਸੂਟ, ਸਾੜ੍ਹੀ, ਫ਼ਰਾਕ, ਨਿੱਕਰ ਵਾਲੇ ਸਭ ਰੰਗ ਬਰੰਗੇ ਮਹਿਮਾਨ ਸਾਹਮਣੇ ਚਬੂਤਰੇ ਤੇ ਸਜੀ ਬੈਠੀ 'ਨਵੀਂ ਜੋੜੀ' ਵੱਲ ਤੱਕੀ ਜਾ ਰਹੇ ਸਨ। ਡੀ. ਜੇ. ਵਾਲਾ ਸਪੀਕਰਾਂ ਦੇ ਢੇਰ ਪਿਛੇ ਲੁਕ ਕੇ ਏਨੀ ਉੱਚੀ 'ਸੰਗੀਤ' ਦੀ ਵਾਛੜ ਕਰ ਰਿਹਾ ਸੀ ਜਿਵੇਂ ਇਹ ਗੀਤ ਤੰਬੂ ਵਿਚ ਮੌਜੂਦ ਲੋਕਾਂ ਦੀ ਬਜਾਏ ਸ਼ਹਿਰ ਦੀ ਦੂਸਰੀ ਨੁੱਕਰ ਲੁਕੇ ਕਿਸੇ ਬੰਦੇ ਨੂੰ ਸੁਣਾਉਣੇ ਹੋਣ।

ਇਕ ਪਲ ਲਈ 'ਠਾਹ ਠਾਹ' ਦੇ ਰੌਲੇ ਵਿਚ ਇੰਜ ਲੱਗਿਆ ਜਿਵੇਂ ਵਿਆਹ ਨਹੀਂ ਕੋਈ ਜੰਗ ਦਾ ਮੈਦਾਨ ਹੋਵੇ। ਹਰ ਪਾਸੇ ਭਾਰੀ ਬੰਬਾਰੀ ਹੋ ਰਹੀ ਹੈ। ਹਰ ਕੋਈ ਸੋਚ ਰਿਹਾ ਸੀ, 'ਬੱਸ ਇਕ ਵਾਰੀ ਰੋਟੀ ਖੁੱਲ੍ਹ ਜੇ!' ਕਈ ਨਿਆਣੇ ਤੇ ਸਿਆਣੇ ਡੀ. ਜੇ. ਲੈਟਾਂ ਵਾਲੇ ਫ਼ਰਸ਼ ਤੇ ਨਾਚ ਕਲਾ ਦੇ ਨਮੂਨੇ ਦਿਖਾ ਰਹੇ ਸਨ।

ਹੋਰ ਵਿਆਹਾਂ ਪਾਰਟੀਆਂ ਤੇ ਵੀ ਇਹੀ ਸੀਨ ਹੁੰਦਾ ਹੈ। ਪੇਸ਼ੀ ਭੁਗਤਣ ਆਏ ਮੁਜਰਮਾਂ ਵਾਂਗ ਬੈਠੇ ਮਹਿਮਾਨਾਂ ਦੇ ਮੂਹਰੇ ਵੇਟਰ ਇਉਂ ਥਾਲੀਆਂ ਚੁੱਕੀ ਘੁੰਮਦੇ ਹਨ ਜਿਵੇਂ ਗਿੱਲੇ ਗੋਹੇ ਤੇ ਕੁੱਕੜ ਫਿਰਦੇ ਹੋਣ। ਕਈ ਪ੍ਰਾਹੁਣੇ ਤਾਂ ਬੜੀ ਮੜਕ ਨਾਲ ਨੱਕ



ਬੁੱਲ੍ਹ ਚੜ੍ਹਾ ਕੇ ਠੂੰਗੇ ਜਿਹੇ ਮਾਰਦੇ ਹਨ ਪਰ ਕਈ ਏਹਨੂੰ ਲੁੱਟ ਦੇ ਮਾਲ ਵਾਂਗ ਅੱਵਲ ਦਰਜੇ ਦੀ ਭੁੱਖ ਖਿਲਾਰਦੇ ਹਨ। ਵੇਟਰਾਂ ਦੇ ਗੇੜੇ ਮੇਲੇ ਦੇ ਚੰਡੋਲ ਵਾਂਗ ਹੌਲੀ ਹੌਲੀ ਘਟ ਜਾਂਦੇ ਹਨ ਤਾਂ ਮਦਾਰੀ ਦੇ ਰਿੱਛ ਵਾਂਗ ਲੋਕ ਅੱਡੀਆਂ ਚੁੱਕ ਚੁੱਕ 'ਰੋਟੀ' ਵਾਲੇ ਪਾਸੇ ਗਿੱਦੜ ਝਾਤੀਆਂ ਮਾਰਨੀਆਂ ਸ਼ੁਰੂ ਕਰ ਦਿੰਦੇ ਹਨ।

ਪਹਿਲੀ ਪਲੇਟ ਚੁੱਕਣ ਦੀ ਦੇਰ ਹੁੰਦੀ ਹੈ ਕਿ ਬੱਸ ਸੋਫ਼ੀ ਕੀ ਤੇ ਟੱਲੀ ਕੀ, ਲੋਕਾਂ ਦਾ ਵੱਗ ਇਉਂ ਨੱਕੇ ਤੋੜਦਾ ਹੈ ਜਿਵੇਂ ਗਲਤੀ ਨਾਲ ਕਿਸੇ ਨੇ ਭਾਖੜੇ ਵਾਲੇ ਗੇਟ ਚੱਕ ਦਿੱਤੇ ਹੋਣ!

ਹੈਰਾਨੀ ਦੀ ਗੱਲ ਇਹ ਹੈ ਕਿ ਘਰ ਵਿੱਚ ਗਾਵਾਂ, ਮੱਝਾਂ ਤੋਂ ਇਲਾਵਾ ਸ਼ਾਇਦ ਹੀ ਕੋਈ ਖੜ੍ਹੇ ਹੋ ਕੇ ਰੋਟੀ ਖਾਂਦਾ ਹੋਊ, ਪਰ ਵਿਆਹ ਪਾਰਟੀਆਂ ਵਿਚ, ਬੜੀ ਟੌਹਰ ਨਾਲ ਆਖਣਗੇ, 'ਖਾਣਾ ਸਟੈਡਿੰਗ ਹੈ ਜੀ!' ਸ਼ਾਇਦ ਇਹ ਫ਼ੈਸ਼ਨ ਦਾ ਸਿਖਰ ਹੈ।

ਇਸ ਤੋਂ ਬਾਅਦ ਹਰ ਕੋਈ ਇਕ ਦੂਜੇ ਤੋਂ ਪਹਿਲਾਂ ਘਰਾਂ ਨੂੰ ਚਾਲੇ ਪਾ ਦਿੰਦੇ ਹਨ ਤੇ ਅਗਲੀ ਸਵੇਰ ਪਾਰਟੀ ਦੀ ਰਹਿੰਦ ਖੂੰਹਦ ਤੇ ਪਲਾਸਟਿਕ ਦੇ ਗਿਲਾਸ, ਪਲੇਟਾਂ, ਚਮਚਿਆਂ ਆਦਿ ਦਾ ਖਲਾਰਾ 'ਜੰਗ' ਤੋਂ ਬਾਅਦ ਹੋਈ ਤਬਾਹੀ ਦਾ ਦ੍ਰਿਸ਼ ਪੇਸ਼ ਕਰਦਾ ਹੈ।

ਹੁਣ ਇਸ ਕਾਰਡ ਨੂੰ ਵੇਖ ਕੇ ਸੋਚ ਰਿਹਾ ਹਾਂ, ਕਾਸ਼! ਅਗਲੀ ਵਾਰ ਕਿਸੇ ਵਿਆਹ ਤੇ ਦੇਸੀ ਪੰਜਾਬੀ ਵਿਆਹ ਦੀ ਝਲਕ ਮਿਲ ਜਾਵੇ!

* * *

# ਗਰਮੀ ਦੇ ਰੰਗ

ਗਰਮੀ ਬਹੁਤ ਪੈ ਰਹੀ ਹੈ। ਦਿਨ ਵੇਲੇ ਤੱਤੀ ਲੂ ਵਗਣਾ ਆਮ ਗੱਲ ਹੈ। ਇਹ ਸਭ ਛੇਤੀ ਬਦਲਣ ਵਾਲਾ ਨਹੀਂ। ਤਪਿਸ਼ ਭਰੇ ਦਿਨ ਅਜੇ ਬਾਕੀ ਹਨ। ਜੂਨ, ਜੁਲਾਈ ਦੇ ਦਿਨ, ਅੰਬਰ ਤੋਂ ਅੱਗ ਵਰਸਾ ਰਿਹਾ ਸੂਰਜ, ਚਿਲਕਣੀ ਧੁੱਪ ਵਿਚ ਰੁੱਖ ਦੀ ਛਾਂ ਲੱਭਦੀਆਂ, ਪਾਣੀ ਲਈ ਤਰਸਦੀਆਂ ਨਜ਼ਰਾਂ, ਪਿਆਸ, ਪਸੀਨਾ .. ਸਭ ਆਪਣੇ ਜੋਬਨ ਤੇ ਪੁੱਜ ਰਹੇ ਹਨ।

ਸ਼ੁਕਰ ਹੈ, ਕੁਝ ਵੀ ਸਦੀਵੀ ਨਹੀਂ ਹੁੰਦਾ। ਗਰਮੀ ਦਾ ਮੌਸਮ ਉਂਝ ਮੈਨੂੰ ਚੰਗਾ ਲਗਦਾ ਹੈ। ਕਾਸ਼, ਪਸੀਨੇ ਦੇ ਨਾਲ ਬੰਦੇ ਦੇ ਅੰਦਰੋਂ ਅਸੀਮ ਲਾਲਸਾਵਾਂ, ਵਿਕਾਰਾਂ ਦੀ ਮੈਲ ਵੀ ਨੁੱਚੜ ਸਕਦੀ। ਪਤਾ ਨਹੀਂ ਇਹ ਰੂੜੀ ਮਨ ਦੇ ਕਿਹੜੇ ਖੂੰਜੇ ਆਖਰੀ ਸਾਹ ਤੱਕ ਬਦਬੂ ਛੱਡਦੀ ਰਹਿੰਦੀ ਹੈ। ਰੱਬ ਨੇ ਮਨੁੱਖ ਦੇ ਮਨ ਦਾ ਵਿਹੜਾ ਮੋਕਲਾ ਕਰਨ ਖ਼ਾਤਿਰ ਕੋਈ ਤਾਂ ਜੁਗਾੜ ਬਣਾਇਆ ਹੋਵੇਗਾ।

ਮਨ ਦਾ ਖੁੱਲ੍ਹਾ, ਵਿਸ਼ਾਲ ਵਿਹੜਾ। ਵਿਹੜੇ ਵਿਚ ਫ਼ੁੱਲਾਂ ਦੀਆਂ ਕਿਆਰੀਆਂ ਜ਼ਿੰਦਗੀ ਨੂੰ ਨਵੀਂ ਉਮੰਗ ਦਿੰਦੀਆਂ ਹਨ। ਕੀ ਇਸ ਵਾਰ ਵੀ ਗਰਮੀਆਂ ਵਿਚ ਕੇਵਲ ਪਸੀਨਾ ਹੀ ਵਹੇਗਾ ? ਪਰ ਖ਼ਬਰਾਂ ਵਿਚ ਤਾਂ ਕੁਝ ਹੋਰ ਤਰ੍ਹਾਂ ਦੇ ਅਜੀਬ ਦ੍ਰਿਸ਼ ਆਉਂਦੇ ਹਨ। ਬੰਬ ਧਮਾਕੇ, ਗੋਲੀਬਾਰੀ, ਕਤਲੋਗਾਰਦ, ਫ਼ਰੇਬ, ਲੁੱਟਮਾਰ, ਆਪਾਧਾਪੀ, ਮੋਹ ਦੀਆਂ ਟੁੱਟਦੀਆਂ ਤੰਦਾਂ ...। ਸੂਰਜ ਦੀ ਗਰਮੀ ਤਾਂ ਇਹਨਾਂ ਖ਼ਬਰਾਂ ਅੱਗੇ ਕੁਝ ਵੀ ਨਹੀਂ।

ਹੋ ਸਕਦਾ ਹੈ ਕਿ ਹਮੇਸ਼ਾ ਉਸਾਰੂ ਸੋਚਣ ਵਾਲੇ ਬੰਦੇ ਨੂੰ ਇਹ ਸ਼ਬਦ ਕਿਸੇ ਨਿਰਾਸ਼ ਵਿਅਕਤੀ ਦੀ ਵੇਦਨਾ ਜਾਪਣ। ਹੋ ਸਕਦਾ ਹੈ ਕੋਈ ਇਸਨੂੰ 'ਜੈਸੀ ਦ੍ਰਿਸ਼ਟੀ ਵੈਸੀ ਸ਼੍ਰਿਸ਼ਟੀ' ਵਾਲੇ ਫ਼ਲਸਫ਼ੇ ਦੀ ਤੱਕੜੀ ਵਿਚ ਤੋਲਣ ਦਾ ਯਤਨ ਕਰੇ। ਇਕ ਕਮਰੇ ਦੀ ਖੁੱਲ੍ਹੀ ਖਿੜਕੀ ਵਿਚੋਂ ਕੋਈ ਚੰਨ ਤਾਰੇ ਵੇਖਦਾ ਹੈ, ਕੋਈ ਹੇਠਾਂ ਜ਼ਮੀਨ ਤੇ ਫ਼ੈਲੀ ਗੰਦਗੀ। ਪਰ ਵੇਖਣ ਉੱਤੇ ਕਿਸਦਾ ਵਸ ਚੱਲਦਾ ਹੈ।

ਕਹਿੰਦੇ ਹਨ, ਹੀਰੋਸ਼ੀਮਾ ਤੇ ਨਾਗਾਸਾਕੀ ਉੱਤੇ ਚੱਲੇ ਅਮਰੀਕਨ ਬੰਬਾਂ ਦਾ ਅਸਰ ਅਜੇ ਤੱਕ ਲੋਕਾਂ ਉੱਤੇ ਦਿਸ ਰਿਹਾ ਹੈ। ਪ੍ਰਮਾਣੂ ਸ਼ਕਤੀ ਨੂੰ ਅਜਿਹੇ ਵਿਨਾਸ਼ਕਾਰੀ



ਢੰਗ ਨਾਲ ਵਰਤਣ ਦੀ ਪ੍ਰੇਰਨਾ ਅਮਰੀਕਾ ਨੂੰ ਕਿਸਨੇ ਦਿੱਤੀ ਹੋਵੇਗੀ ? ਪਰਲ ਹਾਰਬਰ ਦੀ ਹਾਰ ਦਾ ਬਦਲਾ ਲੈਣ ਦੇ ਹੋਰ ਵੀ ਤਰੀਕੇ ਹੋ ਸਕਦੇ ਸਨ, ਪਰ ਜੇ ਬਾਂਦਰ ਨੂੰ ਮਾਚਿਸ ਚਲਾਣੀ ਆ ਜਾਵੇ ਤਾਂ ਉਹ ਜੰਗਲ ਨੂੰ ਫ਼ੂਕ ਕੇ ਸਵਾਹ ਕਰ ਸਕਦਾ ਹੈ। ਪ੍ਰਮਾਣੂ ਬੰਬਾਂ ਦੀ ਸ਼ਕਤੀ ਦੇ ਨਸ਼ੇ ਵਿਚ ਚੂਰ ਇੱਕ ਬੰਦੇ ਨੇ ਲੱਖਾਂ ਬੇਕਸੂਰ ਮਾਸੂਮਾਂ ਦੀ ਜਾਨ ਲੈ ਲਈ। ਅੱਗ ਦੇ ਤੂਫ਼ਾਨ ਵਿਚ ਕਿਵੇਂ ਮੱਕੀ ਦੇ ਦਾਣਿਆਂ ਵਾਂਗ ਭੁੰਨੇ ਗਏ ਹੋਣਗੇ ਉਨ੍ਹਾਂ ਬਦਕਿਸਮਤ ਸ਼ਹਿਰਾਂ ਦੇ ਵਾਸੀ।

ਆਰਨੋਲਡ ਦੀ ਫ਼ਿਲਮ 'ਟਰਮੀਨੇਟਰ' ਦੇ ਇੱਕ ਦ੍ਰਿਸ਼ ਵਿਚ ਧਰਤੀ ਉੱਤੇ ਚੱਲੇ ਕਿਸੇ ਪ੍ਰਮਾਣੂ ਬੰਬ ਦੇ ਹਮਲੇ ਨੂੰ ਫ਼ਿਲਮਾਇਆ ਗਿਆ। ਇਕ ਥਾਂ ਹਰੇ ਭਰੇ, ਖ਼ੂਬਸੂਰਤ ਪਾਰਕ ਵਿਚ ਬੱਚੇ ਪੀਂਘਾਂ ਝੂਟ ਰਹੇ ਹਨ। ਮਾਵਾਂ ਆਪਣੇ ਛੋਟੇ ਬੱਚਿਆਂ ਨੂੰ ਟਰੈਮਾਂ ਵਿਚ ਘੁਮਾ ਰਹੀਆਂ ਹਨ। ਹਰ ਕੋਈ ਖੁਸ਼ ਨਜ਼ਰ ਆ ਰਿਹਾ ਹੈ। ਅਚਾਨਕ ਕਹਿਰ ਵਰਤਦਾ ਹੈ। ਇੱਕ ਭਿਅੰਕਰ ਵਿਸਫ਼ੋਟ। ਅੱਗ ਦਾ ਵਿਸ਼ਾਲ ਦੈਂਤ ਸਭ ਕੁਝ ਨਿਗਲ ਜਾਂਦਾ ਹੈ। ਇਕ ਬੇਬਸ ਮਾਂ ਦਾ ਬੱਚਾ ਪਾਰਕ ਦੇ ਅੰਦਰ ਹੈ। ਤੇ ਮਾਂ ਲੋਹੇ ਦੀ ਵਿਸ਼ਾਲ ਜਾਲੀਨੁਮਾ ਦੀਵਾਰ ਨੂੰ ਟੱਕਰਾਂ ਮਾਰ ਰਹੀ ਹੈ। ਅਗਲੇ ਹੀ ਦ੍ਰਿਸ਼ ਵਿਚ ਵੀਰਾਨਗੀ ਦਾ ਸਿਖਰ!

ਕੁਝ ਹਾਕਮ ਲੋਕ ਸ਼ਾਇਦ ਮਾਨਸਿਕ ਰੋਗੀ ਬਣ ਗਏ ਹਨ। ਸੱਤਾ ਦੇ ਨਸ਼ੇ ਵਿਚ, ਇਹ ਲੋਕ ਆਪਣੇ ਅੱਗੇ ਨਾ ਝੁਕਣ ਵਾਲੇ ਹਰੇਕ ਸਿਰ ਨੂੰ ਹਰ ਕੀਮਤ ਤੇ ਮਿਟਾ ਦੇਣਾ ਚਾਹੁੰਦੇ ਹਨ। ਇਹਨਾਂ ਲੋਕਾਂ ਨੇ ਧਰਤੀ ਮਾਂ ਦੀ ਬੁੱਕਲ ਵਿਚ ਇੰਨਾ ਗੋਲਾ ਬਾਰੂਦ ਭਰ ਦਿੱਤਾ ਹੈ ਕਿ ਜਿਵੇਂ ਇਹ ਕੋਈ ਜੀਵਨ ਭਰਪੂਰ ਗ੍ਰਹਿ ਨਹੀਂ, ਬੱਸ ਦੁਸ਼ਿਹਰੇ ਦੇ ਮੈਦਾਨ ਵਿਚ ਖਲੋਤਾ ਬੰਬਾਂ ਨਾਲ ਤੂੜਿਆ ਰਾਵਣ ਦਾ ਕੋਈ ਪੁਤਲਾ ਹੋਵੇ!

ਸ਼ਾਇਦ ਅਜਿਹੇ ਸਿਰਫ਼ਿਰੇ ਲੋਕਾਂ ਲਈ ਰੱਬ ਦੀ ਬਣਾਈ ਗਰਮੀ ਦੀ ਰੁੱਤ ਕਾਫ਼ੀ ਨਹੀਂ। ਕਾਫ਼ੀ ਹੋਵੇ ਵੀ ਕਿਵੇਂ ? ਇਸ ਰੁੱਤ ਦੀ ਤੀਬਰਤਾ ਦਾ ਅੰਦਾਜਾ ਤਾਂ ਬਿਜਲੀ ਦੇ ਕੱਟ ਕਾਰਨ ਮੁੜ੍ਹਕੇ ਤੋਂ ਬਚਣ ਲਈ ਪੱਖੀਆਂ ਝੱਲਦੇ ਟੱਬਰ ਹੀ ਲਗਾ ਸਕਦੇ ਹਨ। ਜਾਂ ਤਿੱਖੜ ਦੁਪਿਹਰੇ ਆਪਣੇ ਪੇਟ ਦੀ ਅੱਗ ਬੁਝਾਉਣ ਲਈ ਕਿਸੇ ਜੇਬ ਵਾਲੇ ਦਾ ਭਾਰ ਢੋਣ ਵਾਲਾ ਰਿਕਸ਼ਾਚਾਲਕ। ਜਾਂ ਸਿਰ ਤੇ ਜ਼ਿੰਮੇਵਾਰੀਆਂ ਦਾ ਬੋਝ ਢੋਂਦਾ ਕੋਈ ਕਿਰਤੀ ਮਜਦੂਰ। ਸੱਤਾਧਾਰੀ ਬੰਦਾ ਤਾਂ ਗਰਮੀ ਤੋਂ ਕੋਹਾਂ ਦੂਰ, ਆਲੀਸ਼ਾਨ ਇਮਾਰਤਾਂ ਦੇ ਜੰਗਲ ਵਿਚ, ਏਅਰਕੰਡੀਸ਼ਨਡ ਵਾਤਾਵਰਨ ਵਿਚ ਸਾਹ ਲੈਂਦਾ ਹੈ। ਉਸ ਦਾ ਮੌਸਮ ਸਾਰਾ ਸਾਲ ਇਕੋ ਹੀ ਰਹਿੰਦਾ ਹੈ, 21 ਡਿਗਰੀ ਸੈਂਟੀਗ੍ਰੇਡ!

ਕਾਸ਼! ਇਹ ਲੋਕ ਕਦੇ ਆਪਣੇ ਮਾਇਆਜਾਲ ਵਿਚੋਂ ਬਾਹਰ ਨਿਕਲ ਸਕਦੇ

ਤੇ ਆਮ ਬੰਦੇ ਦੀ ਜੂਨ ਸਮਝ ਪਾਉਂਦੇ। ਰੱਬ ਨੇ ਇਹਨਾਂ ਲੋਕਾਂ ਨੂੰ ਬਹੁਗਿਣਤੀ ਤੋਂ ਅਲੱਗ ਥਲੱਗ ਰੱਖਿਆ ਹੈ। ਉੱਚੇ ਮਹਿਲ ਮੁਨਾਰਿਆਂ ਦੀ ਕੈਦ ਵਿਚ। ਅਜਿਹੇ ਮਹਿਲ, ਜੋ ਕਿਸੇ 'ਵਾਟਰ ਪਰੂਫ਼' ਘੜੀ ਵਾਂਗ ਹੁੰਦੇ ਹਨ, ਨਾ ਬਾਹਰੀ ਹਵਾ ਪਾਣੀ ਅੰਦਰ ਆ ਸਕਦਾ ਹੈ ਤੇ ਨਾ ਹੀ ਅੰਦਰੋਂ ਕੁਝ ਬਾਹਰ ਜਾ ਸਕਦਾ ਹੈ!

ਇਹ ਲੋਕ ਗੁਰੂ ਅਰਜਨ ਦੇਵ ਜੀ ਵਰਗੇ ਸ਼ਾਂਤੀ ਦੇ ਪੁੰਜ ਮਹਾਂਪੁਰਸ਼ਾਂ ਨੂੰ ਆਪਣੀ ਭਖਦੇ ਅੰਗਾਰਾਂ ਵਰਗੀ ਸੋਚ ਦਾ ਵਿਰੋਧੀ ਸਮਝਦੇ ਹਨ ਤੇ ਸ਼ਾਇਦ ਇਸੇ ਲਈ ਗੁਰੂ ਸਾਹਿਬ ਲਈ ਇਨ੍ਹਾਂ ਕੋਲ ਤੱਤੀ ਤਵੀ, ਤੱਤੀ ਰੇਤ ਤੋਂ ਸਿਵਾ ਕੁਝ ਵੀ ਨਹੀਂ। ਪਿਆਰ ਦੇ ਪਾਂਧੀ ਗੁਰੂ ਸਾਹਿਬ ਨੇ ਆਪਣਾ ਸਰਬੱਤ ਦੇ ਭਲੇ ਵਾਲਾ ਪਵਿੱਤਰ ਸੰਦੇਸ਼ ਸਮਾਜ ਨੂੰ ਦਿੱਤਾ। ਨਿਮਰਤਾ, ਸਦੀਵੀ ਅਨੰਦ, ਤਿਆਗ, ਨਿਰਛਲਤਾ ਨਾਲ ਉਨ੍ਹਾਂ ਤਪਦੇ ਦਿਲਾਂ ਨੂੰ ਠਾਰਨ ਵਾਲੀ ਜੀਵਨ ਜਾਚ ਦਾ ਤੋਹਫ਼ਾ ਵਿਸ਼ਵ ਨੂੰ ਦਿੱਤਾ।

ਸੱਚ ਸੂਰਜ ਵਰਗਾ ਹੁੰਦਾ ਹੈ। ਆਪਣੀ ਰੌਸ਼ਨੀ ਨਾਲ ਝੂਠ ਦਾ ਹਨੇਰਾ ਮਿਟਾ ਦਿੰਦਾ ਹੈ। ਆਪਣੇ ਸੇਕ ਨਾਲ ਉਹ ਸਭ ਸਾੜ ਦਿੰਦਾ ਹੈ ਜਿਸ ਦੀ ਮਨੁੱਖ ਨੂੰ ਕੋਈ ਲੋੜ ਨਹੀਂ। ਮਲੀਨ ਵਿਚਾਰਾਂ ਦਾ ਕਚਰਾ, ਜਿਸ ਨੂੰ ਢੋਂਦਿਆਂ ਬੰਦੇ ਦੀ ਉਮਰ ਲੰਘ ਜਾਂਦੀ ਹੈ। ਕਈ ਲੋਕ ਸੱਚ ਜਾਨਣ ਤੋਂ ਬਾਦ ਵਿਸਮਾਦ ਦੇ ਅਦੁੱਤੀ ਮੰਡਲ ਵਿਚ ਦਾਖਲ ਹੋ ਜਾਂਦੇ ਹਨ। ਅਜਿਹੇ ਲੋਕ ਹਮੇਸ਼ਾ ਖੁਸ਼ੀ ਨਾਲ ਖ਼ੀਵੇ ਰਹਿੰਦੇ ਹਨ। ਅਖੌਤੀ 'ਸਿਆਣੇ ਲੋਕ' ਉਨ੍ਹਾਂ ਨੂੰ ਆਪੋ ਆਪਣੀ 'ਸਮਝ' ਮੁਤਾਬਕ ਕੋਈ ਨਾਮ ਦੇ ਕੇ ਨੱਕ ਬੁੱਲ੍ਹ ਚੜ੍ਹਾ ਛੱਡਦੇ ਹਨ।

ਗਰਮੀ ਦੀ ਇਸ ਰੁੱਤ ਤੋਂ ਬਾਦ ਬਰਸਾਤ ਦੀ ਰਹਿਮਤ ਯਕੀਨੀ ਹੈ। ਜਿਹੜਾ ਅੰਬਰ ਅੱਗ ਵਰ੍ਹਾ ਰਿਹਾ ਹੈ, ਉਹੀ ਅੰਮ੍ਰਿਤ ਬੂੰਦਾਂ ਵਰਸਾਏਗਾ। ਪਰੰਤੂ ਬੰਦੇ ਦੇ ਮਨ ਅੰਦਰਲੀ ਗਰਮੀ ਦੀ ਰੁੱਤ ਪਤਾ ਨਹੀਂ ਕਦੋਂ ਬਦਲੇਗੀ? ਮਾਮੂਲੀ ਗੱਲ ਤੋਂ ਦੂਜੇ ਦੇ ਗਲ਼ ਪੈਣ ਵਾਲਾ ਰੋਗ ਪਿੰਡਾਂ, ਸ਼ਹਿਰਾਂ, ਗਲੀਆਂ, ਮੁਹੱਲਿਆਂ, ਖੇਤਾਂ, ਘਰਾਂ, ਸੜਕਾਂ, ਹਰ ਥਾਂ ਤੇ ਆਪਣਾ ਕੋਹਝਾ ਰੰਗ ਰੂਪ ਦਿਖਾ ਰਿਹਾ ਹੈ।

ਸੰਸਾਰ ਦੇ ਬਹੁਤੇ ਬੰਦੇ ਮਨ ਦੀ ਸ਼ਾਂਤੀ ਤੇ ਠੰਡਕ ਲਈ ਧਰਮ ਕਰਮ ਦਾ ਆਸਰਾ ਲੈਂਦੇ ਹਨ। ਉੱਥੇ ਵੀ ਕਰੋੜਾਂ ਵਿਚੋਂ ਕੋਈ ਵਿਰਲੀ ਆਤਮਾ ਹੀ ਸ਼ਾਂਤ ਹੁੰਦੀ ਹੈ। ਬਾਕੀ ਤਾਂ ਆਪਣੇ ਸਿਰ ਤੇ ਚੁੱਕੀ ਵਿਕਾਰਾਂ ਦੀ ਪੰਡ ਵਿਚ ਹਉਮੈ ਦਾ ਭਾਰ ਹੀ ਵਧਾ ਲੈਂਦੇ ਹਨ। ਸ਼ਾਇਦ ਇਸੇ ਲਈ ਧਰਮ ਦੇ ਨਾਮ ਤੇ ਇੱਕ ਬੰਦਾ ਦੂਜੇ ਦੀ ਜਾਨ ਤੱਕ ਲੈ ਸਕਦਾ ਹੈ। ਕਤਲੇਆਮ ਕਰ ਸਕਦਾ ਹੈ। ਅਜਿਹਾ ਕਰਦੇ ਹੋਏ ਉਸਨੂੰ ਲੱਗਦਾ ਹੈ ਜਿਵੇਂ ਉਹ ਆਪਣੇ ਲਈ ਸਵਰਗ ਦੇ ਰਾਹ ਖੋਲ੍ਹ ਰਿਹਾ ਹੈ। ਉਹ ਸਵਰਗ



ਜਿਸ ਨੂੰ ਉਸ ਨੇ ਕੇਵਲ ਖਿਆਲਾਂ ਵਿਚ ਵੇਖਿਆ ਹੁੰਦਾ ਹੈ, ਉਸ ਸਵਰਗ ਦੀ ਖ਼ਾਤਿਰ ਉਹ ਲੱਖਾਂ ਸਵਰਗਾਂ ਤੋਂ ਖ਼ੂਬਸੂਰਤ ਆਪਣੀ ਧਰਤੀ ਮਾਂ ਨੂੰ ਹੀ ਲਹੂ ਲੁਹਾਣ ਕਰ ਸੁੱਟਦਾ ਹੈ। ਪਤਾ ਨਹੀਂ ਕਿਹੜਾ ਰੱਬ ਹੋਵੇਗਾ ਜੋ ਆਪਣੇ ਬੰਦਿਆਂ ਨੂੰ ਤਸੀਹੇ ਦੇਣ ਵਾਲੇ ਨੂੰ ਕੋਈ 'ਸਵਰਗ' ਦਿੰਦਾ ਹੋਵੇਗਾ।

ਬਿਜਲੀ ਚਲੀ ਗਈ ਹੈ। ਪੱਖਿਆਂ ਦੀ ਘੂਕਰ ਬੰਦ ਹੋ ਚੁੱਕੀ ਹੈ। ਮੁੜ੍ਹਕਾ ਸ਼ਾਇਦ ਗਰਮੀ ਦਾ ਕੋਈ ਰਿਸ਼ਤੇਦਾਰ ਹੈ। ਸਿਰੇ ਤੱਕ ਸਕੀਰੀ ਨਿਭਾਉਂਦਾ ਹੈ। ਮੈਂ ਵੀ ਗਰਮੀ ਦਾ ਆਨੰਦ ਮਾਨਣ ਲਈ ਕਿਸੇ ਬੋਹੜ ਦੀ ਛਾਂ ਲੱਭ ਰਿਹਾ ਹਾਂ, ਹਾਲਾਂਕਿ ਹੁਣ ਹਰ ਥਾਂ ਸਫ਼ੈਦਾ, ਪਾਪੂਲਰ ਖਲੋਤੇ ਹਨ। ਫ਼ਿਰ ਵੀ ਭਲਾ ਹੋਵੇ ਉਸ ਵੱਡੇ ਵਡੇਰੇ ਦਾ ਜਿਸ ਨੇ ਨੇੜੇ ਹੀ ਪਿੱਪਲ ਤੇ ਬੋਹੜ ਲਗਾ ਦਿੱਤੇ। ਸ਼ਾਇਦ ਉਸਨੂੰ ਪਤਾ ਹੋਵੇਗਾ ਕਿ ਲੱਖ ਡੈਮ ਬਣ ਜਾਣ, ਪਰ ਬਿਜਲੀ ਦੇ ਲੰਮੇ ਕੱਟ, ਛੱਤਾਂ ਤੇ ਲਟਕਦੇ ਪੱਖੇ, ਕੂਲਰਾਂ ਨੂੰ ਬੇਕਾਰ ਟੀਨ ਟੱਪਰ ਬਣਾਉਂਦੇ ਰਹਿਣਗੇ। ਉਦੋਂ ਕੋਈ ਰੂਹ ਕੁਝ ਪਲ ਜ਼ਰੂਰ ਉਸਦੇ ਲਾਏ ਬੋਹੜਾਂ ਦੀ ਛਾਂ ਥੱਲੇ ਸਕੂਨ ਪਾ ਸਕੇਗੀ।

* * *

# ਅਮਲੀਨਾਮਾ

ਹਰ ਸ਼ਬਦ ਦਾ ਹਰ ਬੰਦੇ ਲਈ ਵੱਖਰਾ ਅਰਥ ਹੋ ਸਕਦਾ ਹੈ। ਵੇਖੋ ਨਾ ਇੱਕ ਗੀਤ ਆਇਆ ਕਿ 'ਓਥੇ ਅਮਲਾਂ ਦੇ ਹੋਣਗੇ ਨਬੇੜੇ, ਕਿਸੇ ਨਾ ਤੇਰੀ ਜਾਤ ਪੁੱਛਣੀ …'। ਏਸ ਗੀਤ ਨੂੰ ਸੁਣਕੇ ਬਹੁਤੇ ਬੰਦੇ ਆਪਣੀ 'ਜਾਤ ਪਾਤ' ਤੋਂ ਉੱਪਰ ਉੱਠ ਕੇ ਵੰਨ ਸੁਵੰਨੇ ਨਸ਼ੇ ਪੱਤੇ ਦਾ 'ਅਮਲ' ਹੀ ਕਰਨ ਗੱਲ ਪਏ! ਧਾਰਮਿਕ ਥਾਵਾਂ ਤੇ ਭਾਵੇਂ ਬੜੇ ਸੰਕੋਚ ਨਾਲ ਆਪੋ ਆਪਣੇ ਖ਼ਾਸ ਵਰਗ ਵਿਚ ਹੀ ਬੰਦੇ ਸ਼ਾਮਿਲ ਹੁੰਦੇ ਹੋਣ, ਪਰ ਠੇਕੇ ਮੂਹਰੇ ਤੇ 'ਗੌਰਮਿੰਟ ਤੋਂ ਮਨਜ਼ੂਰਸ਼ੁਦਾ ਅਹਾਤਾ' ਦੇ ਬੋਰਡ ਹੇਠ ਸਭ ਧਰਮਾਂ ਦੇ ਲੋਕ ਬਿਨਾਂ ਕਿਸੇ ਭੇਦਭਾਵ ਤੋਂ ਆਬ ਏ ਸ਼ੈਤਾਨ ਭਾਵ ਸ਼ਰਾਬ ਡੱਫ਼ ਰਹੇ ਹੁੰਦੇ ਹਨ। ਕਮਾਲ ਦੀ ਗੱਲ ਹੈ ਕਿ ਮਿੰਟ ਮਿੰਟ ਤੇ ਗੌਰ ਕਰਨ ਵਾਲੀ ਗੌਰਮਿੰਟ ਅਜਿਹੇ 'ਸ਼ੁਦਾ' ਲਈ ਵੀ 'ਅਹਾਤੇ' ਮਨਜ਼ੂਰ ਕਰਦੀ ਹੈ। ਏਥੇ ਹੀ ਬੱਸ ਨਹੀਂ ਪੰਜਾਬ ਵਿਚ ਤਾਂ ਬੋਤਲ ਦੇ ਸਿਰ ਤੇ ਸਿੱਖਿਆ ਟੈਕਸ ਇਕੱਠਾ ਹੋ ਰਿਹਾ ਹੈ।

ਸਿਆਣੇ ਕਹਿੰਦੇ ਸਨ ਕਿ ਜਿਹੋ ਜਿਹਾ ਅੰਨ ਖਾਈਏ, ਓਹੋ ਜਿਹਾ ਮਨ ਹੋ ਜਾਂਦਾ ਹੈ। ਹੁਣ ਸ਼ਰਾਬ ਦੀ ਬੋਤਲ ਦੇ ਸਿਰ ਤੇ ਸਿੱਖਿਆ ਲੈ ਰਹੇ ਜੁਆਕ ਭਲਾ ਆਪਣੇ ਸਿਰ ਤੋਂ ਸ਼ਰਾਬੀਆਂ ਦਾ ਅਹਿਸਾਨ ਕਿਉਂ ਨਹੀਂ ਲਾਹੁਣਗੇ ? ਹੋਰ ਤਾਂ ਹੋਰ 'ਠੇਕਾ' ਸ਼ਬਦ ਸਰਕਾਰਾਂ ਨੂੰ ਏਨਾ ਜਚ ਗਿਆ ਹੈ ਕਿ ਉਹ ਹਰ ਕੰਮ ਹੀ ਠੇਕੇ ਤੇ ਕਰਵਾਉਣ ਦਾ ਤਹੱਈਆ ਕਰ ਚੁੱਕੀ ਹੈ। ਇੱਥੋਂ ਤੱਕ ਕਿ ਸਕੂਲਾਂ ਦਾ ਸਟਾਫ਼ ਵੀ 'ਠੇਕੇ' ਹੀ ਭਰਤੀ ਕੀਤਾ ਜਾ ਰਿਹਾ ਹੈ। ਖ਼ੈਰ, 'ਨਸ਼ਾ ਹੀ ਜਿੰਦਗੀ ਹੈ' ਦਾ ਨਾਹਰਾ ਮਾਰਕੇ ਜਦ ਕੋਈ ਅਮਲੀ ਆਪਣੀ ਲੋਰ ਵਿਚ ਆਉਂਦਾ ਹੈ ਤਾਂ ਉਸ ਪਲ ਉਸਨੂੰ ਲਗਦਾ ਹੀ ਨਹੀਂ ਕਿ ਨਸ਼ਾ ਉਸਨੂੰ ਸਰਬ 'ਨਾਸ਼' ਦੇ ਕਿੰਨਾ ਨੇੜੇ ਖਿੱਚ ਰਿਹਾ ਹੈ।

ਜਦੋਂ ਪੰਜਾਬੀ ਗਾਇਕਾਂ ਦੀ ਭੀੜ ਵਿਚ ਵੱਖਰੀ ਪਹਿਚਾਣ ਬਣਾਉਣ ਤੇ ਬਚਾਈ ਰੱਖਣ ਵਾਲੇ ਗਾਇਕ ਗੁਰਦਾਸ ਮਾਨ ਨੇ ਬੜੀ ਪਹਿਲਾਂ ਪੰਜਾਬੀ ਗੱਭਰੂਆਂ ਦੀ ਤਸਵੀਰ ਪੇਸ਼ ਕੀਤੀ ਸੀ,

'ਨਸ਼ਿਆਂ ਨੇ ਪੱਟਤੇ ਪੰਜਾਬੀ ਗੱਭਰੂ,
ਖੜਕਣ ਹੱਡੀਆਂ ਵਜਾਉਣ ਡਮਰੂ …'



ਉਦੋਂ ਲੋਕ ਸੁਲਫ਼ਾ, ਸ਼ਰਾਬ, ਅਫ਼ੀਮ, ਡੋਡੇ ਆਦਿ ਨਸ਼ੇ ਕਰਦੇ ਸਨ ਪਰ ਬਾਕੀ ਖੇਤਰਾਂ ਵਾਂਗ ਨਸ਼ਾ ਜਗਤ ਨੇ ਬੇਸ਼ੁਮਾਰ ਤਰੱਕੀ ਕਰ ਲਈ ਹੈ। ਮਰੀਜ਼ਾਂ ਦੇ ਇਲਾਜ ਵਿਚ ਵਰਤੀਆਂ ਜਾਂਦੀਆਂ ਦਵਾਈਆਂ ਹੁਣ ਅਮਲੀਆਂ ਨੂੰ 'ਸਸਤਾ' ਮਾਲ ਬਣ ਚੁੱਕੀਆਂ ਹਨ।

ਆਖਿਰ ਨਸ਼ੇ ਦਾ ਸਫ਼ਰ ਹੁੰਦਾ ਕਿਵੇਂ ਹੈ ? ਸਮਾਜਿਕ ਦਾਇਰਾ ਭਾਵ ਯਾਰ ਬੇਲੀ, ਰਿਸ਼ਤੇਦਾਰ, ਪਹਿਲਾਂ ਤੋਂ ਹੀ ਸਥਾਪਿਤ ਅਮਲੀ ਭਾਈਚਾਰਾ ਨਵੇਂ 'ਕਬੂਤਰਾਂ' ਨੂੰ ਚਾਟ ਤੇ ਲਾ ਦਿੰਦਾ ਹੈ। ਇੱਥੇ ਕਮਜੋਰ ਇੱਛਾ ਸ਼ਕਤੀ ਵਾਲੇ ਬੰਦੇ ਲਈ ਟਿਕਣਾ ਔਖਾ ਹੋ ਜਾਂਦਾ ਹੈ ਤੇ ਉਹ ਚੁੱਪਚਾਪ ਰੁੜ੍ਹ ਜਾਂਦਾ ਹੈ ਧਰਤੀ ਦੀ ਹਿੱਕ ਤੇ ਸਦੀਆਂ ਤੋਂ ਚਲੇ ਆ ਰਹੀ ਨਸ਼ਿਆਂ ਦੀ ਕਾਲੀ ਨਦੀ ਦੇ ਵਹਿਣਾਂ ਦੇ ਨਾਲ ਨਾਲ, ਜਿਸ ਦਾ ਅੰਤ ਬਰਬਾਦੀਆਂ ਦੇ ਖੌਲਦੇ ਸਮੁੰਦਰ ਵਿਚ ਹੁੰਦਾ ਹੈ।

ਆਪਣੇ ਆਲੇ ਦੁਆਲੇ ਅਤੇ ਘਰ ਵਿਚ ਝਾਤੀ ਮਾਰਦਿਆਂ ਅਸੀਂ, ਜੇਕਰ ਆਪ ਬਚੇ ਹੋਏ ਤਾਂ, ਅਮਲੀ ਜਗਤ ਦੀ ਤਰਾਸਦੀ ਮਹਿਸੂਸ ਕਰ ਸਕਦੇ ਹਾਂ। ਨਸ਼ੇ ਦੀ ਲਤ ਪੂਰੀ ਕਰਨ ਲਈ ਉਹ ਲੋਕ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਰਾਜੇ ਤੋਂ ਰੰਕ ਅਤੇ ਸੱਜਣ ਤੋਂ ਚੋਰ ਠੱਗ ਬਣਨ ਵਿਚ ਰਤਾ ਵੀ ਦੇਰ ਨਹੀਂ ਲਗਦੀ। ਘਰ ਦੇ ਭਾਂਡਿਆਂ, ਸਮਾਨ ਦੀ ਚੋਰੀ ਤੋਂ ਸ਼ੁਰੂ ਹੋ ਕੇ ਸਿਲਸਿਲਾ ਅੰਤਹੀਣ ਹੋ ਜਾਂਦਾ ਹੈ।

ਹੈਰਾਨੀ ਉਦੋਂ ਹੁੰਦੀ ਹੈ ਕਿ ਜਦੋਂ ਸਾਡੇ ਲਿਖਾਰੀ, ਖਾਸ ਕਰਕੇ ਗੀਤਕਾਰ ਨਸ਼ੇਖੋਰ ਬੰਦੇ ਨੂੰ ਬੜੇ ਵੱਡੇ ਮਹਾਂਨਾਇਕ ਵਾਂਗ ਪੇਸ਼ ਕਰਦੇ ਹਨ। 'ਜੀਹਨੇ ਲਾਲ ਪਰੀ ਨਾ ਪੀਤੀ …ਓਹੋ ਵੈਲੀ ਕਾਹਦਾ ਕੋਹੜੀ ਹੈ ਜਹਾਨ ਦਾ..', 'ਇੱਕ ਪੈੱਗ ਹੋਰ ਯਾਰਾ ਇੱਕ ਪੈੱਗ ਹੋਰ', 'ਅਧੀਏ ਦਾ ਨਸ਼ਾ ਚੜ੍ਹ ਗਿਆ ਦਰਸ਼ਨ ਤੇਰੇ ਕਰਕੇ ਨੀ' …. ਇੱਥੋਂ ਤੱਕ ਕਿ ਇੱਕ ਗਾਇਕ ਗਾ ਰਿਹਾ ਸੀ 'ਦਾਰੂ ਘਰ ਦੀ ਬੰਦੂਕ ਬਾਰਾਂ ਬੋਰ ਦੀ, ਦੋ ਚੀਜਾਂ ਜੱਟ ਭਾਲਦਾ' ! ਅਜਿਹੇ ਕੱਚਘਰੜ ਗਾਇਕ ਆਪਣੇ ਮੋਢਿਆਂ ਤੇ ਆਪ ਹੀ ਫ਼ੀਤੀ ਟੰਗੀ ਰੱਖਦੇ ਹਨ, 'ਪੰਜਾਬੀ ਸੱਭਿਆਚਾਰ ਦਾ ਰਖਵਾਲਾ'! ਫ਼ਿਰ ਆਖਣਗੇ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ, ਮੰਜੇ ਉੱਤੇ ਬੈਠਾ ਜੱਟ ਬਣਿਆ ਨਵਾਬ ਹੋਵੇ …!' ਇਹ ਸੋਚ ਵਾਕਈ ਤਰਸਯੋਗ ਅਤੇ ਗਾਇਕਾਂ ਨੂੰ ਤਾਂ ਭਾਵੇਂ ਅਜਿਹਾ ਕੁਝ ਮਾਂਬੋਲੀ ਦੀ ਝੋਲੀ ਵਿਚ ਸੁੱਟਣ ਬਦਲੇ ਚੰਗੀ ਕਮਾਈ ਹੋ ਜਾਂਦੀ ਹੋਵੇਗੀ ਪਰ ਇਹਨਾਂ 'ਗੀਤਾਂ' ਨੂੰ ਸੁਣਨ ਵਾਲੇ ਪਿੱਛਲੱਗੂ ਸਰੋਤਿਆਂ ਲਈ ਤਾਂ ਇਹ 'ਸਰਾਪ' ਹੀ ਸਾਬਿਤ ਹੁੰਦੇ ਹਨ।

ਗੁਰੂ ਸਾਹਿਬਾਨ ਨੇ ਹੱਕ ਸੱਚ ਦਾ ਸਾਫ਼ ਸੁਥਰਾ ਰਾਹ ਵਿਖਾਇਆ ਹੈ ਅਤੇ ਗੁਰਦੁਆਰੇ ਅੰਦਰ ਜੇਕਰ ਨਿਹੰਗ ਸਿੰਘਾਂ ਦੇ ਕੁਝ 'ਜੱਥੇ' ਭੰਗ ਨੂੰ 'ਸੁਖ ਨਿਧਾਨ' ਦਾ ਲੇਬਲ ਲਗਾ ਕੇ ਸੰਗਤ ਤੋਂ ਪ੍ਰਵਾਨ ਕਰਵਾਈ ਫ਼ਿਰਨ ਤਾਂ ਕੋਈ ਕੀ ਕਰੇ ? ਪੰਜਾਬ

ਵਿਚ ਤਾਂ ਅਜਿਹੇ ਡੇਰੇ, ਮਜਾਰਾਂ ਦੀ ਸੰਖਿਆ ਵਿਚ ਦਿਨ ਦੁੱਗਣੀ ਤੇ ਰਾਤ ਚੌਗਣੀ ਵਧ ਰਹੀ ਹੈ। ਪਤਾ ਲਗਦਾ ਹੈ ਕਿ ਕਿਸੇ ਡੇਰੇ ਤੇ ਤਾਂ ਪ੍ਰਸ਼ਾਦ ਹੀ ਸ਼ਰਾਬ ਦਾ ਚੜ੍ਹਦਾ ਹੈ, ਕਿਤੇ ਕੇਵਲ ਵਿਸ਼ੇਸ਼ ਨਸ਼ੀਲੀ ਸ਼ੈਅ ਹੀ ਪ੍ਰਵਾਨ ਹੁੰਦੀ ਹੈ। ਧਰਮ ਦਾ ਇਹ ਆਖਿਰ ਕਿਹੜਾ ਰੂਪ ਹੈ ?

ਅਸਲ ਵਿਚ ਅਮਲੀ ਨੂੰ ਬਹਾਨਾ ਚਾਹੀਦਾ ਹੈ। ਉਹ ਜਾਣਦੇ ਹਨ ਕਿ ਅਸਲੀ ਮੰਤਵ ਆਪਣਾ ਅਮਲ ਪੂਰਾ ਕਰਨ ਦਾ ਹੈ ਤੇ ਫ਼ਿਰ ਇਸ ਲਈ ਕੁਝ ਵੀ ਭੇਖ ਧਾਰਨਾ ਪਵੇ, ਕੋਈ ਹਰਜ਼ ਨਹੀਂ। ਵਿੱਦਿਅਕ ਸੰਸਥਾਵਾਂ, ਧਾਰਮਿਕ ਸਥਾਨਾਂ, ਪਰਿਵਾਰਕ ਤੇ ਸਮਾਜਿਕ ਦਾਇਰੇ, ਹਰ ਪੱਧਰ ਤੇ ਨਸ਼ਾ ਅਮਰ ਵੇਲ ਵਾਂਗ ਫ਼ੈਲ ਚੁੱਕਾ ਹੈ। ਇਸ ਤੋਂ ਛੁਟਕਾਰਾ ਪਾਉਣਾ ਸਮੇਂ ਦੀ ਲੋੜ ਹੈ। ਇਸ ਲਈ ਕੁਝ ਸੰਸਥਾਵਾਂ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਾ ਛੁਡਾਊ ਕੇਂਦਰ ਵੀ ਚਲ ਰਹੇ ਹਨ। ਪਰ ਜੇਕਰ ਇਹਨਾਂ ਕੇਂਦਰਾਂ ਸੰਸਥਾਵਾਂ ਦੀ ਸੰਖਿਆ ਨੂੰ ਕੇਵਲ ਹਰ ਪਿੰਡ ਵਿਚ ਖੁੱਲ੍ਹੇ ਠੇਕਿਆਂ ਦੀ ਸੰਖਿਆ ਨਾਲ ਰੱਖ ਕੇ ਵੇਖਿਆ ਜਾਵੇ ਤਾਂ ਸਹਿਜੇ ਹੀ ਆਮ ਬੰਦੇ ਦੇ ਮਨ ਵਿਚ ਇੱਕ ਖਿਆਲ ਜਰੂਰ ਉੱਠੇਗਾ ਕਿ ਯਾਰ ਆਖਿਰ ਜੇ ਸਮੇਂ ਦੀਆਂ ਸਰਕਾਰਾਂ ਹਰ ਪਿੰਡ ਵਿਚ ਠੇਕਾ ਖੋਲ੍ਹ ਸਕਦੀ ਹੈ ਤਾਂ ਸ਼ਰਾਬ ਤੇ ਹੋਰ ਨਸ਼ਿਆਂ ਤੋਂ ਮੁਕਤ ਕਰਨ ਲਈ ਕੋਈ 'ਠੇਕਾ' ਕਿਉਂ ਨਹੀਂ ਚਲਾਉਂਦੀ ?

ਕਾਸ਼ ਉਹ ਦਿਨ ਜਲਦੀ ਆਵੇ ਜਦੋਂ ਵਰਤਮਾਨ ਪੀੜ੍ਹੀ ਪੂਰੀ ਤਰਾਂ ਤੰਦਰੁਸਤ ਹੋਵੇ ਅਤੇ ਹਰ ਤਰਾਂ ਤੇ ਨਸ਼ੇ ਇੱਕ ਸੈਂਪਲ ਬਣ ਕੇ ਕਿਸੇ 'ਅਜਾਇਬ ਘਰ' ਦਾ ਹਿੱਸਾ ਬਣ ਜਾਣ !

* * *



# ਛਣਕਣੇ ਵਾਲੀ ਚਾਬੀ

ਜਿੱਦੀ ਬੰਦਾ ਦੂਜਿਆਂ ਲਈ ਮੁਸ਼ਕਿਲਾਂ ਦੇ ਅੰਬਾਰ ਖੜ੍ਹੇ ਕਰਨ ਵਿਚ ਕੁਦਤਰੀ ਤੌਰ ਤੇ ਮਾਹਿਰ ਹੁੰਦਾ ਹੈ। ਆਪਣੀ ਜਿੱਦ ਪੁਗਾਉਣ ਦੇ ਚੱਕਰ 'ਚ ਉਹ ਨਫ਼ੇ ਨੁਕਸਾਨ ਦੀ ਪਰਵਾਹ ਘੱਟ ਹੀ ਕਰਦਾ ਹੈ।

ਮੇਲੇ ਵਿਚ ਮਾਪਿਆਂ ਦੀ ਉਂਗਲੀ ਫੜ ਕੇ ਤੁਰੇ ਜਾਂਦੇ ਕਿਸੇ ਚੰਚਲ ਜੁਆਕ ਨੂੰ ਵੇਖਿਆਂ ਇਉਂ ਲਗਦਾ ਹੈ ਜਿਵੇਂ ਉਹ ਕਿਸੇ ਨਿਰਮਲ ਝੀਲ ਵਿਚ ਮੁਰਗਾਬੀ ਵਾਂਗ ਤੈਰਦਾ ਫ਼ਿਰ ਰਿਹਾ ਹੋਵੇ। ਬੇਫ਼ਿਕਰ, ਬੇਪਰਵਾਹ, ਬਾਦਸ਼ਾਹ। ਹਰ ਦੁਕਾਨ ਉਸਨੂੰ ਆਪਣੀ ਲਗਦੀ ਹੈ ਤੇ ਉਹ ਹਰ ਸ਼ੈਅ ਨੂੰ ਹਾਸਿਲ ਕਰਨ ਦੀ ਜਿੱਦ ਕਰਦਾ ਹੈ। ਮਾਪੇ ਆਪਣੀ ਇੱਛਾ ਅਤੇ ਜੇਬ ਦਾ ਆਕਾਰ ਵੇਖ ਕੇ ਜਿੱਥੋਂ ਤੱਕ ਹੋ ਸਕੇ, ਜਿੱਦ ਪੁਗਾਉਂਦੇ ਹਨ ਅਤੇ ਜਦੋਂ ਗੱਲ ਵਸੋਂ ਬਾਹਰ ਹੋ ਜਾਵੇ ਤਾਂ ਫ਼ਿਰ ਰੱਬ ਹੀ ਰਾਖਾ। ਕਈ ਮਾਪੇ ਇਸ ਸਥਿਤੀ ਤੋਂ ਬਚਣ ਲਈ ਆਪਣੇ ਦੁਆਲੇ ਖ਼ੌਫ਼ਨਾਕ ਚੁੱਪ ਜਾਂ ਫ਼ਿਰ ਕਰੋਧ ਦੀ ਕੰਧ ਖੜ੍ਹੀ ਕਰ ਲੈਂਦੇ ਹਨ, ਜਿਸ ਨੂੰ ਪਾਰ ਕਰਨਾ 'ਨਿਆਣਿਆਂ' ਵਾਲੀ ਗੱਲ ਨਹੀਂ ਹੁੰਦੀ।

ਬੱਚਿਆਂ ਦੀ ਉਮਰ ਤੱਕ ਜਿੱਦ ਠੀਕ ਹੈ ਪਰ ਕਈਆਂ ਦੀ ਉਮਰ ਵਧਣ ਨਾਲ ਜਿੱਦ ਦਾ ਤਾਣਾ ਪੇਟਾ ਵੀ ਖਾਸਾ ਉਲਝ ਜਾਂਦਾ ਹੈ। ਅਜਿਹੇ ਬੰਦੇ ਆਪ ਦੁਖੀ ਤੇ ਮੁਹੱਲਾ ਪ੍ਰੇਸ਼ਾਨ ਵਾਲਾ ਵਾਤਾਰਵਨ ਪੈਦਾ ਕਰ ਦਿੰਦੇ ਹਨ। ਬੜੀ ਪੁਰਾਣੀ ਹੱਡਬੀਤੀ ਚੇਤੇ ਆ ਰਹੀ ਹੈ।

ਨਿੱਕੇ ਹੁੰਦਿਆਂ ਦਾਦਕੇ ਪਿੰਡ ਦੇ ਨਾਲ ਲਗਦੇ ਪਿੰਡ ਮੇਲਾ ਲਗਦਾ ਸੀ। ਦਾਦੀ ਨੇ ਸਾਰਾ ਟੱਬਰ ਤਿਆਰ ਕੀਤਾ। ਪਿੰਡੋਂ ਜੱਟਾਂ ਦੀ ਟਰਾਲੀ ਮੇਲੇ ਜਾਣ ਲਈ ਤਿਆਰ ਸੀ। ਬੜੀ ਧੂਮਧਾਮ ਨਾਲ ਹੱਸਦੇ ਖੇਡਦੇ ਮੇਲੇ ਜਾ ਪੁੱਜੇ। ਸਾਰਾ ਦਿਨ ਫ਼ਿਰ ਤੁਰ ਕੇ ਮੇਲਾ ਵੇਖਿਆ। ਸ਼ਾਮ ਹੋਈ। ਮੇਲੇ ਵਿੱਚ ਸ਼ਰਾਬੀ ਬੁੱਕਣ ਲੱਗੇ ਤਾਂ ਘਰਾਂ ਨੂੰ ਵਾਪਸੀ ਲਈ ਇੱਕ ਇੱਕ ਕਰਕੇ ਸਾਰੀਆਂ ਢਾਣੀਆਂ ਆਪਣੀ ਟਰਾਲੀ ਕੋਲ ਪੁੱਜ ਗਈਆਂ। ਟਰੈਕਟਰ ਦਾ ਮਾਲਕ ਅਜੇ ਮੇਲੇ ਵਿਚ ਹੀ ਕਿਧਰੇ ਮਸਤ ਸੀ। ਉਸਦੇ ਟੱਬਰ ਵਿੱਚੋਂ ਉਸਦੇ ਛੋਟੇ ਭਰਾ ਨੇ ਜਿੱਦ ਫੜ ਲਈ, 'ਹੁਣੇ ਚੱਲੋ, ਨਾਲੇ ਟਰੈਕਟਰ ਮੈਂ ਚਲਾਊਂ।'

ਸਿਆਣੇ ਆਖਣ, 'ਕਾਕਾ ਤੂੰ ਹੀ ਚਲਾ ਲਵੀਂ, ਚਾਬੀ ਵਾਲੇ ਨੂੰ ਤਾਂ ਆਉਣ ਦੇ ਕੇਰਾਂ ...'

'ਲੈ ! ਚਾਬੀ ਦੀ ਕੀ ਲੋੜ ਐ, ਮੈਂ ਏਸ ਛੁਣਕਣੇ ਨਾਲ ਹੀ ਸਟਾਰਟ ਕਰ ਦਉਂ !'

ਬਹਿਸ ਕਰਦਿਆਂ ਉਸਨੇ ਕਿਸੇ ਤਰਾਂ ਟੀਨ ਦੇ ਨਿੱਕੇ ਜਿੱਹੇ ਛੁਣਕਣੇ ਦੀ ਡੰਡੀ ਨਾਲ ਹੀ ਟਰੈਕਟਰ ਸਟਾਰਟ ਕਰ ਦਿੱਤਾ।

ਟਰੈਕਟਰ ਦੇ ਸਲੈਂਸਰ ਵਿਚੋਂ ਧੂੰਏਂ ਦਾ ਫੱਕਾ ਨਿਕਲਦਿਆਂ ਹੀ ਸਭ ਭੱਜ ਕੇ ਆਪੋ ਆਪਣੀ ਥਾਂ ਜਾ ਬੈਠੇ। ਡਰੈਵਰ ਕੁਝ ਜਿਆਦਾ ਹੀ ਜੋਸ਼ ਵਿਚ ਜਾਪਦਾ ਸੀ। ਬੁੜ੍ਹੀਆਂ ਰੌਲਾ ਪਾਈ ਜਾਣ, 'ਵੇ ਹੌਲੀ ਮਰ ਲਓ, ਫੂਕ ਲਓ, ਢੈਹ ਜਾਣੀ ਦੇ ਕਿਵੇਂ ਭਜਾਈ ਜਾ ਰਹੇ ਨੇ ! ਨਾ ਤੁਸੀਂ ਗਾਹਾਂ ਜਾਕੇ ਕਿਹੜਾ ਜਹਾਜ ਚੜ੍ਹਨੈ ...!' ਪਰ ਹਵਾ ਦੇ ਫ਼ਰਾਟੇ, ਸੜਕ ਦੇ ਟੋਏ ਅਤੇ ਟਰੈਕਟਰ ਦੀ ਰਫ਼ਤਾਰ 'ਚ ਕੰਨ ਪਾਈ ਆਵਾਜ ਨਹੀਂ ਸੀ ਸੁਣ ਰਹੀ। ਮੈਂ ਟਰਾਲੀ ਵਿਚ ਦਾਦੀ ਕੋਲ ਬੈਠਾ ਆਪਣੇ ਸਿਰ ਉੱਤੋਂ ਲੰਘ ਰਹੇ ਦਰੱਖਤਾਂ ਨੂੰ ਏਨੀ ਤੇਜ਼ ਲੰਘਦਿਆਂ ਤੱਕੀ ਜਾ ਰਿਹਾ ਸੀ।

ਪਿੰਡ ਦੀ ਫ਼ਿਰਨੀ ਤੇ ਟਰੈਕਟਰ ਨੇ ਸ਼ਾਇਦ ਪੂਰੀ ਰਫ਼ਤਾਰ ਤੇ ਹੀ ਮੋੜ ਕੱਟਿਆ ਤੇ ਟਰਾਲੀ ਦਾ ਇੱਕ ਟੈਰ ਚੱਕਿਆ ਗਿਆ ਅਤੇ ਮੇਰੇ ਸਾਹਮਣੇ ਬੈਠੀ ਇਕ ਮਾਈ 'ਬੂਅਅਅ ਵੇ !' ਕਰਕੇ ਸਾਡੇ ਉੱਤੇ ਡਿੱਗਦੀ ਮਸਾਂ ਬਚੀ। ਇਸ ਤੋਂ ਬਾਅਦ ਇੱਕ ਮੋੜ ਹੋਰ ਆਇਆ ... ਤੇ ਬੱਸ ਧੜੱਮ, ਇੱਕ ਪਲ ਲਈ ਜਿਵੇਂ ਪੂਰੀ ਸ਼ਾਂਤੀ ਹੋ ਗਈ ਹੋਵੇ। ਫ਼ਿਰ ਅਚਾਨਕ ਚੀਕ ਚਿਹਾੜਾ ਪੈ ਗਿਆ। ਟਰਾਲੀ ਟਰੈਕਟਰ ਨਾਲੋਂ ਵੱਖ ਹੋ ਕੇ ਬਿਲਕੁਲ ਮੂਧੀ ਹੋ ਗਈ। ਮੈਂ ਤੇ ਸਾਡਾ ਸਾਰਾ ਟੱਬਰ ਹੈਰਾਨਜਨਕ ਢੰਗ ਨਾਲ ਖਤਾਨਾਂ ਵਿਚ ਇਉਂ ਖਿੱਲਰਿਆ ਪਿਆ ਸੀ ਜਿਵੇਂ ਕਿਸੇ ਨੇ ਗੁਲੇਲ 'ਚ ਪਾ ਪਾ ਕੇ ਸੁੱਟੇ ਹੋਣ !

ਪਲਾਂ ਵਿਚ ਹੀ ਸਾਰਾ ਪਿੰਡ ਇਕੱਠਾ ਹੋਇਆ ਤੇ ਬਚਾਓ ਕਾਰਜ ਸ਼ੁਰੂ ਹੋ ਗਏ। ਬਾਅਦ ਵਿਚ ਪਤਾ ਲੱਗਿਆ ਕਿ ਸਾਡੇ ਤਾਂ ਸਾਰੇ ਜੀਅ ਖੇਤਾਂ ਚੋਂ ਇੱਧਰੋਂ ਓਧਰੋਂ ਸਹੀ ਸਲਾਮਤ ਮਿਲ ਗਏ ਪਰ ਸਾਰੇ ਟੱਬਰ ਸ਼ਾਇਦ ਏਨੇ ਖੁਸ਼ਕਿਸਮਤ ਨਹੀਂ ਸਨ। ਦੋ ਬੰਦੇ ਟਰਾਲੀ ਹੀ ਦੱਬੇ ਗਏ ਅਤੇ ਕਈਆਂ ਦੇ ਹੱਡ ਗੋਡੇ ਤਿੜਕ ਗਏ।

ਰੱਬ ਦਾ ਸ਼ੁਕਰ ਹੈ ਕਿ ਅੱਜਕਲ੍ਹ ਚੀਨੀ ਖਿਡੌਣਿਆਂ ਦੀ ਚਕਾਚੌਂਧ ਵਿਚ ਪੁਰਾਣੇ ਟੀਨ ਦੇ ਛੁਣਕਣੇ ਕਿਧਰੇ ਗਵਾਚ ਗਏ ਹਨ ਪਰ ਜਦੋਂ ਵੀ ਕਿਸੇ ਜਿੱਦੀ ਕਿਸਮ ਦੇ ਬੰਦੇ ਨਾਲ ਵਾਹ ਪੈਂਦਾ ਹੈ ਤਾਂ ਦਿਲ ਦੇ ਕਿਸੇ ਕੋਨੇ ਵਿਚ ਪਈ ਉਹ ਪੁਰਾਣੀ ਛੁਣਕਣੇ ਵਾਲੀ ਚਾਬੀ ਚਮਕ ਮਾਰ ਹੀ ਜਾਂਦੀ ਹੈ।

* * *



# ਲੇਖਕ ਨਾਲ ਜਾਣ ਪਛਾਣ


| | |
|---|---|
| ਨਾਮ : | ਸਮਰਜੀਤ ਸਿੰਘ 'ਸ਼ਮੀ' |
| ਮਾਤਾ ਪਿਤਾ : | ਸ. ਸੁਰਿੰਦਰ ਸਿੰਘ ਅਤੇ ਸ੍ਰੀਮਤੀ ਚਰਨਜੀਤ ਕੌਰ |
| ਜਨਮ ਮਿਤੀ : | 30 ਸਤੰਬਰ 1971 |
| ਜਨਮ ਸਥਾਨ : | ਪਟਿਆਲਾ |
| ਵਿੱਦਿਅਕ ਯੋਗਤਾ : | ਐੱਮ. ਏ. ਪੰਜਾਬੀ, ਐੱਮ. ਏ. ਅੰਗਰੇਜ਼ੀ, ਬੀ. ਐੱਡ. |
| ਕਿੱਤਾ : | ਅਧਿਆਪਨ |

ਰੁਝਾਨ ਖੇਤਰ : ਅਧਿਆਪਨ, ਪੁਸਤਕਾਂ, ਇੰਟਰਨੈੱਟ, ਵੈੱਬ ਡਿਜ਼ਾਈਨਿੰਗ, ਸਾਫ਼ਟਵੇਅਰ ਮੁਲਾਂਕਣ, ਅਖ਼ਬਾਰਾਂ ਲਈ ਕਾਲਮ ਲਿਖਣਾ, ਖੋਜ ਕਾਰਜ, ਨਾਟਕ ਰਚਨਾ, ਸਮਾਜਿਕ ਚੇਤਨਾ ਆਦਿ।

ਪ੍ਰਕਾਸ਼ਨਾਵਾਂ : ਰੋਜ਼ਾਨਾ ਅਜੀਤ, ਪੰਜਾਬੀ ਟ੍ਰਿਬਿਊਨ ਵਿਚ ਅਨੇਕਾਂ ਸਾਹਿਤਕ, ਵਿੱਦਿਅਕ ਲੇਖ ਤੇ ਰਚਨਾਵਾਂ ਪ੍ਰਕਾਸ਼ਿਤ, ਇੰਟਰਨੈੱਟ ਉੱਤੇ ਪੰਜਾਬੀ ਤੇ ਅੰਗਰੇਜ਼ੀ ਵਿਚ ਬਲੌਗਿੰਗ।

| | |
|---|---|
| ਵੈੱਬਸਾਈਟ : | www.samarjeet.com |
| ਈ ਮੇਲ: | shammi@samarjeet.com |

Yahoo ID : smrjeet

ਮੌਜੂਦਾ ਪਤਾ : 1680 ਐੱਲ ਟੀ 3 ਸੈਕਟਰ 3, ਤਲਵਾੜਾ ਟਾਊਨਸ਼ਿਪ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ, ਪਿਨ ਕੋਡ : 144216

| | |
|---|---|
| ਫ਼ੋਨ: | 01883 236878 |
| ਫ਼ੈਕਸ : | 01883 237737 |
| ਮੋਬਾਇਲ : | 94173 55724 |